ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 20*Issue 11 Friday, January 15, 2021 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਸਿਆਸਤ ਤੋਂ ਸੰਨਿਆਸ ਲੈਣਗੇ ਨਵਦੀਪ ਬੈਂਸ, ਟਰੂਡੋ ਨੇ ਕੈਬਨਿਟ ਵਿਚ ਕੀਤਾ ਫੇਰਬਦਲ





ਓਟਵਾ, 14 ਜਨਵਰੀ (ਪੋਸਟ ਬਿਊਰੋ) : ਲੰਮੇਂ ਸਮੇਂ ਤੋਂ ਲਿਬਰਲ ਐਮਪੀ ਰਹੇ ਨਵਦੀਪ ਬੈਂਸ ਵੱਲੋਂ ਸਿਆਸਤ ਤੋਂ ਸੰਨਿਆਸ ਲੈਣ ਦਾ ਫੈਸਲਾ ਕੀਤੇ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਆਪਣੀ ਕੈਬਨਿਟ ਵਿੱਚ ਮਾਮੂਲੀ ਫੇਰਬਦਲ ਕੀਤੀ ਗਈ ਹੈ।

ਇਸ ਦੌਰਾਨ ਫਰੈਂਕੋਇਸ ਫਿਲਿਪ ਸ਼ੈਂਪੇਨ ਨੂੰ ਬੈਂਸ ਵਾਲਾ ਮੰਤਰਾਲਾ ਇਨੋਵੇਸ਼ਨ, ਸਾਇੰਸ ਤੇ ਇੰਡਸਟਰੀ ਦਿੱਤਾ ਗਿਆ ਹੈ ਜਦਕਿ ਸਾਬਕਾ ਟਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਨੂੰ ਵਿਦੇਸ਼ ਮੰਤਰੀ ਥਾਪਿਆ ਗਿਆ ਹੈ। ਟੋਰਾਂਟੋ ਤੋਂ ਐਮਪੀ ਓਮਰ ਅਲਘਬਰਾ ਨੂੰ ਟਰਾਂਸਪੋਰਟ ਮੰਤਰਾਲਾ ਸੌਂਪਿਆ ਗਿਆ ਹੈ। ਪਿਛਲੇ ਦਸ ਮਹੀਨਿਆਂ ਤੋਂ ਮਹਾਂਮਾਰੀ ਕਾਰਨ ਟਰੈਵਲ ਇੰਡਸਟਰੀ ਜਿੱਥੇ ਧਰਾਸ਼ਾਈ ਹੋਈ ਹੈ ਉੱਥੇ ਹੀ ਉਡਾਨਾਂ ਰੱਦ ਹੋਣ ਤੋਂ ਬਾਅਦ ਰੀਫੰਡ ਨੂੰ ਲੈ ਕੇ ਵੀ ਵਿਵਾਦ ਚੱਲ ਰਿਹਾ ਹੈ।

ਜਿੰਮ ਕਾਰ ਨੂੰ ਭਾਵੇਂ ਕੋਈ ਮੰਤਰਾਲਾ ਨਹੀਂ ਦਿੱਤਾ ਗਿਆ ਹੈ ਪਰ ਉਨ੍ਹਾਂ ਨੂੰ ਮੁੜ ਕੈਬਨਿਟ ਵਿੱਚ ਸ਼ਾਮਲ ਕਰ ਲਿਆ ਗਿਆ ਹੈ ਤੇ ਉਹ ਵਿਸ਼ੇਸ਼ ਤੌਰ ਉੱਤੇ ਪ੍ਰੇਰੀਜ਼ ਦੀ ਨੁਮਾਇੰਦਗੀ ਕਰਨਗੇ। ਇੰਟਰਨੈਸ਼ਨਲ ਟਰੇਡ ਡਾਇਵਰਸੀਫਿਕੇਸ਼ਨ ਲਈ ਸਾਬਕਾ ਮੰਤਰੀ ਰਹਿ ਚੁੱਕੇ ਜਿੰਮ ਕਾਰ ਨੇ ਬਲੱਡ ਕੈਂਸਰ ਕਾਰਨ ਅਕਤੂਬਰ 2019 ਵਿੱਚ ਆਪਣਾ ਅਹੁਦਾ ਛੱਡ ਦਿੱਤਾ ਸੀ।

ਮੰਗਲਵਾਰ ਸਵੇਰੇ ਪੋਸਟ ਕੀਤੇ ਗਏ ਇੱਕ ਵੀਡੀਓ ਮੈਸੇਜ ਵਿੱਚ ਬੈਂਸ ਨੇ ਆਖਿਆ ਕਿ ਛੇ ਚੋਣਾਂ ਤੋਂ ਬਾਅਦ, ਉਹ ਆਪਣਾ ਬਹੁਤਾ ਸਮਾਂ ਹੁਣ ਪਰਿਵਾਰ ਨਾਲ ਬਿਤਾਉਣਾ ਚਾਹੁੰਦੇ ਹਨ। ਮਿਸੀਸਾਗਾ, ਓਨਟਾਰੀਓ ਤੋਂ ਐਮਪੀ ਬੈਂਸ ਨੇ ਆਖਿਆ ਕਿ ਉਨ੍ਹਾਂ ਦੇ ਪਰਿਵਾਰ ਨੇ ਪਿਛਲੇ 17 ਸਾਲਾਂ ਵਿੱਚ ਕਈ ਬਲੀਦਾਨ ਦਿੱਤੇ ਹਨ। ਪਿਛਲਾ ਸਾਲ ਪਰਿਵਾਰਾਂ ਲਈ ਕਾਫੀ ਸਖ਼ਤ ਰਿਹਾ। ਉਨ੍ਹਾਂ ਆਖਿਆ ਕਿ 5ਵੀਂ ਤੇ 8ਵੀਂ ਕਲਾਸ ਵਿੱਚ ਪੜ੍ਹਨ ਵਾਲੀਆਂ ਉਨ੍ਹਾਂ ਦੀਆਂ ਧੀਆਂ ਨੂੰ ਪਿਛਲੇ ਸਾਲ ਉਨ੍ਹਾਂ ਦੀ ਕਾਫੀ ਕਮੀ ਮਹਿਸੂਸ ਹੋਈ ਤੇ ਉਨ੍ਹਾਂ ਨੂੰ ਆਪ ਵੀ ਉਨ੍ਹਾਂ ਦੀ ਕਮੀ ਖਲਦੀ ਰਹੀ। ਹੁਣ ਆਪਣੇ ਪਰਿਵਾਰ ਨੂੰ ਪਹਿਲ ਦੇਣ ਦਾ ਸਮਾਂ ਆ ਗਿਆ ਹੈ।

ਕੈਬਨਿਟ ਰਟਰੀਟ ਦਾ ਚਾਰ ਰੋਜ਼ਾ ਸੈਸ਼ਨ ਅਗਲੇ ਦੋ ਹਫਤਿਆਂ ਵਿੱਚ ਹੋਣ ਜਾ ਰਿਹਾ ਹੈ,ਇਸ ਦੌਰਾਨ ਸਾਰਾ ਧਿਆਨ ਇਸ ਪਾਸੇ ਦਿੱਤਾ ਜਾਵੇਗਾ ਕਿ ਮਹਾਂਮਾਰੀ ਨੂੰ ਨਿਯੰਤਰਿਤ ਕਰਨ ਲਈ ਹੋਰ ਕੀ ਕੀਤਾ ਜਾਣਾ ਚਾਹੀਦਾ ਹੈ। ਦੇਸ਼ ਭਰ ਵਿੱਚ ਕੋਵਿਡ-19 ਦੇ ਮਾਮਲਿਆਂ ਨੂੰ ਠੱਲ੍ਹ ਨਹੀਂ ਪੈ ਰਹੀ। ਇਸ ਦੇ ਨਾਲ ਹੀ ਆਰਥਿਕ ਰਿਕਵਰੀ ਤੋਂ ਇਲਾਵਾ ਲਿਬਰਲ ਸਰਕਾਰ ਵੱਲੋਂ ਕਲਾਈਮੇਟ ਚੇਂਜ,ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ, ਕਿਫਾਇਤੀ ਘਰ, ਸਕਿੱਲਜ਼ ਟਰੇਨਿੰਗ ਤੇ ਨੈਸ਼ਨਲ ਚਾਈਲਡ ਕੇਅਰ ਪ੍ਰੋਗਰਾਮ ਸਬੰਧੀ ਯੋਜਨਾਵਾਂ ਵਿੱਚ ਬਿਲੀਅਨ ਡਾਲਰ ਦਾ ਨਿਵੇਸ਼ ਕਰਨ ਉੱਤੇ ਵੀ ਧਿਆਨ ਕੇਂਦਰਿਤ ਕੀਤਾ ਜਾਵੇਗਾ।

ਇਹ ਰਟਰੀਟ ਉਸ ਸਮੇਂ ਹੋਣ ਜਾ ਰਹੀ ਹੈ ਜਦੋਂ ਸਰਕਾਰ 25 ਜਨਵਰੀ ਤੋਂ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਕਰਨ ਜਾ ਰਹੀ ਹੈ। ਮਹਾਂਮਾਰੀ ਕਾਰਨ ਸਾਰੀਆਂ ਪਾਰਟੀਆਂ ਵੱਲੋਂ ਇੱਕ ਦੂਜੇ ਨਾਲ ਸਹਿਯੋਗ ਕੀਤਾ ਗਿਆ ਹੈ ਤੇ ਇਸ ਦਰਮਿਆਨ ਟਰੂਡੋ ਦੀ ਅਗਵਾਈ ਵਾਲੀ ਘੱਟ ਗਿਣਤੀ ਸਰਕਾਰ ਵੀ ਬਿਨਾਂ ਕਿਸੇ ਗੰਭੀਰ ਚੁਣੌਤੀ ਦੇ ਬਚਦੀ ਬਚਾਉਂਦੀ ਇੱਥੋਂ ਤੱਕ ਪਹੁੰਚ ਗਈ। ਪਰ ਪਿਛਲੇ ਸਾਲ ਦੇ ਅੰਤ ਤੱਕ ਭਾਈਵਾਲੀ ਦੀ ਭਾਵਨਾਂ ਕਾਫੀ ਹੱਦ ਤੱਕ ਗੰਧਲਾ ਗਈ ਤੇ ਇਸ ਸਾਲ ਤਾਂ ਇਸ ਦੇ ਉੱਕਾ ਹੀ ਮੁੱਕ ਜਾਣ ਦੀ ਸੰਭਾਵਨਾ ਹੈ। ਇਹ ਵੀ ਕਿਆਫੇ ਲਾਏ ਜਾ ਰਹੇ ਹਨ ਕਿ ਸਰਕਾਰ ਵੱਲੋਂ ਬਜਟ ਪੇਸ਼ ਕੀਤੇ ਜਾਣ ਨਾਲ ਹੀ ਵੱਡੇ ਘਾਟੇ ਦਾ ਖੁਲਾਸਾ ਹੋਵੇਗਾ, ਜਿਸ ਨਾਲ ਸਰਕਾਰ ਨੂੰ ਖਤਰਾ ਖੜ੍ਹਾ ਹੋ ਸਕਦਾ ਹੈ। ਇਹ ਰਟਰੀਟ ਪੂਰੀ ਤਰ੍ਹਾਂ ਵਰਚੂਅਲ ਹੋਵੇਗੀ।













# ਐਡਮਿਰਲ ਮੈਕਡੌਨਲਡ ਨੇ ਕੈਨੇਡਾ ਦੇ ਨਵੇਂ ਚੀਫ ਆਫ ਦ ਡਿਫੈਂਸ ਸਟਾਫ ਵਜੋਂ ਚੁੱਕੀ ਸੰਹੁ

ਓਟਵਾ, 14 ਜਨਵਰੀ (ਪੋਸਟ ਬਿਊਰੋ) : ਐਡਮਿਰਲ ਆਰਟ ਮੈਕਡੌਨਲਡ ਨੇ ਕੈਨੇਡਾ ਦੇ ਨਵੇਂ ਚੀਫ ਆਫ ਦ ਡਿਫੈਂਸ ਸਟਾਫ ਵਜੋਂ ਆਪਣੇ ਪਹਿਲੇ ਸੰਬੋਧਨ



ਵਿੱਚ ਵੀਰਵਾਰ ਨੂੰ ਪੱਖਪਾਤ ਜਾਂ ਸੇਵਾ ਨਿਭਾਉਂਦਿਆਂ ਹੈਰਾਸਮੈਂਟ ਦਾ ਸਾਹਮਣਾ ਕਰਨ ਵਾਲੇ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ ਮੈਂਬਰਾਂ ਤੋਂ ਮੁਆਫੀ ਮੰਗੀ।

...ਬਾਕੀ ਪੰਨਾ 5 'ਤੇ

# ਗਾਉਂਦਾ ਪੰਜਾਬ ਦੇ ਮਾਲਕ ਜੁਗਿੰਦਰ ਬਾਸੀ ਕਿਸਾਨੀ ਸੰਘਰਸ਼ ਵਿਚ ਪਾਉਣਗੇ 1 ਕਰੋੜ ਰੁਪਏ ਦਾ ਯੋਗਦਾਨ

ਟੋਰਾਂਟੋ, 14 ਜਨਵਰੀ (ਪੋਸਟ ਬਿਊਰੋ)- ਟੋਰਾਂਟੋ ਤੋਂ ਚੱਲਦੇ 1610 ਏ ਐੱਮ ਰੇਡੀਓ ਅਤੇ ਗਾਉਂਦਾ ਪੰਜਾਬ ਆਈਪੀ ਟੀਵੀ ਦੇ ਮਾਲਕ ਜੁਗਿੰਦਰ ਸਿੰਘ ਬਾਸੀ ਤੇ ਮੈਨੇਜਰ ਗੁਰਭੇਜ ਸਿੰਘ ਸਿੱਧੂ ਵਲੋਂ ਕੈਨੇਡਾ ਅਤੇ ਅਮਰੀਕਾ ਵਾਸੀ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਦਿੱਲੀ 'ਚ ਚੱਲ ਰਹੇ ਕਿਸਾਨੀ ਸੰਘਰਸ਼ ਵਿਚ ਆਪਣੀਆਂ ਜਾਨਾਂ ਗਵਾਉਣ ਵਾਲੇ ਤੇ ਅਪਾਹਜ ਹੋ ਗਏ ਕਿਸਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਆਰਥਿਕ ਮਦਦ ਲਈ ਇਕ ਕਰੋੜ ਰੁਪਏ (ਲਗਪਗ ਪੌਣੇ ਦੋ ਲੱਖ



ਕੈਨੇਡੀਅਨ ਡਾਲਰ) ਦੀ ਰਾਸ਼ੀ ਦਿੱਤੀ ਗਈ ਹੈ। ਜੁਗਿੰਦਰ ਬਾਸੀ ਨੇ ਕਿਹਾ ਕਿ ਇਹ ਰਕਮ 'ਗਾਉਂਦਾ ਪੰਜਾਬ' ਰੇਡੀਓ ਅਤੇ ਟੈਲੀਵਿਜ਼ਨ ਦੇ ਪ੍ਰੋਗਰਾਮ ਦੇ ਸਰੋਤਿਆਂ ਦੇ ਸਹਿਯੋਗ ਨਾਲ ਇਕੱਠੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਦਾ ਪੰਜਾਬੀ ਭਾਈਚਾਰਾ ਸੰਘਰਸ਼ ਕਰ ਰਹੇ ਕਿਸਾਨਾਂ ਦੀ ਹਰ ਸੰਭਵ ਮੱਦਦ ਕਰਨ ਲਈ ਯਤਨਸ਼ੀਲ ਹੈ। ਪੀੜਤਾਂ ਦੀ ਅਧਿਕਾਰਤ ਸੂਚੀ ਪੰਜਾਬ ਸਰਕਾਰ ਤੋਂ ਲੈਣ ਲਈ ਮੁੱਖ ਮੰਤਰੀ ਕੈ. ਅਮਰਿੰਦਰ ਸਿੰਘ ਦੇ ਸਲਾਹਕਾਰ ਰਵੀਨ ਠੁਕਰਾਲ ਨਾਲ ਗੱਲਬਾਤ ਹੋ ਚੁੱਕੀ ਹੈ। ਬਾਸੀ ਨੇ ਦੱਸਿਆ ਕਿ ਸੰਘਰਸ਼ ਵਿਚ ਜਾਨ ਗਵਾਉਣ ਵਾਲੇ ਕਿਸਾਨ ਦੇ ਪਰਿਵਾਰ ਨੂੰ 1 ਲੱਖ ਰੁਪਏ ਅਤੇ ਅੰਗਹੀਣ ਹੋ ਗਏ ਕਿਸਾਨ ਨੂੰ 50000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance • Super Visa Insurance • Critical illness Ins • Mortgage Insurance • Travel & Visitor Ins • Disability Insurance • RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit • LMIA / Work permit • Permanent Residency • Family Sponsorship • Nanny • Visitor Visa • Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1

Law Office of Aman Sharma
Real Estate • Commercial Lease • Business Purchase & Sale • Notarizations & Affidavits • Wills & Power Of Attorney
Fax: 905-913-2344 Tel: 905-913-2355 Aman Sharma
25 Cherrycrest Drive, Unit # 6 Brampton, ON, L6P 3W4 Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH DIRECTOR Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

# ਕੈਪੀਟਲ ਹਿੱਲ ਉੱਤੇ ਹਮਲੇ ਤੋਂ ਪਹਿਲਾਂ ਸੱਜੇ ਪੱਖੀ ਸ਼ਖਸੀਅਤਾਂ ਨੂੰ ਹਾਸਲ ਹੋਈ ਸੀ ਬਿਟਕੌਇਨ ਪੇਅਮੈਂਟ !




ਵਾਸ਼ਿੰਗਟਨ, 14 ਜਨਵਰੀ (ਪੋਸਟ ਬਿਊਰੋ) : ਬੀਤੇ ਦਿਨੀਂ ਯੂਐਸ ਕੈਪੀਟਲ ਉੱਤੇ ਟਰੰਪ ਸਮਰਥਕਾਂ ਵੱਲੋਂ ਬੋਲੇ ਗਏ ਧਾਵੇ ਬਾਰੇ ਕਈ ਹੋਰ ਖੁਲਾਸੇ ਹੋ ਰਹੇ ਹਨ। ਕ੍ਰਿਪਟੋਕਰੰਸੀ ਕੰਪਲਾਇੰਸ ਸਟਾਰਟਅੱਪ ਚੇਨੈਲੇਸਿਜ਼ ਨੇ ਖੁਲਾਸਾ ਕੀਤਾ ਕਿ 500, 000 ਡਾਲਰ ਤੋਂ ਵੀ ਵੱਧ ਦੀ ਅਦਾਇਗੀ ਬਿਟਕੌਇਨ ਦੇ ਰੂਪ ਵਿੱਚ 22 ਵੱਖ ਵੱਖ ਵਰਚੂਅਲ ਵਾਲੈਟਸ ਨੂੰ ਕੀਤੀ ਗਈ। ਇਨ੍ਹਾਂ ਵਿੱਚੋਂ ਬਹੁਤੇ ਵਾਲੈਟਸ ਸੱਜੇ ਪੱਖੀ ਕਾਰਕੁੰਨਾਂ ਤੇ ਇੰਟਰਨੈਟ ਸ਼ਖਸੀਅਤਾਂ ਨਾਲ ਸਬੰਧਤ ਹਨ।

ਇਹ ਅਦਾਇਗੀ, ਜੋ ਕਿ 28.15 ਬਿਟਕੌਇਨਜ਼ ਸੀ, 8 ਦਸੰਬਰ ਨੂੰ ਕਿਸੇ ਫਰੈਂਚ ਡੋਨਰ ਵੱਲੋਂ ਕੀਤੀ ਗਈ। ਇਸ ਦਾ ਖੁਲਾਸਾ ਨਿਊ ਯੌਰਕ ਸਥਿਤ ਸਟਾਰਟਅੱਪ, ਜੋ ਕਿ ਮਨੀ ਲਾਂਡਰਿੰਗ ਤੇ ਡਿਜੀਟਲ ਕਰੰਸੀ ਦੇ ਸਬੰਧ ਵਿੱਚ ਹੋਣ ਵਾਲੇ ਫਰਾਡ ਨੂੰ ਫੜ੍ਹਨ ਵਿੱਚ ਮਹਾਰਤ ਰੱਖਦਾ ਹੈ, ਨੇ ਆਪਣੇ ਬਲੌਗ ਪੋਸਟ ਵਿੱਚ ਕੀਤਾ।

ਚੇਨੈਲੇਸਿਜ਼ ਨੇ ਆਖਿਆ ਕਿ ਉਨ੍ਹਾਂ ਕੋਲ ਇਸ ਗੱਲ ਦੇ ਸਬੂਤ ਹਨ ਕਿ ਕਈ ਸੱਜੇ ਪੱਖੀ ਗਰੁੱਪਜ਼ ਤੇ ਸ਼ਖਸੀਅਤਾਂ ਨੂੰ ਵੱਡੀ ਪੱਧਰ ਉੱਤੇ ਬਿਟਕੌਇਨ ਡੋਨੇਸ਼ਨਜ਼ ਇੱਕੋ ਟਰਾਂਜ਼ੈਕਸ਼ਨ ਰਾਹੀਂ ਹਾਸਲ ਹੋਈਆਂ। ਨਿੱਕ ਫਿਊਨਟੇਸ, ਜਿਸ ਨੂੰ ਪਿਛਲੇ ਸਾਲ ਹੇਟ ਸਪੀਚ ਲਈ ਸਥਾਈ ਤੌਰ ਉੱਤੇ ਯੂ ਟਿਊਬ ਤੋਂ ਸਸਪੈਂਡ ਕਰ ਦਿੱਤਾ ਗਿਆ ਸੀ, ਨੂੰ 13.5 ਬਿਟਕੌਇਨਜ਼ ਹਾਸਲ ਹੋਏ, ਜਿਨ੍ਹਾਂ ਦੀ ਟਰਾਂਸਫਰ ਸਮੇਂ ਕੀਮਤ 250,000 ਡਾਲਰ ਸੀ। ਉਸ ਨੂੰ ਇਸ ਡੋਨੇਸ਼ਨ ਦਾ ਸੱਭ ਤੋਂ ਵੱਡਾ ਬੈਨੇਫਿਸ਼ਰੀ ਮੰਨਿਆਂ ਜਾ ਰਿਹਾ ਹੈ।

# ਕੁੱਝ ਹੋਰ ਸਾਲਾਂ ਲਈ ਦੇਸ਼ ਤੇ ਲੋਕਾਂ ਦੀ ਸੇਵਾ ਕਰਨੀ ਚਾਹੁੰਦੇ ਹਨ ਟਰੂਡੋ

## ਵੈਕਸੀਨ ਪਾਸਪੋਰਟ ਦੇ ਆਈਡੀਆ ਨੂੰ ਅਮਲ ਵਿੱਚ ਲਿਆਉਣ ਤੋਂ ਕੀਤਾ ਇਨਕਾਰ



ਓਟਵਾ, 14 ਜਨਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਵਿੱਖ ਦੀ ਆਪਣੀ ਯੋਜਨਾ ਦਾ ਖੁਲਾਸਾ ਕਰਦਿਆਂ ਆਖਿਆ ਕਿ ਉਹ ਆਉਣ ਵਾਲੇ ਕੁੱਝ ਹੋਰ ਸਾਲਾਂ ਤੱਕ ਕੈਨੇਡੀਅਨਾਂ ਦੀ ਸੇਵਾ ਕਰਨੀ ਚਾਹੁੰਦੇ ਹਨ ਪਰ ਉਹ ਇਹ ਦੱਸਣ ਤੋਂ ਟਾਲਾ ਵੱਟ ਗਏ ਕਿ ਉਨ੍ਹਾਂ ਦਾ ਜਾਨਸ਼ੀਨ ਕੌਣ ਹੋਵੇਗਾ।

ਰਾਇਟਰਜ਼ ਨੈਕਸਟ ਕਾਨਫਰੰਸ ਵਿੱਚ ਗੱਲ ਕਰਦਿਆਂ ਟਰੂਡੋ ਨੇ ਇਹ ਵੀ ਆਖਿਆ ਕਿ ਉਹ ਇਸ ਗੱਲ ਦੇ ਖਿਲਾਫ ਹਨ ਕਿ ਲੋਕਾਂ ਨੂੰ ਕੋਵਿਡ-19 ਸਬੰਧੀ ਲਵਾਈ ਗਈ ਵੈਕਸੀਨੇਸ਼ਨ ਦਾ ਡਿਜੀਟਲ ਸਬੂਤ (ਵੈਕਸੀਨ ਪਾਸ-ਪੋਰਟ) ਆਪਣੇ ਨਾਲ ਲੈ ਕੇ ਫਿਰਨਾ ਪਵੇ। ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਹਾਊਸ ਆਫ ਕਾਮਨਜ਼ ਵਿੱਚ ਘੱਟਗਿਣਤੀ ਹੈ, ਜਿਸ ਤੋਂ ਭਾਵ ਇਹ ਹੈ ਕਿ ਉਨ੍ਹਾਂ ਨੂੰ ਸਰਕਾਰ ਚਲਾਉਣ ਲਈ ਵਿਰੋਧੀ ਧਿਰ ਦੇ ਸਹਾਰੇ ਦੀ ਲੋੜ ਹੈ ਤੇ ਉਨ੍ਹਾਂ ਨੂੰ ਕਦੇ ਵੀ ਗੱਦੀਓਂ ਉਤਾਰਿਆ ਜਾ ਸਕਦਾ ਹੈ।

ਸੀਨੀਅਰ ਲਿਬਰਲ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਸਾਲ ਕਦੇ ਵੀ ਚੋਣਾਂ ਹੋਣ ਦੀ ਉਮੀਦ ਹੈ। ਕੁੱਝ ਕੁ ਸਿਆਸਤਦਾਨ ਤਾਂ ਪ੍ਰਾਈਵੇਟ ਤੌਰ ਉੱਤੇ ਇਹ ਸਵਾਲ ਵੀ ਕਰਦੇ ਹਨ ਕਿ ਟਰੂਡੋ ਕਿੰਨੀ ਦੇਰ ਤੱਕ ਸੱਤਾ ਉੱਤੇ ਕਾਬਜ ਰਹਿਣਾ ਚਾਹੁੰਦੇ ਹਨ। 49 ਸਾਲਾ ਟਰੂਡੋ ਦੇ ਤਿੰਨ ਬੱਚੇ ਹਨ ਜੋ ਅਜੇ ਸਕੂਲ ਜਾਂਦੇ ਹਨ। ਉਹ ਸੱਭ ਤੋਂ ਪਹਿਲਾਂ ਨਵੰਬਰ 2015 ਵਿੱਚ ਪ੍ਰਧਾਨ ਮੰਤਰੀ ਬਣੇ ਤੇ ਕੋਵਿਡ-19 ਸੰਕਟ ਕਾਰਨ ਉਹ ਕਈ ਵਾਰੀ ਕਾਫੀ ਪਰੇਸ਼ਾਨ ਵੀ ਨਜ਼ਰ ਆਏ। ਉਨ੍ਹਾਂ ਇਹ ਸਵੀਕਾਰ ਕੀਤਾ ਕਿ ਮਹਾਂਮਾਰੀ ਨਾਲ ਸਿੱਝਣਾ ਕਾਫੀ ਔਖਾ ਕੰਮ ਹੈ ਪਰ ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਹਾਲ ਦੀ ਘੜੀ ਆਪਣਾ ਅਹੁਦਾ ਛੱਡਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ।

ਵੀਰਵਾਰ ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਉਨ੍ਹਾਂ ਆਖਿਆ ਕਿ ਅਜੇ ਉਹ ਕੁੱਝ ਹੋਰ ਸਾਲਾਂ ਲਈ ਦੇਸ਼ ਤੇ ਕੈਨੇਡੀਅਨਾਂ ਦੀ ਵੀ ਸੇਵਾ ਕਰਨੀ ਚਾਹੁੰਦੇ ਹਨ। ਇੱਥੇ ਦੱਸਣਾ ਬਣਦਾ ਹੈ ਕਿ ਟਰੂਡੋ ਆਪਣੀ ਨੇੜਲੀ ਸਹਿਯੋਗੀ ਕ੍ਰਿਸਟੀਆ ਫਰੀਲੈਂਡ ਉੱਤੇ ਕਾਫੀ ਭਰੋਸਾ ਕਰਦੇ ਹਨ। ਇਸ ਸਮੇਂ ਫਰੀਲੈਂਡ ਫਾਇਨਾਂਸ ਮੰਤਰੀ ਤੇ ਡਿਪਟੀ ਪ੍ਰਧਾਨ ਮੰਤਰੀ ਦਾ ਅਹੁਦਾ ਬਾਖੂਬੀ ਸਾਂਭ ਰਹੀ ਹੈ। ਲਿਬਰਲਾਂ ਦੇ ਅੰਦਰੂਨੀ ਮਾਮਲਿਆਂ ਦੀ ਜਾਣਕਾਰੀ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਇਸ ਨਾਲ ਫਰੀਲੈਂਡ ਭਵਿੱਖ ਵਿੱਚ ਲੀਡਰਸ਼ਿਪ ਦੌੜ ਵਿੱਚ ਮੋਹਰੀ ਭੂਮਿਕਾ ਵਿੱਚ ਨਜ਼ਰ ਆ ਸਕਦੀ ਹੈ।

ਲਿਬਰਲ ਸਰਕਾਰ ਕੈਨੇਡਾ ਦੇ ਲੋਕਾਂ ਤੇ ਕਾਰੋਬਾਰਾਂ ਦੀ ਮਦਦ ਲਈ ਕੋਵਿਡ-19 ਦੌਰਾਨ 200 ਬਿਲੀਅਨ ਡਾਲਰ ਤੋਂ ਵੀ ਵੱਧ ਖਰਚ ਚੁੱਕੀ ਹੈ ਤੇ ਓਟਵਾ ਅਗਲੇ ਕੁੱਝ ਸਾਲਾਂ ਵਿੱਚ ਅਰਥਚਾਰੇ ਨੂੰ ਲੀਹ ਉੱਤੇ ਲਿਆਉਣ ਲਈ 100 ਬਿਲੀਅਨ ਡਾਲਰ ਹੋਰ ਖਰਚਣ ਦੀ ਯੋਜਨਾ ਬਣਾ ਰਿਹਾ ਹੈ।

# ਓਨਟਾਰੀਓ ਭਰ ਵਿੱਚ ਆਨਲਾਈਨ ਲਰਨਿੰਗ ਲਈ ਦਬਾਅ ਪਾ ਰਹੀਆਂ ਹਨ ਯੂਨੀਅਨਾਂ



ਓਨਟਾਰੀਓ, 14 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ ਦੀ ਸਟੇਟ ਆਫ ਐਮਰਜੰਸੀ ਦੌਰਾਨ ਓਨਟਾਰੀਓ ਦੇ ਕੈਥੋਲਿਕ ਸਕੂਲ ਬੋਰਡਜ਼ ਦੇ ਅਧਿਆਪਕਾਂ ਦੀ ਅਗਵਾਈ ਕਰਨ ਵਾਲੀ ਯੂਨੀਅਨ ਵੱਲੋਂ ਪ੍ਰੋਵਿੰਸ ਭਰ ਵਿੱਚ ਆਨਲਾਈਨ ਲਰਨਿੰਗ ਹੀ ਜਾਰੀ ਰੱਖਣ ਦੀ ਮੰਗ ਕੀਤੀ ਜਾ ਰਹੀ ਹੈ।

ਓਨਟਾਰੀਓ ਇੰਗਲਿਸ਼ ਕੈਥੋਲਿਕ ਟੀਚਰਜ਼ ਐਸੋਸਿਏਸ਼ਨ ਦੇ ਹੈੱਡ ਵੱਲੋਂ ਜਾਰੀ ਬਿਆਨ ਵਿੱਚ ਵੀ ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ ਦੀ ਹਮਾਇਤ ਹੀ ਕੀਤੀ ਗਈ ਹੈ। ਓਈਸੀਟੀਏ ਦੀ ਪ੍ਰੈਜ਼ੀਡੈਂਟ ਲਿਜ਼ ਸਟੀਵਾਰਟ ਦਾ ਕਹਿਣਾ ਹੈ ਕਿ ਪ੍ਰੋਵਿੰਸ ਦਾ ਮੌਜੂਦਾ ਪਲੈਨ, ਜਿਸ ਤਹਿਤ 10 ਫਰਵਰੀ ਤੱਕ ਪ੍ਰੋਵਿੰਸ ਦੇ ਸੱਭ ਤੋਂ ਵੱਧ ਪ੍ਰਭਾਵਿਤ ਇਲਾਕਿਆਂ ਵਿੱਚ ਰੀਮੋਟ ਲਰਨਿੰਗ ਨੂੰ ਵਧਾ ਦਿੱਤਾ ਗਿਆ ਹੈ, ਪ੍ਰੀਮੀਅਰ ਡੱਗ ਫੋਰਡ ਦੇ ਉਸ ਦਾਅਵੇ ਨਾਲ ਮੇਲ ਨਹੀਂ ਖਾਂਦਾ ਜਿਸ ਵਿੱਚ ਇਹ ਆਖਿਆ ਗਿਆ ਹੈ ਕਿ ਕੋਵਿਡ-19 ਸੰਕਟ ਪ੍ਰੋਵਿੰਸ ਪੱਧਰ ਵਿੱਚ ਇੱਕੋ ਜਿਹਾ ਹੈ।

ਜਿਵੇਂ ਕਿ ਇਨ੍ਹਾਂ ਹੁਕਮਾਂ ਵਿੱਚ ਆਖਿਆ ਗਿਆ ਹੈ ਕਿ ਪੰਜ ਸੱਭ ਤੋਂ ਪ੍ਰਭਾਵਿਤ ਹਿੱਸਿਆਂ ਤੋਂ ਬਾਹਰ ਦੱਖਣੀ ਹਿੱਸਿਆਂ ਵਿੱਚ ਰਹਿ ਰਹੇ ਵਿਦਿਆਰਥੀਆਂ ਨੂੰ 25 ਜਨਵਰੀ ਤੋਂ ਆਪਣੀਆਂ ਕਲਾਸਾਂ ਵਿੱਚ ਪਰਤਣਾ ਹੋਵੇਗਾ। ਉੱਤਰੀ ਓਨਟਾਰੀਓ ਵਿੱਚ ਬਹੁਤੇ ਸਕੂਲ ਹਫਤੇ ਦੇ ਸ਼ੁਰੂ ਹੋਣ ਨਾਲ ਖੁੱਲ੍ਹ ਜਾਣਗੇ। ਸਟੀਵਾਰਟ ਦਾ ਕਹਿਣਾ ਹੈ ਕਿ ਯੂਨੀਅਨ ਇਹ ਸਮਝਦੀ ਹੈ ਕਿ ਆਨਲਾਈਨ ਲਰਨਿੰਗ ਨਾਲ ਵਿਦਿਆਰਥੀਆਂ, ਪਰਿਵਾਰਾਂ ਤੇ ਸਕੂਲ ਸਟਾਫ ਉੱਤੇ ਕਾਫੀ ਬੋਝ ਪਿਆ ਹੈ ਪਰ ਕੋਵਿਡ-19 ਦੇ ਮਾਮਲੇ ਐਨੇ ਜ਼ਿਆਦਾ ਹੋਣ ਦੇ ਚੱਲਦਿਆਂ ਕਿਸੇ ਦਾ ਕਲਾਸਾਂ ਵਿੱਚ ਪਰਤਣਾ ਵੀ ਸੇਫ ਨਹੀਂ ਹੈ।

# ਕੋਵਿਡ-19 ਟੀਕਾਕਰਣ ਦੇ ਦੂਜੇ ਗੇੜ ਵਿੱਚ ਹਰ ਹਫਤੇ ਡਲਿਵਰ ਕੀਤੀ ਜਾਵੇਗੀ 1 ਮਿਲੀਅਨ ਤੋਂ ਵੀ ਵੱਧ ਡੋਜ਼ : ਫੋਰਟਿਨ



ਓਟਵਾ, 14 ਜਨਵਰੀ (ਪੋਸਟ ਬਿਊਰੋ) : ਅਪਰੈਲ ਵਿੱਚ ਜਦੋਂ ਕੈਨੇਡਾ ਨੈਸ਼ਨਲ ਮਾਸ ਕੋਵਿਡ-19 ਇਮਿਊਨਾਈਜ਼ੇਸ਼ਨ ਦੇ ਦੂਜੇ ਗੇੜ ਵਿੱਚ ਦਾਖਲ ਹੋਵੇਗਾ ਤਾਂ ਫੈਡਰਲ ਅਧਿਕਾਰੀਆਂ ਨੂੰ ਹਰ ਹਫਤੇ ਦੇ ਹਿਸਾਬ ਨਾਲ ਮਨਜ਼ੂਰਸ਼ੁਦਾ ਵੈਕਸੀਨ ਦੀ ਇੱਕ ਮਿਲੀਅਨ ਤੋਂ ਵੀ ਵੱਧ ਡੋਜ਼ ਹਾਸਲ ਹੋਵੇਗੀ।

ਮੇਜਰ ਜਨਰਲ ਡੈਨੀ ਫੋਰਟਿਨ, ਜੋ ਕਿ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਤੋਂ ਵੈਕਸੀਨ ਦੀ ਵੰਡ ਦੀ ਨਿਗਰਾਨੀ ਤੇ ਅਗਵਾਈ ਕਰ ਰਹੇ ਹਨ, ਨੇ ਕੌਮੀ ਪੱਧਰ ਉੱਤੇ ਜਾਰੀ ਇਸ ਵੈਕਸੀਨ ਕੈਂਪੇਨ ਨੂੰ ਰੈਂਪ ਅੱਪ ਫੇਜ਼ ਦੱਸਿਆ। ਉਨ੍ਹਾਂ ਆਖਿਆ ਕਿ ਇਸ ਦੌਰਾਨ ਹੀ ਆਮ ਜਨਤਾ ਨੂੰ ਵੈਕਸੀਨ ਲਾਏ ਜਾਣ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ। ਇੱਕ ਕਿਆਫੇ ਮੁਤਾਬਕ ਅਪਰੈਲ ਅਤੇ ਜੂਨ ਦਰਮਿਆਨ ਕੈਨੇਡਾ ਨੂੰ 20 ਮਿਲੀਅਨ ਡੋਜ਼ਾਂ ਹਾਸਲ ਹੋਣ ਦੀ ਸੰਭਾਵਨਾ ਹੈ। ਫੋਰਟਿਨ ਨੇ ਆਖਿਆ ਕਿ ਇਸ ਦੌਰਾਨ ਕੋਲਡ ਚੇਨ ਸਟੋਰੇਜ ਤੇ ਹੋਰ ਸਪਲਾਈ ਜਿਵੇਂ ਕਿ ਨੀਡਲਜ਼ ਤੇ ਬੈਂਡੇਜ ਆਦਿ ਉਪਲਬਧ ਕਰਵਾਇਆ ਜਾਣਾ ਵੀ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਏਜੰਸੀ ਵਿਖੇ ਲਾਜਿਸਟਿਕਸ ਪਲੈਨਿੰਗ ਟੀਮ ਫੈਡਰਲ, ਪ੍ਰੋਵਿੰਸ਼ੀਅਲ, ਟੈਰੇਟੋਰੀਅਲ ਤੇ ਇੰਡੀਜੀਨਸ ਭਾਈਵਾਲਾਂ ਨਾਲ ਰਲ ਕੇ ਪ੍ਰੋਵਿੰਸਾਂ ਤੇ ਟੈਰੇਟਰੀਜ਼ ਵਿੱਚ ਇਮਿਊਨਾਈਜ਼ੇਸ਼ਨ ਦੀ ਉਪਲਬਧਤਾ ਤੇ ਇਮਿਊਨਾਈਜ਼ੇਸ਼ਨ ਸਮਰੱਥਾ ਦਰਮਿਆਨ ਤਾਲਮੇਲ ਬਿਠਾਉਣ ਦਾ ਕੰਮ ਕਰ ਰਹੀ ਹੈ।

ਫੋਰਟਿਨ ਨੇ ਅੱਗੇ ਆਖਿਆ ਕਿ ਉਨ੍ਹਾਂ ਨੂੰ ਪੱਕਾ ਯਕੀਨ ਹੈ ਕਿ ਜਦੋਂ ਐਨੀ ਵੱਡੀ ਮਾਤਰਾ ਵਿੱਚ ਡੋਜ਼ਾਂ ਹਾਸਲ ਹੋਣੀਆਂ ਸ਼ੁਰੂ ਹੋ ਜਾਣਗੀਆਂ ਤਾਂ ਪ੍ਰੋਵਿੰਸ ਤੇ ਟੈਰੇਟਰੀਜ਼ ਵੀ ਲੋਕਾਂ ਨੂੰ ਵੱਡੀ ਪੱਧਰ ਉੱਤੇ ਵੈਕਸੀਨੇਟ ਕਰਨ ਲਈ ਤਿਆਰ ਹੋਣਗੇ। ਉਨ੍ਹਾਂ ਆਖਿਆ ਕਿ ਜਲਦ ਹੀ ਦੂਜੇ ਪੜਾਅ ਦੇ ਸਬੰਧ ਵਿੱਚ ਵਾਧੂ ਯੋਜਨਾਬੰਦੀ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨਾਲ ਸਾਂਝੀ ਕੀਤੀ ਜਾਵੇਗੀ।

# ਸਕਾਰਬੌਰੋ ਦੇ ਵਾਰਡ 22 ਵਿੱਚ ਨਿਰਧਾਰਤ ਸ਼ਡਿਊਲ ਮੁਤਾਬਕ ਹੀ ਹੋਵੇਗੀ ਜ਼ਿਮਨੀ ਚੋਣ




ਸਕਾਰਬੌਰੋ, 14 ਜਨਵਰੀ (ਪੋਸਟ ਬਿਊਰੋ) : ਵਾਰਡ 22 ਦੇ ਨਵੇਂ ਕਾਊਂਸਲਰ ਦੀ ਭਾਲ ਕਰਨ ਲਈ ਕਰਵਾਈਆਂ ਜਾਣ ਵਾਲੀਆਂ ਜ਼ਿਮਨੀ ਚੋਣ ਪ੍ਰੋਵਿੰਸ ਪੱਧਰ ਵਿੱਚ ਸਟੇਅ ਐਟ ਹੋਮ ਆਰਡਰ ਜਾਰੀ ਹੋਣ ਦੇ ਬਾਵਜੂਦ ਆਪਣੇ ਨਿਰਧਾਰਤ ਸ਼ਡਿਊਲ ਦੇ ਹਿਸਾਬ ਨਾਲ ਹੀ ਹੋਣਗੀਆਂ।

ਸਾਬਕਾ ਕਾਊਂਸਲਰ ਜਿੰਮ ਕਿਰਿਯਾਨਿਸ ਨੂੰ ਚੋਣਾਂ ਵਿੱਚ ਹੱਦੋਂ ਵੱਧ ਖਰਚਾ ਕੀਤੇ ਜਾਣ ਕਾਰਨ ਆਫਿਸ ਤੋਂ ਬਾਹਰ ਕਰ ਦਿੱਤਾ ਗਿਆ ਸੀ। ਉਨ੍ਹਾਂ ਨੂੰ ਬਦਲਣ ਲਈ ਹੀ ਇਸ ਸਾਲ ਜ਼ਿਮਨੀ ਚੋਣਾਂ ਯੋਜਨਾ ਮੁਤਾਬਕ ਹੀ ਸਿਰੇ ਚੜ੍ਹਾਈਆਂ ਜਾਣਗੀਆਂ। ਸਕਾਰਬੌਰੋ-ਐਗਿਨਕੋਰਟ ਵਿੱਚ ਸ਼ੁੱਕਰਵਾਰ ਨੂੰ ਵੋਟਰ ਆਪਣੇ ਨਵੇਂ ਕਾਊਂਸਲਰ ਦੀ ਚੋਣ ਕਰਨਗੇ। ਇਸ ਅਹੁਦੇ ਲਈ 27 ਉਮੀਦਵਾਰ ਮੈਦਾਨ ਵਿੱਚ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਓਨਟਾਰੀਓ ਵਿੱਚ ਕੋਵਿਡ-19 ਦੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਪ੍ਰੀਮੀਅਰ ਡੱਗ ਫੋਰਡ ਨੇ ਓਨਟਾਰੀਓ ਵਿੱਚ ਨਵੀਂ ਸਟੇਟ ਆਫ ਐਮਰਜੰਸੀ ਲਾ ਦਿੱਤੀ ਹੈ। ਫੋਰਡ ਨੇ ਸਟੇਅ ਐਟ ਹੋਮ ਆਰਡਰ ਵੀ ਜਾਰੀ ਕੀਤੇ ਹਨ ਜੋ ਕਿ ਵੀਰਵਾਰ ਰਾਤ 12:01 ਵਜੇ ਸ਼ੁਰੂ ਹੋਣਗੇ।



# ਟਰੰਪ ਖਿਲਾਫ ਇੰਪੀਚਮੈਂਟ ਵਾਸਤੇ ਪ੍ਰਸਤਾਵ ਪਾਸ



## ਟਰੰਪ ਨੂੰ ਦੂਜੀ ਵਾਰੀ ਇੰਪੀਚਮੈਂਟ ਦਾ ਕਰਨਾ ਹੋਵੇਗਾ ਸਾਹਮਣਾ

ਵਾਸ਼ਿੰਗਟਨ, 13 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਨੂੰ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਖਿਲਾਫ ਇੰਪੀਚਮੈਂਟ ਦਾ ਮਤਾ ਪਾਸ ਕੀਤਾ ਗਿਆ। ਅਮਰੀਕਾ ਦੇ ਇਤਿਹਾਸ ਵਿੱਚ ਅਜਿਹਾ ਪਹਿਲਾ ਮਾਮਲਾ ਹੈ ਕਿ ਇੱਕੋ ਰਾਸ਼ਟਰਪਤੀ ਨੂੰ ਦੋ ਵਾਰੀ ਇੰਪੀਚ ਕੀਤਾ ਗਿਆ ਹੋਵੇ। ਟਰੰਪ ਉੱਤੇ ਵਿਦਰੋਹ ਨੂੰ ਸ਼ਹਿ ਦੇਣ ਦਾ ਦੋਸ਼ ਲਾਇਆ ਗਿਆ ਹੈ। ਆਫਿਸ ਵਿੱਚ ਆਪਣੇ ਆਖਰੀ ਦਿਨਾਂ ਵਿੱਚ ਆਪਣੇ ਸਮਰਥਕਾਂ ਨੂੰ ਭੜਕਾ ਕੇ ਯੂਐਸ ਕੈਪੀਟਲ ਉੱਤੇ ਧਾਵਾ ਬੁਲਵਾਉਣ ਵਿੱਚ ਤੇ ਹਿੰਸਾ ਨੂੰ ਹਵਾ ਦੇਣ ਵਿੱਚ ਟਰੰਪ ਨੇ ਕੋਈ ਕਸਰ ਬਾਕੀ ਨਹੀਂ ਛੱਡੀ।

ਇੱਥੇ ਦੱਸਣਾ ਬਣਦਾ ਹੈ ਕਿ ਟਰੰਪ ਅਜਿਹਾ ਕਰਕੇ ਰਾਸ਼ਟਰਪਤੀ ਅਹੁਦੇ ਲਈ ਪਿੱਛੇ ਜਿਹੇ ਹੋਈਆਂ ਚੋਣਾਂ ਦੇ ਨਤੀਜੇ ਆਪਣੇ ਹੱਕ ਵਿੱਚ ਕਰਵਾਉਣਾ ਚਾਹੁੰਦੇ ਸਨ ਤੇ ਹੌਲੀ ਹੌਲੀ ਕਰਕੇ ਕਈ ਦਿਨਾਂ ਤੋਂ ਆਪਣੇ ਤਿੱਖੇ ਭਾਸ਼ਣਾਂ ਨਾਲ ਲੋਕਾਂ ਵਿੱਚ ਰੋਹ ਭਰ ਰਹੇ ਸਨ। ਉਹ ਆਪਣੇ ਸਮਰਥਕਾਂ ਨੂੰ ਇਹ ਆਖ ਰਹੇ ਸਨ ਕਿ ਸਾਡੇ ਤੋਂ ਜਿੱਤ ਖੋਹ ਲਈ ਗਈ ਹੈ ਤੇ ਵੋਟਾਂ ਵਿੱਚ ਫਰਾਡ ਹੋਇਆ ਹੈ। ਹਥਿਆਰਬੰਦ ਨੈਸ਼ਨਲ ਗਾਰਡ ਦੇ ਸੈਨਿਕਾਂ ਨਾਲ ਘਿਰੀ ਕੈਪੀਟਲ ਦੀ ਇਮਾਰਤ ਵਿੱਚ ਹਾਊਸ ਨੇ ਟਰੰਪ ਨੂੰ ਇੰਪੀਚ ਕਰਨ ਲਈ 197 ਦੇ ਮੁਕਾਬਲੇ 232 ਵੋਟਾਂ ਪਾਈਆਂ। ਇਸ ਸਾਰੀ ਕਾਰਵਾਈ ਨੂੰ ਬੜੀ ਤੇਜ਼ੀ ਨਾਲ ਅੰਜਾਮ ਦਿੱਤਾ ਗਿਆ। ਟਰੰਪ ਸਮਰਥਕਾਂ ਵੱਲੋਂ ਕੈਪੀਟਲ ਹਿੱਲ ਉੱਤੇ ਧਾਵਾ ਬੋਲੇ ਜਾਣ ਤੋਂ ਇੱਕ ਹਫਤੇ ਦੇ ਅੰਦਰ ਅੰਦਰ ਨੀਤੀਘਾੜਿਆਂ ਵੱਲੋਂ ਟਰੰਪ ਦੀ ਇੰਪੀਚਮੈਂਟ ਉੱਤੇ ਮੋਹਰ ਲਾ ਦਿੱਤੀ ਗਈ।

ਡੈਮੋਕ੍ਰੈਟਸ ਵੱਲੋਂ ਇਸ ਤਰ੍ਹਾਂ ਦੀ ਹਰਕਤ ਲਈ ਟਰੰਪ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਤੇ ਉਸ ਨੂੰ ਚੇਤਾਵਨੀ ਦੇਣ ਲਈ ਜਾਰੀ ਕਵਾਇਦ ਵਿੱਚ ਦਸ ਰਿਪਬਲਿਕਨਾਂ ਨੇ ਵੀ ਡੈਮੋਕ੍ਰੈਟਸ ਦੀ ਹਮਾਇਤ ਕੀਤੀ। ਹਾਊਸ ਸਪੀਕਰ ਨੈਂਸੀ ਪੈਲੋਸੀ ਨੇ ਤਾਂ ਇੱਥੋਂ ਤੱਕ ਆਖ ਦਿੱਤਾ ਕਿ ਸਾਨੂੰ ਸੰਵਿਧਾਨ ਨੂੰ ਵਿਦੇਸ਼ੀ ਤੇ ਘਰੇਲੂ ਦੁਸ਼ਮਣਾਂ ਤੋਂ ਬਚਾਉਣ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਟਰੰਪ ਨੂੰ ਜਾਣਾ ਹੀ ਚਾਹੀਦਾ ਹੈ ਕਿਉਂਕਿ ਉਹ ਸਾਡੇ ਦੇਸ਼, ਜਿਸ ਨੂੰ ਅਸੀਂ ਪਿਆਰ ਕਰਦੇ ਹਾਂ, ਲਈ ਸਪਸ਼ਟ ਖਤਰਾ ਹੈ। ਕੈਪੀਟਲ ਹਿੱਲ ਉੱਤੇ ਹੋਏ ਹਮਲੇ ਦੀ ਟਰੰਪ ਵੱਲੋਂ ਕੋਈ ਜ਼ਿੰਮੇਵਾਰੀ ਨਹੀਂ ਲ ਈ ਗ ਈ ਪ ਰ ਉਨ੍ਹਾਂ ਇੱਕ ਬਿਆਨ ਜਾਰੀ ਕਰਕੇ ਇਹ ਜ਼ਰੂਰ ਆਖਿਆ ਕਿ ਬਾਇਡਨ ਦੇ ਸੰਹੁ ਚੁੱਕ ਸਮਾਰੋਹ ਵਿੱਚ ਵਿਘਣ ਪਾਉਣ ਲਈ ਕਿਸੇ ਕਿਸਮ ਦੀ ਹਿੰਸਾ ਨਾ ਕੀਤੀ ਜਾਵੇ, ਕੋਈ ਕਾਨੂੰਨ ਨਾ ਤੋੜਿਆ ਜਾਵੇ ਤੇ ਨਾ ਹੀ ਕਿਸੇ ਕਿਸਮ ਦੀ ਭੰਨ੍ਹਤੋੜ ਕੀਤੀ ਜਾਵੇ।



## ਓਨਟਾਰੀਓ ਸਰਕਾਰ ਲਾਂਗ ਟਰਮ ਕੇਅਰ ਰੈਜੀਡੈਂਟਸ ਨੂੰ 21 ਜਨਵਰੀ ਤੱਕ ਕੋਵਿਡ-19 ਵੈਕਸੀਨ ਦੇਣ ਲਈ ਵਚਨਬੱਧ

ਓਨਟਾਰੀਓ, 14 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਅਨੁਸਾਰ 21 ਜਨਵਰੀ ਤੱਕ ਟੋਰਾਂਟੋ,ਪੀਲ, ਯੌਰਕ ਤੇ ਵਿੰਡਸਰ ਐਸੈਕਸ ਦੇ ਸਾਰੇ ਲਾਂਗ ਟਰਮ ਕੇਅਰ ਰੈਜ਼ੀਡੈਂਟਸ ਨੂੰ ਕੋਵਿਡ-19 ਵੈਕਸੀਨ ਦੇ ਦਿੱਤੀ ਜਾਵੇਗੀ।

ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਡਾ ਟੀਚਾ ਇਨ੍ਹਾਂ ਲਾਂਗ ਟਰਮ ਕੇਅਰ ਦੇ ਸਾਰੇ ਰੈਜ਼ੀਡੈਂਟਸ, ਸਟਾਫ ਤੇ ਕੇਅਰਗਿਵਰਜ਼ ਸੱਭ ਨੂੰ ਇੱਕਠਿਆਂ ਵੈਕਸੀਨੇਟ ਕਰਨ ਦਾ ਹੈ। ਇਹ ਟੀਚਾ ਅਸੀਂ ਨਵੇਂ ਸਾਲ ਦੇ ਪਹਿਲੇ ਤਿੰਨ ਹਫਤਿਆਂ ਵਿੱਚ ਪੂਰਾ ਕਰ ਲੈਣਾ ਚਾਹੁੰਦੇ ਹਾਂ।ਸਰਕਾਰ ਨੇ ਇਹ ਨਹੀਂ ਦੱਸਿਆ ਕਿ ਇਸ ਦੌਰਾਨ ਕਿੰਨੇ ਰੈਜ਼ੀਡੈਂਟਸ ਤੇ ਸਟਾਫ ਦੇ ਮੈਂਬਰਾਂ ਨੂੰ ਸ਼ਾਮਲ ਕੀਤਾ ਜਾਵੇਗਾ। ਪਰ ਰਿਟਾਇਰਡ ਜਨਰਲ ਰਿੱਕ ਹਿਲੀਅਰ, ਜੋ ਕਿ ਪ੍ਰੋਵਿੰਸ ਦੀ ਵੈਕਸੀਨ ਟਾਸਕ ਫੋਰਸ ਦੀ ਅਗਵਾਈ ਕਰ ਰਹੇ ਹਨ, ਨੇ ਬਾਅਦ ਵਿੱਚ ਆਖਿਆ ਕਿ ਇੱਕ ਅੰਦਾਜ਼ੇ ਮੁਤਾਬਕ ਇਸ ਦੌਰਾਨ ਵੈਕਸੀਨ ਦੀਆਂ 55,000 ਡੋਜ਼ਾਂ ਲਾਈਆਂ ਜਾਣਗੀਆਂ।



ਇੱਥੇ ਦੱਸਣਾ ਬਣਦਾ ਹੈ ਕਿ 28 ਦਸੰਬਰ ਵਾਲੇ ਹਫਤੇ ਵਿੱਚ ਪ੍ਰੋਵਿੰਸ ਵਿੱਚ ਮੌਡਰਨਾ ਵੈਕਸੀਨ ਦੀਆਂ 53000 ਡੋਜ਼ਾਂ ਪ੍ਰੋਵਿੰਸ ਵਿੱਚ ਪਹੁੰਚੀਆਂ ਸਨ ਤੇ ਹਿਲੀਅਰ ਦਾ ਕਹਿਣਾ ਹੈ ਕਿ ਅੱਜ ਕੱਲ੍ਹ ਵਿੱਚ ਪ੍ਰੋਵਿੰਸ ਵਿੱਚ ਮੌਡਰਨਾ ਦੀਆਂ 56,000 ਹੋਰ ਡੋਜ਼ਾਂ ਪਹੁੰਚਣ ਦੀ ਸੰਭਾਵਨਾ ਹੈ। ਉਨ੍ਹਾਂ ਆਖਿਆ ਕਿ ਅਗਲੇ ਹਫਤੇ ਤੱਕ ਇਹ ਵੈਕਸੀਨ ਪੂਰੀ ਤਰ੍ਹਾਂ ਖਪ ਜਾਵੇਗੀ।

## ਹੁਆਵੇ ਦੀ ਸੀਐਫਓ ਦੇ ਪਰਿਵਾਰ ਨੂੰ ਕੈਨੇਡਾ ਆਉਣ ਲਈ ਫੈਡਰਲ ਸਰਕਾਰ ਵੱਲੋਂ ਦਿੱਤੀ ਗਈ ਵਿਸ਼ੇਸ਼ ਛੋਟ

ਓਟਵਾ, 13 ਜਨਵਰੀ (ਪੋਸਟ ਬਿਊਰੋ) : ਇਮੀਗ੍ਰੇਸ਼ਨ ਕੈਨੇਡਾ ਵੱਲੋਂ ਵੈਨਕੂਵਰ ਵਿੱਚ ਨਜ਼ਰਬੰਦ ਹੁਆਵੇ ਦੀ ਸੀਐਫਓ ਮੈਂਗ ਵਾਨਜ਼ੋਊ ਦੇ ਪਤੀ ਤੇ ਦੋ ਬੱਚਿਆਂ ਨੂੰ ਉਸ ਨਾਲ ਮੁਲਾਕਾਤ ਕਰਨ ਲਈ ਕੋਵਿਡ-19 ਟਰੈਵਲ ਛੋਟ ਦੇ ਦਿੱਤੀ ਗਈ ਹੈ।



ਮੈਂਗ ਦੇ ਵਕੀਲ ਨੇ ਅਦਾਲਤ ਵਿੱਚ ਆਖਿਆ ਕਿ ਮੈਂਗ ਦੇ ਪਤੀ ਲਿਊ ਜ਼ਿਆਓਜ਼ੋਂਗ ਤੇ ਦੋ ਬੱਚਿਆਂ ਨੇ 2020 ਦੇ ਅੰਤ ਵਿੱਚ ਚੀਨ ਤੋਂ ਟਰੈਵਲ ਕਰਨ ਲਈ ਛੋਟ ਵਾਸਤੇ ਅਪਲਾਈ ਕੀਤਾ ਸੀ। ਲਿਊ ਅਕਤੂਬਰ ਵਿੱਚ ਪਹੁੰਚ ਗਿਆ ਸੀ ਤੇ ਦਸੰਬਰ ਵਿੱਚ ਬੱਚੇ ਵੀ ਪਹੁੰਚ ਗਏ ਸਨ। ਉਹ ਕੈਨੇਡਾ ਵਿੱਚ ਹੀ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਸਿਰੀਨ ਖੌਰੀ ਨੇ ਇੱਕ ਬਿਆਨ ਜਾਰੀ ਕਰਕੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮੈਂਗ ਦੇ ਪਰਿਵਾਰ ਨੂੰ ਆਈਆਰਸੀਸੀ ਅਧਿਕਾਰੀਆਂ ਵੱਲੋਂ ਕੈਨੇਡਾ ਟਰੈਵਲ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ।

ਚੀਨ ਵਿੱਚ ਕੈਨੇਡਾ ਦੇ ਸਾਬਕਾ ਰਾਜਦੂਤ ਰਹਿ ਚੁੱਕੇ ਗਾਇ ਸੇਂਟ ਜੈਕੁਅਸ ਨੇ ਆਖਿਆ ਕਿ ਇਸ ਮਾਮਲੇ ਦੀ ਪਰਵਿਰਤੀ ਤੇ ਇਸ ਦੇ ਹਾਈ ਪ੍ਰੋਫਾਈਲ ਹੋਣ ਕਾਰਨ ਇਹ ਮਾਮਲਾ ਇਮੀਗ੍ਰੇਸ਼ਨ ਮੰਤਰੀ ਦੀ ਡੈਸਕ ਉੱਤੇ ਪਹੁੰਚਿਆ ਹੋਵੇਗਾ। ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਗਲੋਬਲ ਅਫੇਅਰਜ਼ ਕੈਨੇਡਾ ਤੇ ਪ੍ਰਧਾਨ ਮੰਤਰੀ ਦੇ ਆਫਿਸ ਵਿੱਚ ਵੀ ਵਿਚਾਰ ਵਟਾਂਦਰਾ ਹੋਇਆ ਹੋਵੇਗਾ।

ਇੱਥੇ ਦੱਸਣਾ ਬਣਦਾ ਹੈ ਕਿ ਕੋਵਿਡ-19 ਕਾਰਨ ਮੌਜੂਦਾ ਹਾਲਾਤ ਦੇ ਚੱਲਦਿਆਂ ਵਿਦੇਸ਼ੀ ਨਾਗਰਿਕਾਂ ਨੂੰ ਉਦੋਂ ਤੱਕ ਕੈਨੇਡਾ ਦਾ ਗੈਰ ਜ਼ਰੂਰੀ ਦੌਰਾ ਕਰਨ ਦੀ ਇਜਾਜ਼ਤ ਨਹੀਂ ਹੈ ਜਦੋਂ ਤੱਕ ਉਹ ਆਪਣੇ ਕੈਨੇਡੀਅਨ ਨਾਗਰਿਕ ਜਾਂ ਸਥਾਈ ਵਾਸੀ, ਜੋ ਕਿ ਪਰਿਵਾਰਕ ਮੈਂਬਰ ਹਨ, ਨੂੰ ਮਿਲਣ ਆ ਰਹੇ ਹੋਣ। ਮੈਂਗ ਨਾ ਹੀ ਕੈਨੇਡੀਅਨ ਨਾਗਰਿਕ ਹੈ ਤੇ ਨਾ ਹੀ 2009 ਤੋਂ ਇੱਥੇ ਸਥਾਈ ਤੌਰ ਉੱਤੇ ਰਹਿ ਰਹੀ ਹੈ।

ਇਸ ਦੌਰਾਨ ਵਿਦੇਸ਼ੀ ਮਾਮਲਿਆਂ ਬਾਰੇ ਮੰਤਰੀ ਦੇ ਪਾਰਲੀਆਮੈਂਟਰੀ ਸੈਕਟਰੀ ਰੌਬ ਓਲੀਫੈਂਟ ਨੇ ਆਈਆਰਸੀਸੀ ਦੇ ਇਸ ਫੈਸਲੇ ਦਾ ਪੱਖ ਪੂਰਦਿਆਂ ਆਖਿਆ ਕਿ ਕੈਨੇਡਾ ਕਾਨੂੰਨ ਦੀ ਪਾਲਣਾ ਕਰਨ ਵਾਲਾ ਦੇਸ਼ ਹੈ, ਭਾਵੇਂ ਅਸੀਂ ਕਿਸੇ ਨੂੰ ਪਸੰਦ ਕਰਦੇ ਹੋਈਏ ਜਾਂ ਨਾ ਪਰ ਅਸੀਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਨਹੀਂ ਫੇਰ ਸਕਦੇ। ਇਮੀਗ੍ਰੇਸ਼ਨ ਲਈ ਕੰਜ਼ਰਵੇਟਿਵਾਂ ਦੇ ਸ਼ੈਡੋ ਮੰਤਰੀ ਰੈਕੁਅਲ ਡੈਂਚੋ ਨੇ ਇਸ ਫੈਸਲੇ ਨੂੰ ਅਜੀਬ ਦੱਸਿਆ ਕਿ ਲਿਬਰਲਾਂ ਨੇ ਤਾਂ ਮੈਂਗ ਵਾਨਜ਼ੋਊ ਦੇ ਪਰਿਵਾਰ ਨੂੰ ਕੈਨੇਡਾ ਆਉਣ ਤੇ ਪਰਿਵਾਰਕ ਤੌਰ ਉੱਤੇ ਛੁੱਟੀਆਂ ਮਨਾਉਣ ਲਈ ਇੱਕਠਾ ਕਰਨ ਵਾਸਤੇ ਰੈੱਡ ਕਾਰਪੇਟ ਵਿਛਾ ਦਿੱਤਾ। ਇੱਕ ਪਾਸੇ ਮੈਂਗ ਦਾ ਪਰਿਵਾਰ ਕੈਨੇਡਾ ਪਹੁੰਚ ਚੁੱਕਿਆ ਹੈ ਦੂਜੇ ਪਾਸੇ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਦਸੰਬਰ ਤੋਂ ਚੀਨ ਦੀ ਜੇਲ੍ਹ ਵਿੱਚ ਦੋ ਸਾਲਾਂ ਤੋਂ ਬੰਦ ਹਨ ਤੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ।

## ਏਅਰ ਕੈਨੇਡਾ 1700 ਨੌਕਰੀਆਂ ਵਿੱਚ ਕਰੇਗਾ ਕਟੌਤੀ

ਓਟਵਾ, 13 ਜਨਵਰੀ (ਪੋਸਟ ਬਿਊਰੋ) : ਏਅਰ ਕੈਨੇਡਾ ਵੱਲੋਂ 1700 ਨੌਕਰੀਆਂ ਵਿੱਚ ਕਟੌਤੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਏਅਰਲਾਈਨ 2021 ਦੀ ਪਹਿਲੀ ਤਿਮਾਹੀ ਵਿੱਚ ਉਡਾਨਾਂ ਦੀ ਗਿਣਤੀ ਵੀ ਘਟਾਉਣਾ ਚਾਹੁੰਦੀ ਹੈ।

ਬੁੱਧਵਾਰ ਸਵੇਰੇ ਕੰਪਨੀ ਨੇ ਆਖਿਆ ਕਿ ਸੇਵਾਵਾਂ ਵਿੱਚ 25 ਫੀ ਸਦੀ ਕਟੌਤੀ ਨਾਲ ਵੀ ਏਅਰ ਕੈਨੇਡਾ ਐਕਸਪ੍ਰੈੱਸ ਕੈਰੀਅਰਜ਼ ਦੇ 200 ਮੁਲਾਜ਼ਮ ਪ੍ਰਭਾਵਿਤ ਹੋਣਗੇ। ਇਸ ਕਟੌਤੀ ਨਾਲ 2019 ਦੀ ਪਹਿਲੀ ਤਿਮਾਹੀ ਦੌਰਾਨ ਏਅਰ ਕੈਨੇਡਾ ਦੀ ਜੋ ਸਮਰੱਥਾ ਸੀ 2021 ਦੀ ਪਹਿਲੀ ਤਿਮਾਹੀ ਵਿੱਚ ਉਹ ਘਟ ਕੇ ਉਸ ਦਾ 20 ਫੀ ਸਦੀ ਰਹਿ ਜਾਵੇਗੀ। ਏਅਰ ਕੈਨੇਡਾ ਦੀ ਐਗਜ਼ੈਕਟਿਵ ਵਾਈਸ ਪ੍ਰੈਜ਼ੀਡੈਂਟ ਤੇ ਚੀਫ ਕਮਰਸ਼ੀਅਲ ਆਫੀਸਰ ਲੂਸੀ ਗਿਲਮੇਟ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਵੱਲੋਂ ਟਰੈਵਲ ਸਬੰਧੀ ਲਾਈਆਂ ਗਈਆਂ ਪਾਬੰਦੀਆਂ ਦਾ ਪਹਿਲਾਂ ਹੀ ਕੰਪਨੀ ਦੀਆਂ ਬੁਕਿੰਗਜ਼ ਉੱਤੇ ਅਸਰ ਪੈ ਰਿਹਾ ਹੈ।



23 ਜਨਵਰੀ ਤੱਕ ਅਗਲੇ ਨੋਟਿਸ ਤੱਕ ਜਿਹੜੇ ਘਰੇਲੂ ਰੂਟਜ਼ ਸਸਪੈਂਡ ਕਰ ਦਿੱਤੇ ਗਏ ਹਨ ਉਹ ਹੇਠ ਲਿਖੇ ਅਨੁਸਾਰ ਹਨ :

- ਫਰੈਡਰਿਕਟਨ-ਮਾਂਟਰੀਅਲ
- ਗੈਂਡਰ-ਹੈਲੀਫੈਕਸ
- ਗੂਜ਼ ਬੇਅ-ਹੈਲੀਫੈਕਸ
- ਕੈਮਲੂਪਜ਼-ਵੈਨਕੂਵਰ
- ਓਟਵਾ-ਕੈਲਗਰੀ
- ਓਟਵਾ-ਵੈਨਕੂਵਰ
- ਪ੍ਰਿੰਸ ਰੂਪਰਟ-ਵੈਨਕੂਵਰ
- ਕਿਊਬਿਕ ਸਿਟੀ-ਟੋਰਾਂਟੋ
- ਸੇਂਟ ਜੌਹਨਜ਼-ਟੋਰਾਂਟੋ
- ਵਿਕਟੋਰੀਆ-ਕੈਲਗਰੀ
- ਵਿਨੀਪੈਗ-ਕੈਲਗਰੀ
- ਯੈਲੋਨਾਈਫ-ਐਡਮੰਟਨ

ਇਸ ਹਫਤੇ ਏਅਰ ਕੈਨੇਡਾ ਨੇ ਐਟਲਾਂਟਿਕ ਕੈਨੇਡਾ ਦੇ ਏਅਰਪੋਰਟਸ ਨੂੰ ਇਹ ਦੱਸਿਆ ਕਿ ਉਹ ਰੀਜਨ ਵਿੱਚ ਵਾਧੂ ਰੂਟਾਂ ਵਿੱਚ ਕਟੌਤੀ ਕਰੇਗੀ,ਅਗਲੇ ਨੋਟਿਸ ਤੱਕ ਗੈਂਡਰ, ਐਨਐਲ, ਗੂਜ਼ ਬੇਅ, ਐਨਐਲ, ਫਰੈਡਰਿਕਟਨ, ਐਨਬੀ ਲਈ ਸਾਰੀਆਂ ਉਡਾਨਾਂ ਮੁਲਤਵੀ ਕੀਤੀਆਂ ਜਾ ਰਹੀਆਂ ਹਨ।

## ਬ੍ਰਿਟੇਨ ਤੋਂ ਬਾਅਦ ਕੋਰੋਨਾ ਦੇ ਬ੍ਰਾਜ਼ੀਲ ਸਟ੍ਰੇਨ ਨੇ ਨਵੀਂ ਚਿੰਤਾ ਲਾਈ

ਲੰਡਨ, 14 ਜਨਵਰੀ, (ਪੋਸਟ ਬਿਊਰੋ)- ਹਾਲੇ ਬ੍ਰਿਟੇਨ ਤੇ ਦੱਖਣੀ ਅਫਰੀਕਾ ਵਿਚ ਮਿਲੇ ਵਾਇਰਸ ਦਾ ਡਰ ਖ਼ਤਮ ਨਹੀਂ ਹੋਇਆ ਕਿ ਬ੍ਰਾਜ਼ੀਲ ਦੇ ਨਵੇਂ ਵਾਇਰਸ ਨੇ ਦੁਨੀਆ ਨੂੰ ਡਰਾ ਦਿੱਤਾ ਹੈ। ਬ੍ਰਾਜ਼ੀਲ ਦੇ ਇਸ ਨਵੇਂ ਕੋਰੋਨਾ ਵਾਇਰਸ ਬਾਰੇ ਵਿਗਿਆਨੀਆਂ ਵੱਲੋਂ ਤਤਕਾਲ ਜਾਂਚ ਸ਼ੁਰੂ ਕੀਤੀ ਗਈ ਹੈ। ਇਸ ਦੌਰਾਨ ਬ੍ਰਿਟੇਨ ਨੇ ਬ੍ਰਾਜ਼ੀਲ, ਦੱਖਣੀ ਅਮਰੀਕਾ ਦੇ ਹੋਰ ਦੇਸ਼ਾਂ ਅਤੇ ਪੁਰਤਗਾਲ ਲਈ ਯਾਤਰਾ ਪਾਬੰਦੀ ਲਾ ਦਿੱਤੀ ਹੈ।

ਬ੍ਰਿਟੇਨ ਦੇ ਟਰਾਂਸਪੋਰਟ ਮੰਤਰੀ ਗ੍ਰਾਂਟ ਸ਼ਾਪਸ ਨੇ ਅੱਜ ਵੀਰਵਾਰ ਨੂੰ ਦੱਸਿਆ ਕਿ ਬ੍ਰਾਜ਼ੀਲ ਦੇ ਨਵੇਂ ਕੋਰੋਨਾ ਸਟ੍ਰੇਨ ਦੇ ਕਾਰਨ ਕੁਝ ਦੇਸ਼ਾਂ ਉੱਤੇ ਨਵੀਂ ਪਾਬੰਦੀ ਲਾਉਣੀ ਪਈ ਹੈ।ਮੰਤਰੀ ਨੇ ਕਿਹਾ ਕਿ ਬ੍ਰਾਜ਼ੀਲ ਵਿਚ ਨਵੇਂ ਕੋਰੋਨਾ ਸਟ੍ਰੇਨ ਦੇ ਸਬੂਤਲੱਭਣ ਪਿੱਛੋਂ ਅਰਜਨਟੀਨਾ, ਬ੍ਰਾਜ਼ੀਲ, ਬੋਲੀਵੀਆ, ਕੇਪ ਵਰਡੇ, ਚਿੱਲੀ, ਕੋਲੰਬੀਆ, ਇਕਵਾਡੋਰ, ਫ੍ਰੈਂਚ ਗੁਆਨਾ, ਗੁਆਨਾ, ਪਨਾਮਾ, ਪੈਰਾਗੁਏ, ਪੇਰੂ, ਸੂਰੀਨਾਮ, ਉਰੂਗਵੇ ਤੇ ਵੈਨਜ਼ੂਏਲਾ ਤੋਂ ਆਉਂਦੇ ਲੋਕਾਂ ਨੂੰ ਰੋਕਣ ਦਾ ਤੁਰੰਤ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਪੁਰਤਗਾਲ ਨੂੰ ਬ੍ਰਾਜ਼ੀਲ ਨਾਲ ਨੇੜਲੇ ਯਾਤਰਾ ਸੰਬੰਧਾਂ ਕਾਰਨ ਪਾਬੰਦੀ ਸੂਦਾ ਸੂਚੀ ਵਿਚ ਰੱਖਿਆ ਗਿਆ ਹੈ, ਪਰ ਪੁਰਤਗਾਲ ਤੋਂ ਜ਼ਰੂਰੀ ਸਾਮਾਨ ਦੀ ਸਪਲਾਈ ਕਰਦੇ ਕਾਮਿਆਂ ਨੂੰ ਛੋਟ ਹੋਵੇਗੀ।

## ਓਨਟਾਰੀਓ ਸਰਕਾਰ ਨੇ ਜਾਰੀ ਕੀਤੇ ਸਟੇਅ ਐਟ ਹੋਮ ਆਰਡਰ, ਐਲਾਨੀ ਐਮਰਜੰਸੀ

ਟੋਰਾਂਟੋ, 14 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਦੂਜੀ ਵਾਰੀ ਸਟੇਟ ਆਫ ਐਮਰਜੰਸੀ ਐਲਾਨ ਦਿੱਤੀ ਗਈ ਹੈ ਤੇ ਇਸ ਦੇ ਨਾਲ ਹੀ 14 ਜਨਵਰੀ ਤੋਂ ਸਟੇਅ ਐਟ ਹੋਮ ਆਰਡਰ ਲਾਗੂ ਕੀਤੇ ਜਾ ਰਹੇ ਹਨ।

ਮੰਗਲਵਾਰ ਨੂੰ ਕੁਈਨਜ਼ ਪਾਰਕ ਵਿਖੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਨਵੇਂ ਸਟੇਅ ਐਟ ਹੋਮ ਆਰਡਰ ਵੀਰਵਾਰ ਨੂੰ ਰਾਤੀਂ 12:01 ਤੋਂ ਪ੍ਰਭਾਵੀ ਹੋਣਗੇ। ਇਨ੍ਹਾਂ ਹੁਕਮਾਂ ਤਹਿਤ ਬੇਹੱਦ ਜ਼ਰੂਰੀ ਕੰਮ ਜਿਵੇਂ ਕਿ ਗਰੌਸਰੀ ਸਟੋਰ, ਫਾਰਮੇਸੀ, ਹੈਲਥ ਕੇਅਰ ਸਰਵਿਸਿਜ਼, ਐਕਸਰਸਾਈਜ਼ ਜਾਂ ਬੇਹੱਦ ਜ਼ਰੂਰੀ ਕੰਮ ਲਈ ਜਾਣ ਤੋਂ ਇਲਾਵਾ ਸਾਰੇ ਓਨਟਾਰੀਓ ਵਾਸੀਆਂ ਨੂੰ ਘਰ ਵਿੱਚ ਰਹਿਣਾ ਹੋਵੇਗਾ। ਇਹ ਨਵੇਂ ਹੁਕਮ ਘੱਟੋ ਘੱਟ 28 ਦਿਨਾਂ ਲਈ ਪ੍ਰਭਾਵੀ ਰਹਿਣਗੇ। ਪ੍ਰੋਵਿੰਸ਼ੀਅਲ ਐਮਰਜੰਸੀ ਤਹਿਤ ਸਰਕਾਰ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ, ਲੋਕਲ ਪੁਲਿਸ ਫੋਰਸਿਜ਼, ਬਾਇਲਾਅ ਅਧਿਕਾਰੀਆਂ ਤੇ ਪ੍ਰੋਵਿੰਸ਼ੀਅਲ ਵਰਕਪਲੇਸ ਇੰਸਪੈਕਟਰਾਂ ਸਮੇਤ ਸਾਰੇ ਐਨਫੋਰਸਮੈਂਟ ਤੇ ਪ੍ਰੋਵਿੰਸ਼ੀਅਲ ਅਫੈਂਸ ਅਧਿਕਾਰੀਆਂ ਨੂੰ ਇਹ ਖੁੱਲ੍ਹ ਦੇਵੇਗੀ ਕਿ ਉਹ ਸਟੇਅ ਐਟ ਹੋਮ ਹੁਕਮਾਂ ਦੀ ਪਾਲਣਾ ਨਾ ਕਰਨ ਵਾਲੇ ਸਾਰੇ ਲੋਕਾਂ ਨੂੰ ਟਿਕਟਾਂ ਜਾਰੀ ਕਰ ਸਕਣ।

ਇਨ੍ਹਾਂ ਸਟੇਅ ਐਟ ਹੋਮ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਰੀਓਪਨਿੰਗ ਓਨਟਾਰੀਓ ਐਕਟ ਤੇ ਐਮਰਜੰਸੀ ਮੈਨੇਜਮੈਂਟ ਐਂਡ ਸਿਵਲ ਐਮਰਜੰਸੀ ਮੈਨੇਜਮੈਂਟ (ਈਐਮਪੀਸੀਏ) ਤਹਿਤ ਜੁਰਮਾਨੇ ਵੀ ਲਾਏ ਜਾ ਸਕਦੇ ਹਨ ਤੇ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਸਾਲੀਸਿਟਰ ਜਨਰਲ ਸਿਲਵੀਆ ਜੋਨਜ਼ ਮੁਤਾਬਕ ਇਨ੍ਹਾਂ ਹੁਕਮਾਂ ਦੀ ਉਲੰਘਣਾਂ ਕਰਨ ਵਾਲਿਆਂ ਨੂੰ ਇੱਕ ਸਾਲ ਤੱਕ ਦੀ ਜੇਲ੍ਹ ਹੋ ਸਕਦੀ ਹੈ।

ਇਨ੍ਹਾਂ ਨਵੀਆਂ ਪਾਬੰਦੀਆਂ ਦੇ ਚੱਲਦਿਆਂ ਨੌਨ ਅਸੈਂਸ਼ੀਅਲ ਕਰਮਚਾਰੀ, ਜਿਨ੍ਹਾਂ ਨੂੰ ਇਨ ਪਰਸਨ ਕੰਮ ਕਰਨਾ ਪੈ ਰਿਹਾ ਹੈ, ਉਨ੍ਹਾਂ ਨੂੰ ਘਰ ਤੋਂ ਹੀ ਕੰਮ ਕਰਨਾ ਹੋਵੇਗਾ। ਟੋਰਾਂਟੋ, ਯੌਰਕ ਰੀਜਨ, ਹੈਮਿਲਟਨ, ਪੀਲ ਰੀਜਨ ਤੇ ਵਿੰਡਸਰ ਐਸੈਕਸ ਵਿਚਲੇ ਸਕੂਲ ਵੀ ਇਨ ਪਰਸਨ ਲਰਨਿੰਗ ਲਈ 10 ਫਰਵਰੀ ਤੱਕ ਬੰਦ ਰਹਿਣ-ਗੇ। ਸਰਕਾਰ ਨੇ ਅੱਗੇ ਦੱਸਿਆ ਕਿ 20 ਜਨਵਰੀ ਨੂੰ ਚੀਫ ਮੈਡੀਕਲ ਆਫਿਸ ਆਫ ਹੈਲਥ ਡਾ॰ ਡੇਵਿਡ ਵਿਲੀਅਮਜ਼ ਸਿੱਖਿਆ ਮੰਤਰਾਲੇ ਨੂੰ ਇਹ ਦੱਸਣਗੇ ਕਿ ਕਿਹੜੇ ਇਲਾਕਿਆਂ ਵਿੱਚ ਸਕੂਲ ਇਨ ਪਰਸਨ ਲਰਨਿੰਗ ਲਈ ਖੋਲ੍ਹੇ ਜਾ ਸਕਦੇ ਹਨ। ਉੱਤਰੀ ਓਨਟਾਰੀਓ ਦੇ ਸਕੂਲ ਇਨ ਪਰਸਨ ਲਰਨਿੰਗ ਲਈ ਖੁੱਲ੍ਹੇ ਰਹਿਣਗੇ। ਇਨ ਪਰਸਨ ਲਰਨਿੰਗ ਲਈ ਸਕੂਲ ਜਾਣ ਵਾਲੇ ਪਹਿਲੀ ਕਲਾਸ ਦੇ ਵਿਦਿਆਰਥੀਆਂ ਨੂੰ ਮਾਸਕ ਪਾਉਣ ਦੀ ਲੋੜ ਨਹੀਂ ਹੋਵੇਗੀ।



ਨਵੇਂ ਨਿਯਮਾਂ ਮੁਤਾਬਕ ਸਾਰੇ ਗੈਰ ਜ਼ਰੂਰੀ ਸਟੋਰ, ਜਿਨ੍ਹਾਂ ਵਿੱਚ ਹਾਰਡਵੇਅਰ ਸਟੋਰਜ਼, ਅਲਕੋਹਲ ਰੀਟੇਲਰਜ਼ ਤੇ ਕਰਬਸਾਈਡ ਪਿੱਕਅੱਪ ਜਾਂ ਡਲਿਵਰੀ ਕਰਨ ਵਾਲੇ ਸਟੋਰ ਸਵੇਰੇ 7:00 ਵਜੇ ਤੋਂ ਪਹਿਲਾਂ ਤੇ ਰਾਤੀਂ 8:00 ਵਜੇ ਤੋਂ ਬਾਅਦ ਨਹੀਂ ਖੋਲ੍ਹੇ ਜਾ ਸਕਣਗੇ।ਇਹ ਪਾਬੰਦੀਆਂ ਉਨ੍ਹਾਂ ਸਟੋਰਾਂ ਉੱਤੇ ਲਾਗੂ ਨਹੀਂ ਹੋਣਗੀਆਂ ਜਿਹੜੇ ਮੁੱਖ ਤੌਰ ਉੱਤੇ ਫੂਡ, ਦਵਾਈਆਂ ਵੇਚਦੇ ਹਨ, ਗੈਸ ਸਟੇਸ਼ਨਜ਼, ਕਨਵੀਨੀਐਂਸ ਸਟੋਰ ਤੇ ਟੇਕਆਊਟ ਜਾਂ ਡਲਿਵਰੀ ਲਈ ਰੈਸਟੋਰੈਂਟਸ ਨੂੰ ਵੀ ਇਨ੍ਹਾਂ ਇਨ੍ਹਾਂ ਨਿਯਮਾਂ ਤੋਂ ਛੋਟ ਹੋਵੇਗੀ। ਆਊਟਡੋਰ ਆਰਗੇਨਾਈਜ਼ਡ ਪਬਲਿਕ ਇੱਕਠ ਤੇ ਸੋਸ਼ਲ ਗੈਦਰਿੰਗਜ਼ ਦੀ ਸੀਮਾਂ ਵੀ ਪੰਜ ਵਿਅਕਤੀ ਕਰ ਦਿੱਤੀ ਗਈ ਹੈ। ਗੈਰ ਜ਼ਰੂਰੀ ਕੰਸਟ੍ਰਕਸ਼ਨ ਉੱਤੇ ਵੀ ਪਾਬੰਦੀ ਲਾਈ ਗਈ ਹੈ। ਓਨਟਾਰੀਓ ਵਾਸੀਆਂ ਨੂੰ ਹੋਰਨਾਂ ਥਾਂਵਾਂ ਉੱਤੇ ਸਥਿਤ ਆਪਣੀ ਪ੍ਰਾਪਰਟੀ ਉੱਤੇ ਜਾਣ ਤੋਂ ਵੀ ਉਦੋਂ ਤੱਕ ਵਰਜਿਆ ਗਿਆ ਹੈ ਜਦੋਂ ਤੱਕ ਉਹ ਬੇਹੱਦ ਜ਼ਰੂਰੀ ਨਾ ਹੋਵੇ। ਪਰ ਪ੍ਰਾਪਰਟੀ ਦੀ ਐਮਰਜੰਸੀ ਮੇਨਟੇਨੈਂਸ ਨੂੰ ਅਸੈਂਸ਼ੀਅਲ ਮੰਨਿਆ ਗਿਆ ਹੈ।

ਫੋਰਡ ਨੇ ਆਖਿਆ ਕਿ ਪ੍ਰੋਵਿਸ ਵਿੱਚ ਇਸ ਸਮੇਂ ਸੰਕਟ ਦੀ ਘੜੀ ਹੈ। ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਕੋਵਿਡ-19 ਦੇ ਮਾਮਲਿਆਂ ਤੇ ਮੌਤਾਂ ਵਿੱਚ ਕਾਫੀ ਵਾਧਾ ਹੋਇਆ ਹੈ।ਕਮਿਊਨਿਟੀ ਵਿੱਚ ਵੀ ਇਸ ਦਾ ਪਸਾਰ ਕਾਫੀ ਜ਼ਿਆਦਾ ਹੈ। ਨਵੀਂਆਂ ਪਾਬੰਦੀਆਂ ਬੇਹੱਦ ਜ਼ਰੂਰੀ ਸਨ। ਆਉਣ ਵਾਲੇ ਦਿਨਾਂ ਵਿੱਚ ਕੋਵਿਡ-19 ਕਾਰਨ ਮਰਨ ਵਾਲਿਆ ਦੀ ਗਿਣਤੀ ਵਿੱਚ ਵਾਧਾ ਹੋਵੇਗਾ।ਇਸ ਲਈ ਅਹਿਤਿਆਤੀ ਕਦਮ ਚੁੱਕੇ ਜਾਣ ਦੀ ਲੋੜ ਹੈ।

## ਭਾਰਤ ਦੇ ਗਣਤੰਤਰ ਦਿਵਸ ਮੌਕੇ ਇਸ ਵਾਰ ਕੋਈ ਚੀਫ ਗੈਸਟ ਨਹੀਂ ਹੋਵੇਗਾ

***1966 ਤੋਂ ਬਾਅਦ ਪਹਿਲੀ ਵਾਰ ਕੋਈ ਵਿਦੇਸ਼ੀ ਚੀਫ ਗੈੱਸਟ ਨਹੀਂ**

ਨਵੀਂ ਦਿੱਲੀ, 14 ਜਨਵਰੀ, (ਪੋਸਟ ਬਿਊਰੋ)- ਭਾਰਤ ਦੇ ਗਣਤੰਤਰ ਦਿਵਸ ਮੌਕੇ ਇਸ ਵਾਰ ਕਿਸੇ ਵੀ ਦੇਸ਼ ਦੇ ਮੁਖੀ ਨੂੰ ਮੁੱਖ ਮਹਿਮਾਨ ਵਜੋਂ ਸ਼ਾਮਲ ਨਹੀਂ ਦੇਖਿਆ ਜਾਵੇਗਾ। ਇਸ ਬਾਰੇ ਭਾਰਤੀ ਵਿਦੇਸ਼ ਮੰਤਰਾਲਾ ਨੇ ਅੱਜ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਕੋਰੋਨਾ ਵਾਇਰਸ ਦੇ ਕਾਰਨ ਇਸ ਸਾਲ ਦੇ ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਵਜੋਂ ਕਿਸੇ ਵੀ ਦੇਸ਼ ਜਾਂ ਸਰਕਾਰ ਦੇ ਮੁਖੀ ਨੂੰ ਸੱਦਾ ਨਾ ਦੇਣ ਦਾ ਫੈਸਲਾ ਲਿਆ ਗਿਆ ਹੈ। ਇਸ ਤੋਂ ਪਹਿਲਾਂ 1966 ਵਿੱਚ ਅਜਿਹਾ ਹੋਇਆ ਸੀ, ਜਦੋਂ ਗਣਤੰਤਰ ਦਿਵਸ ਬਿਨਾਂ ਮੁੱਖ ਮਹਿਮਾਨ ਦੇ ਮਨਾਇਆ ਗਿਆ ਸੀ।

ਵਰਨਣ ਯੋਗ ਹੈ ਕਿ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੌਰਿਸ ਜਾਨਸਨ ਇਸ ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਸਨ, ਪਰ ਬਾਅਦ ਵਿੱਚ ਉਨ੍ਹਾਂ ਨੇ ਆਪਣਾ ਭਾਰਤ ਦੌਰਾ ਰੱਦ ਕਰ ਦਿੱਤਾ ਸੀ। ਬੌਰਿਸ ਜਾਨਸਨ ਨੇ ਕੋਰੋਨਾ ਦੇ ਨਵੇਂ ਸਟ੍ਰੇਨ ਦੇ ਕਾਰਨ ਭਾਰਤ ਦੌਰਾ ਰੱਦ ਕੀਤਾ ਸੀ। ਗਣਤੰਤਰ ਦਿਵਸਮੌਕੇ ਨਾ ਆਉਣ ਉੱਤੇ ਬੌਰਿਸ ਜਾਨਸਨ ਨੇ ਆਪਣੇ ਫੈਸਲੇਦਾ ਦੁੱਖ ਵੀ ਜਤਾਇਆ। ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਗੱਲ ਕੀਤੀ ਅਤੇ ਭਾਰਤ ਨਾ ਆ ਸਕਣ ਲਈ ਦੁੱਖ ਜ਼ਾਹਰ ਕਰਦੇ ਹੋਏ ਕਿਹਾ ਸੀ ਕਿ ਜਿਸ ਤੇਜ਼ੀ ਨਾਲ ਬ੍ਰਿਟੇਨ ਵਿੱਚ ਨਵਾਂ ਕੋਰੋਨਾ ਵਾਇਰਸ ਫੈਲ ਰਿਹਾ ਹੈ, ਉਨ੍ਹਾਂ ਦਾ ਬ੍ਰਿਟੇਨ ਵਿੱਚ ਰਹਿਣਾ ਜ਼ਰੂਰੀ ਹੈ, ਤਾਂ ਕਿ ਇਸ ਦੀ ਘਰੇਲੂ ਪ੍ਰਤੀਕਿਰਿਆ ਉੱਤੇ ਧਿਆਨ ਕੇਂਦਰਿਤ ਕਰ ਸਕਣ।

ਭਾਰਤੀ ਗਣਤੰਤਰ ਦਿਵਸ ਸਮਾਗਮ ਦੇ ਦੌਰਾਨਚੌਥੀ ਵਾਰ ਕੋਈ ਚੀਫ ਗੈਸਟ ਨਹੀਂ ਹੋਵੇਗਾ। ਇਸ ਤੋਂ ਪਹਿਲਾਂ 1952, 1953 ਅਤੇ 1966 ਵਿੱਚਏਦਾਂ ਹੋ ਚੁੱਕਾ ਹੈ। ਕਈ ਮੌਕੇ ਅਜਿਹੇ ਵੀ ਆਏ ਜਦੋਂ ਗਣਤੰਤਰ ਦਿਵਸ ਸਮਾਗਮ ਵਿੱਚ ਦੋ-ਦੋ ਮਹਿਮਾਨ ਸਨ। ਸਾਲ 1956, 1968 ਅਤੇ 1974 ਵਿੱਚ ਦੋ-ਦੋ ਮੁੱਖ ਮਹਿਮਾਨ ਸ਼ਾਮਲ ਹੋਏ ਸਨ।

## ਕੈਨੇਡਾ ਫੈਡਰਲ ਲਿਬਰਲ ਸਰਕਾਰ ਵੱਲੋਂ ਫਾਈਜ਼ਰ ਨਾਲ ਕੋਵਿਡ-19 ਟੀਕੇ ਦੀਆਂ 20 ਮਿਲੀਅਨ ਖੁਰਾਕਾਂ ਖਰੀਦਣ ਲਈ ਸਮਝੌਤਾ

ਬਰੈਂਪਟਨ - ਬੀਤੇ ਦਿਨੀਂ ਕੈਨੇਡਾ ਫੈਡਰਲ ਲਿਬਰਲ ਸਰਕਾਰ ਵੱਲੋਂ ਫਾਈਜ਼ਰ ਕੰਪਨੀ ਨਾਲ ਕੋਵਿਡ-19 ਟੀਕੇ ਦੀਆਂ 20 ਮਿਲੀਅਨ ਖੁਰਾਕਾਂ ਹੋਰ ਖਰੀਦਣ ਦਾ ਸਮਝੌਤਾ ਕੀਤਾ ਗਿਆ। ਇਸ ਸਬੰਧੀ ਗੱਲ ਕਰਦਿਆਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ ਕਿ ਮੋਡਰਨਾ ਅਤੇ ਫਾਈਜ਼ਰ ਨਾਲ ਸਮਝੌਤੇ ਹੋਣ ਦਾ ਅਰਥ ਹੈ ਕਿ ਇਸ ਸਾਲ ਕੈਨੇਡਾ ਕੋਵਿਡ-19 ਟੀਕੇ ਦੀਆਂ ਕਰੀਬ 80 ਮਿਲੀਅਨ ਖੁਰਾਕਾਂ ਸੁਰੱਖਿਅਤ ਕਰ ਸਕੇਗਾ।

ਉਹਨਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 7 ਜਨਵਰੀ ਤੱਕ, ਫੈਡਰਲ ਸਰਕਾਰ ਵੱਲੋਂ ਮੌਡਰਨਾ ਅਤੇ ਫਾਈਜ਼ਰ ਟੀਕਿਆਂ ਦੀਆਂ 548,950 ਖੁਰਾਕਾਂ

**ਫਾਈਜ਼ਰ ਨਾਲ ਸਮਝੌਤੇ ਹੋਣ ਦਾ ਅਰਥ ਹੈ ਕਿ ਕੈਨੇਡਾ ਕੋਵਿਡ-19 ਟੀਕੇ ਦੀਆਂ ਕਰੀਬ 80 ਮਿਲੀਅਨ ਖੁਰਾਕਾਂ ਸੁਰੱਖਿਅਤ ਕਰ ਸਕੇਗਾ : ਸੋਨੀਆ ਸਿੱਧੂ**

ਸੂਬਿਆਂ ਅਤੇ ਪ੍ਰਦੇਸ਼ਾਂ ਨੂੰ ਮੁਹੱਈਆ ਕਰਵਾਈਆਂ ਗਈਆਂ ਹਨ। ਉਹਨਾਂ ਨੇ ਕਿਹਾ ਨਾ ਸਿਰਫ ਕੈਨੇਡੀਅਨਾਂ ਲਈ ਵੈਕਸੀਨ ਪੂਰੀ ਤਰ੍ਹਾਂ ਮੁਫ਼ਤ ਹੈ, ਬਲਕਿ ਸੂਬਿਆਂ ਅਤੇ ਪ੍ਰਦੇਸ਼ਾਂ ਨੂੰ ਇਸ ਲਈ ਭੁਗਤਾਨ ਕਰਨ ਲਈ ਆਪਣੇ ਫੰਡਾਂ ਦੀ ਵਰਤੋਂ ਨਹੀਂ ਕਰਨੀ ਪਵੇਗੀ। ਫੈਡਰਲ ਸਰਕਾਰ ਇਨ੍ਹਾਂ ਟੀਕਿਆਂ ਦੀ ਕੀਮਤ ਦੇ ਨਾਲ-ਨਾਲ ਉਨ੍ਹਾਂ ਨੂੰ ਪ੍ਰਬੰਧਿਤ ਕਰਨ ਲਈ ਲੋੜੀਂਦੀ ਸਪਲਾਈ ਨੂੰ ਵੀ ਕਵਰ ਕਰ ਰਹੀ ਹੈ।



ਲੌਂਗ ਟਰਮ ਕੇਅਰ ਹੋਮ ਦੇ ਮੁੱਦੇ 'ਤੇ ਗੱਲ ਕਰਦਿਆਂ ਐੱਮ.ਪੀ ਸੋਨੀਆ ਸਿੱਧੂ ਨੇ ਦੁਹਰਾਇਆ ਕਿ ਸਾਡੇ ਬਜ਼ੁਰਗਾਂ ਨੂੰ ਸੁਰੱਖਿਅਤ ਅਤੇ ਸਿਹਤਯਾਬ ਰੱਖਣਾ ਸਾਡੀਆਂ ਮੁੱਖ ਪਹਿਲਾਂ 'ਚੋਂ ਇੱਕ ਹੋਣਾ ਚਾਹੀਦਾ ਹੈ। ਫੈਡਰਲ ਲਿਬਰਲ ਸਰਕਾਰ ਲਗਾਤਾਰ ਸ਼ਹਿਰਾਂ ਅਤੇ ਸੂਬਿਆਂ ਨਾਲ ਗੱਲਬਾਤ ਕਰ ਰਹੀ ਹੈ ਅਤੇ ਉਹਨਾਂ ਦੀ ਹਰ ਤਰ੍ਹਾਂ ਦੀ ਮਦਦ ਕਰਨ ਲਈ ਵਚਨਬੱਧ ਹੈ, ਚਾਹੇ ਉਹ ਪਹਿਲ ਦੇ ਆਧਾਰ 'ਤੇ ਸੀਨੀਅਰਜ਼ ਤੱਕ ਵੈਕਸੀਨ ਪਹੁੰਚਾਉਣਾ ਹੋਵੇ ਜਾਂ ਸੀਏਐੱਫ ਰਾਹੀਂ ਬਜ਼ੁਰਗਾਂ ਦੀ ਦੇਖਭਾਲ ਅਤੇ ਪ੍ਰਬੰਧਨ 'ਚ ਮਦਦ ਮੁਹੱਈਆ ਕਰਵਾਉਣੀ ਹੋਵੇ। ਉਹਨਾਂ ਦੱਸਿਆ ਕਿ ਸਰਕਾਰ ਵੱਲੋਂ ਕੋਵਿਡ-19 ਤੋਂ ਸੁਰੱਖਿਆ ਲਈ ਸੂਬਿਆਂ ਅਤੇ ਸ਼ਹਿਰਾਂ ਨੂੰ 740 ਮਿਲੀਅਨ ਡਾਲਰ ਦੀ ਫੰਡਿੰਗ ਮੁਹੱਈਆ ਕਰਵਾਈ ਗਈ ਹੈ। ਇਸ ਤੋਂ ਇਲਾਵਾ ਫਾਲ ਇਕੋਨਮਿਕ ਸਟੇਟਮੈਂਟ 'ਚ ਲੌਂਗ ਟਰਮ ਕੇਅਰ ਫੰਡ ਲਈ 1 ਬਿਲੀਅਨ ਡਾਲਰ ਦੀ ਰਾਸ਼ੀ ਸੁਰੱਖਿਅਤ ਰੱਖੀ ਗਈ ਹੈ।

ਇਸਦੇ ਨਾਲ ਹੀ ਐੱਮ.ਪੀ ਸੋਨੀਆ ਸਿੱਧੂ ਨੇ ਓਨਟਾਰੀਓ 'ਚ ਮੁੜ੍ਹ ਤੋਂ ਐਮਰਜੈਂਸੀ ਐਲਾਨੇ ਜਾਣ ਦੇ ਸਬੰਧ 'ਚ ਗੱਲ ਕਰਦਿਆਂ ਕਿਹਾ ਕਿ ਜਦੋਂ ਤੱਕ ਸਾਰਿਆਂ ਤੱਕ ਕੋਵਿਡ-19 ਵੈਕਸੀਨ ਦੀ ਪਹੁੰਚ ਨਹੀਂ ਹੁੰਦੀ, ਉਦੋਂ ਤੱਕ ਅਸੀਂ ਸਾਰਿਆਂ ਨੂੰ ਕੋਵਿਡ-19 ਦੇ ਫੈਲਾਅ ਨੂੰ ਸੀਮਤ ਰੱਖਣ ਅਤੇ ਇਕ ਦੂਜੇ ਨੂੰ ਸੁਰੱਖਿਅਤ ਰੱਖਣ ਲਈ ਮਿਲ ਕੇ ਕੰਮ ਕਰਨਾ ਹੋਵੇਗਾ।ਜਿੰਨਾ ਸੰਭਵ ਹੋ ਸਕੇ ਬਿਨ੍ਹਾਂ ਲੋੜ੍ਹ ਤੋਂ ਘਰ ਤੋਂ ਬਾਹਰ ਨਾ ਜਾਈਏ, ਸਰੀਰਕ ਦੂਰੀ ਬਣਾਈ ਰੱਖੀਏ, ਅਤੇ ਕੋਵਿਡ-19 ਅਲਰਟ ਐਪ ਡਾਊਨਲੋਡ ਕਰਕੇ ਇੱਕ ਦੂਜੇ ਨੂੰ ਸੰਭਾਵੀ ਖ਼ਤਰੇ ਤੋਂ ਬਚਾਉਣ ਦੀ ਕੋਸ਼ਿਸ਼ ਕਰੀਏ।

## ਇਟਲੀ ਵਿੱਚ ਗਠਜੋੜ ਸਰਕਾਰ ਡਿੱਗੀ, ਸਿਆਸੀ ਸੰਕਟ ਸ਼ੁਰੂ

ਰੋਮ, 14 ਜਨਵਰੀ, (ਪੋਸਟ ਬਿਊਰੋ)- ਇਟਲੀ ਵਿੱਚ ਪ੍ਰਧਾਨ ਮੰਤਰੀ ਜੁਸੇਪੇ ਕੌਂਤੇ ਦੀ 5 ਸਤੰਬਰ 2019 ਨੂੰ ਗਠਜੋੜ ਨਾਲ ਬਣੀ ਸਰਕਾਰ ਅੱਜ ਡਿੱਗ ਗਈ ਹੈ। ਇਸ ਸਰਕਾਰ ਨੂੰ ਬਣਾਉਣ ਵਿਚ ਮੂਵਮੈਂਟ 5 ਸਟਾਰ, ਪੀ ਡੀ ਅਤੇ ਲੇਗਾ ਪਾਰਟੀ ਨੇ ਹੋਰਨਾਂ ਨਾਲ ਗਠਜੋੜ ਕਰਕੇ ਅਹਿਮ ਭੂਮਿਕਾ ਨਿਭਾਈ ਸੀ ਅਤੇ ਇਸ ਵਿਚ ਇਤਾਲੀਆ ਵੀਵਾ ਪਾਰਟੀ ਦੀ ਤੇਰੇਸਾ ਬੈਲਾਨੋਵਾ ਨੂੰ ਖੇਤੀ, ਖ਼ੁਰਾਕ, ਜੰਗਲਾਤ ਤੇ ਸੈਰ ਸਪਾਟਾ ਮੰਤਰੀ ਬਣਾਇਆ ਗਿਆ ਸੀ। 15 ਮਹੀਨੇ ਚੱਲੀਇਸ ਸਰਕਾਰ ਨੂੰ ਡੇਗਣ ਵਿਚ ਵੀਵਾ ਪਾਰਟੀ ਦੇ ਪ੍ਰਧਾਨ ਮਤੇਓ ਰੇਨਜ਼ੀ ਦੀ ਅਹਿਮ ਭੂਮਿਕਾ ਰਹੀ ਹੈ ਕਿਉਂਕਿ ਪ੍ਰਧਾਨ ਮੰਤਰੀ ਕੌਂਤੇ ਤੋਂ ਨਾਰਾਜ਼ ਹੋਏ ਮਤੇਓ ਰੇਨਜ਼ੀ ਨੇ ਅੱਜ ਚੈਂਬਰ ਵਿਚ ਆਪਣੇ ਸਾਥੀਆਂ ਸਣੇ ਅਸਤੀਫ਼ਾ ਦੇ ਦਿੱਤਾ। ਪ੍ਰਧਾਨ ਮੰਤਰੀ ਕੌਂਤੇ ਨੇ ਆਪਣੇ ਵੱਲੋਂ ਕਾਫ਼ੀ ਜੱਦੋ-ਜਹਿਦ ਕੀਤੀ ਕਿ ਸਰਕਾਰ ਬਣੀ ਰਹੇ, ਪਰ ਉਨ੍ਹਾਂ ਦੀ ਪੇਸ਼ ਨਹੀਂਚੱਲੀਅਤੇ ਉਨ੍ਹਾਂ ਨੂੰ ਰੇਨਜ਼ੀ ਅਤੇ ਉਨ੍ਹਾਂ ਦੇ ਸਾਥੀਆਂ ਦੇ ਅਸਤੀਫ਼ੇ ਪ੍ਰਵਾਨ ਕਰਨੇ ਪਏ ਹਨ।



ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਦੇ ਸੰਕਟ ਨੇ ਇਟਲੀ ਨੂੰ ਬੁਰੀ ਤਰ੍ਹਾਂ ਝੰਬਿਆ ਹੋਇਆ ਹੈ, ਇਸ ਹਾਲਤ ਵਿੱਚ ਸਰਕਾਰ ਦਾ ਡਿੱਗਣਾ ਦੇਸ਼ ਨੂੰ ਹੋਰ ਵੀ ਆਰਥਿਕ ਮੰਦਹਾਲੀ ਵੱਲ ਧੱਕ ਸਕਦਾ ਹੈ। ਪ੍ਰਧਾਨ ਮੰਤਰੀ ਜੁਸੇਪੇ ਕੌਂਤੇ ਨੇ ਮੀਡੀਆ ਨੂੰ ਦੱਸਿਆ ਕਿ ਰੇਨਜ਼ੀ ਉਨ੍ਹਾਂ ਨੂੰ ਕਈ ਵਾਰ ਕਹਿ ਚੁੱਕੇ ਹਨ ਕਿ ਉਨ੍ਹਾਂ ਦੀ ਪਾਰਟੀ ਇਸ ਗਠਜੋੜ ਤੋਂ ਨਿਕਲਣਾ ਚਾਹੁੰਦੀ ਹੈ, ਜਿਸ ਕਾਰਨ ਸਥਿਤੀ ਕਾਫ਼ੀ ਤਣਾਅ ਪੂਰਨ ਸੀ, ਪਰ ਉਹ ਆਪਣੇ ਵੱਲੋਂ ਸਰਕਾਰ ਬਚਾਉਣ ਵਿਚ ਲੱਗੇ ਹੋਏ ਸਨ। ਇਸ ਤੋਂ ਪਹਿਲਾਂ ਯੂਰਪੀ ਯੂਨੀਅਨ ਵੱਲੋਂ ਇਟਲੀ ਨੂੰ ਕੋਵਿਡ-19 ਕਾਰਨ ਦਿੱਤੇ ਗਏ 222.9 ਬਿਲੀਅਨ ਯੂਰੋ ਨੂੰ ਖਰਚਣ ਦੀ ਯੋਜਨਾ ਬਣਾਉਣ ਸਮੇਂ ਵਿਵਾਦ ਖੜ੍ਹਾ ਹੋ ਗਿਆ ਸੀ।

## ਅ ਅੱਜ ਨਾਮਾ >>

ਹੇਮਾ ਮਾਲਿਨੀ ਜਿੰਦਣ ਸੀ ਚੁੱਪ ਤੋੜੀ,
ਲੱਗੀ ਵੰਡਣ ਸੀ ਨਵਾਂ ਗਿਆਨ ਭਾਈ।
ਆਖੇ ਨੀਤੀ ਜੋ ਮੋਦੀ ਸਰਕਾਰ ਦੀ ਆ,
ਉਹਨੂੰ ਜਾਣ ਨਹੀਂ ਸਕੇ ਕਿਸਾਨ ਭਾਈ।
ਲਾਗੂ ਨਵਾਂ ਕਾਨੂੰਨ ਜਦ ਹੋਏਗਾ ਇਹ,
ਵੇਖਿਓ ਹੁੰਦੇ ਕਿਸਾਨ ਧਨਵਾਨ ਭਾਈ।
ਚੰਗਾ ਆਗੂ ਤਾਂ ਦੇਸ਼ ਨੂੰ ਮਸਾਂ ਮਿਲਿਆ,
ਜਿਸ ਦੀ ਸੋਚ ਹੈ ਬਹੁਤ ਮਹਾਨ ਭਾਈ।
ਅੱਗੇ ਸੰਨੀ ਦਿਓਲ ਪਿਆ ਬੁਰਾ ਫਸਿਆ,
ਨਿਕਲੀ ਹੇਮਾ ਵੀ ਭਾਲਣ ਨੂੰ ਭੱਲ ਭਾਈ।
ਰਹਿੰਦਾ ਚੁੱਪ ਧਰਮਿੰਦਰ, ਪਰ ਕੋੜਮੇ ਨੇ,
ਖੜਕਾਏ ਅਕਲ ਦੇ ਪਏ ਆ ਟੱਲ ਭਾਈ।

**ਤੀਸ ਮਾਰ ਖਾਂ**

# ਸੁਪਰੀਮ ਕੋਰਟ ਦੀ ਬਣਾਈ ਚਾਰ ਮੈਂਬਰੀ ਕਮੇਟੀ ਤੋਂ ਭੁਪਿੰਦਰ ਸਿੰਘ ਮਾਨ ਦਾ ਅਸਤੀਫਾ

## * ਚੁਫੇਰਿਉਂ ਪਏ ਦਬਾਅ ਕਾਰਨ ਮਾਨ ਨੇ ਬੋਲੀ ਬਦਲੀ

ਨਵੀਂ ਦਿੱਲੀ, 14 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਦੀ ਘੋਖ ਕਰਨ ਬਾਰੇ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਦੇ ਚਾਰ ਮੈਂਬਰਾਂ ਵਿੱਚੋਂਇੱਕਅਤੇ ਭਾਰਤੀ ਕਿਸਾਨ ਯੂਨੀਅਨ ਦੇ ਇੱਕ ਧੜੇ ਦੇ ਪ੍ਰਧਾਨ ਭੁਪਿੰਦਰ ਸਿੰਘ ਨੇ ਅੱਜ ਵੀਰਵਾਰ ਆਪਣੇ ਆਪ ਨੂੰ ਕਮੇਟੀ ਤੋਂ ਵੱਖ ਕਰ ਲਿਆ ਹੈ। ਮਾਨ ਨੇ ਕਿਹਾ ਕਿ ਉਹ ਕਮੇਟੀ ਵਿਚ ਨਾਮਜ਼ਦ ਕੀਤੇ ਜਾਣ ਲਈ ਸੁਪਰੀਮ ਕੋਰਟ ਦੇ ਸ਼ੁਕਰਗੁਜ਼ਾਰ ਹਨ, ਪਰ ਉਨ੍ਹਾਂ ਨੂੰ ਮਿਲੇ ਕਿਸੇ ਵੀ



ਅਹੁਦੇ ਨੂੰ ਕੁਰਬਾਨ ਕਰ ਦੇਣਗੇ ਤਾਂ ਜੋ ਕਿਸਾਨਾਂ ਦੇ ਹਿੱਤਾਂ ਦਾ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਹੋਵੇ।

ਭੁਪਿੰਦਰ ਸਿੰਘ ਮਾਨ ਨੇ ਇਕ ਬਿਆਨ ਜਾਰੀ ਕੀਤਾ ਹੈ ਕਿ 'ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨ ਕਾਨੂੰਨਾਂ ਦੇ ਬਾਰੇ ਕਿਸਾਨ ਯੂਨੀਅਨਾਂ ਨਾਲ ਗੱਲਬਾਤ ਲਈ ਮੈਨੂੰ 4 ਮੈਂਬਰੀ ਕਮੇਟੀ ਵਿਚ ਨਾਮਜ਼ਦ ਕਰਨ ਲਈ ਮੈਂ ਸੁਪਰੀਮ ਕੋਰਟ ਦਾ ਧੰਨਵਾਦ ਕਰਦਾ ਹਾਂ।' ਉਨ੍ਹਾਂ ਕਿਹਾ ਕਿ ਮੈਂ ਕਿਸਾਨ ਅਤੇ ਯੂਨੀਅਨਆਗੂ ਹੋਣ ਦੇ ਨਾਤੇ ਆਮ ਤੌਰ ਉੱਤੇ ਖੇਤੀ ਯੂਨੀਅਨਾਂ ਤੇ ਆਮ ਲੋਕਾਂ ਵਿੱਚ ਮੌਜੂਦਾ ਭਾਵਨਾਵਾਂ ਤੇ ਸ਼ੱਕ ਦੇ ਕਾਰਨ ਕਿਸੇ ਵੀ ਪੇਸ਼ਕਸ਼ ਜਾਂ ਦਿੱਤੇ ਗਏ ਅਹੁਦੇ ਦੀ ਕੁਰਬਾਨੀ ਦੇਣ ਨੂੰ ਤਿਆਰ ਹਾਂ ਤਾਂ ਕਿ ਪੰਜਾਬ ਤੇ ਕਿਸਾਨਾਂ ਦੇ ਹਿੱਤਾਂ ਨਾਲ ਸਮਝੌਤਾ ਨਾ ਹੋਵੇ। ਮੈਂ ਇਸ ਕਮੇਟੀ ਤੋਂ ਆਪਣੇ ਆਪ ਨੂੰ ਹਟਾ ਰਿਹਾ ਹਾਂ ਅਤੇ ਮੈਂ ਹਮੇਸ਼ਾਂ ਆਪਣੇ ਕਿਸਾਨਾਂ ਅਤੇ ਪੰਜਾਬ ਦੇ ਨਾਲ ਖੜੋਵਾਂਗਾ।'

ਇਸ ਤੋਂ ਪਹਿਲਾਂ ਭੁਪਿੰਦਰ ਸਿੰਘ ਮਾਨ ਨੂੰ ਭਾਰਤ ਸਰਕਾਰ ਦੇ ਇਨ੍ਹਾਂ ਕਾਨੂੰਨਾਂ ਦੀ ਹਮਾਇਤ ਕਰ ਚੁੱਕੇ ਦੱਸੇ ਜਾਣ ਦੇ ਬਾਅਦ ਉਨ੍ਹਾਂ ਉੱਤੇ ਜਨਤਕ ਦਬਾਅ ਵਧ ਗਿਆ ਸੀ, ਜਿਸ ਕਾਰਨ ਉਨ੍ਹਾਂ ਨੇ ਬੋਲੀ ਬਦਲ ਲਈ ਹੈ।

# ਮਹਾਰਾਸ਼ਟਰ ਦੇ ਮੰਤਰੀ ਧਨੰਜਯ ਮੁੰਡੇ ਉੱਤੇ ਬਲਾਤਕਾਰ ਦਾ ਦੋਸ਼

ਮੁੰਬਈ, 14 ਜਨਵਰੀ (ਪੋਸਟ ਬਿਊਰੋ)- ਇੱਕ ਔਰਤ ਨੇ ਮਹਾਰਾਸ਼ਟਰ ਦੇ ਸਮਾਜਿਕ ਨਿਆਂ ਮੰਤਰੀ ਧਨੰਜਯ ਮੁੰਡੇ ਉਤੇ ਬਲਾਤਕਾਰ ਕਰਨ ਦਾ ਦੋਸ਼ ਲਾ ਕੇ ਕਿਹਾ ਹੈ ਕਿ ਮੁੰਬਈ ਪੁਲਸ ਨੇ ਸ਼ਿਕਾਇਤ ਨੂੰ ਨਜ਼ਰਅੰਦਾਜ਼ ਕੀਤਾ ਹੈ।

37 ਸਾਲ ਦੀ ਉਕਤ ਔਰਤ ਨੇ ਕਿਹਾ ਕਿ ਮੈਂ 10 ਜਨਵਰੀ ਨੂੰ ਮੁੰਬਈ ਪੁਲਸ ਦੇ ਕਮਿਸ਼ਨਰ ਨੂੰ ਸ਼ਿਕਾਇਤ ਕੀਤੀ ਸੀ ਕਿ ਧਨੰਜਯ ਮੁੰਡੇ ਨੇ 2006 ਵਿੱਚ ਮੇਰੇ ਨਾਲ ਕਈ ਵਾਰ ਬਲਾਤਕਾਰ ਕੀਤਾ। ਉਸ ਨੇ ਦੋਸ਼ ਲਾਇਆ ਕਿ ਉਸ ਨੇ ਪਹਿਲਾਂ ਓਸ਼ੀਵਾਰਾ ਪੁਲਸ ਨਾਲ ਸੰਪਰਕ ਕੀਤਾ ਸੀ, ਪਰ ਸ਼ਿਕਾਇਤ ਦਰਜ ਨਹੀਂ ਕੀਤੀ ਗਈ। ਐਨ ਸੀ ਪੀ ਪਾਰਟੀ ਦੇ ਆਗੂ ਧਨੰਜਨ ਮੁੰਡੇ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਸ਼ਿਕਾਇਤਕਰਤਾ ਤੇ ਉਸ

***ਮੰਤਰੀ ਨੇ ਕਿਹਾ: ਔਰਤ ਦੀ ਭੈਣ ਨਾਲ ਵੀ ਸੰਬੰਧ ਸਨ**

ਦੀ ਭੈਣ ਵੱਲੋਂ ਮੈਨੂੰ ਬਲੈਕਮੇਲ ਕੀਤਾ ਜਾ ਰਿਹਾ ਹੈ। ਮੁੰਡੇ ਨੇ ਕਿਹਾ ਕਿ ਸ਼ਿਕਾਇਤਕਰਤਾ ਦੀ ਭੈਣ ਨਾਲ ਮੇਰਾ ਰਿਸ਼ਤਾ ਸੀ ਤੇ ਮੈਂ ਉਸ ਦੇ 2 ਬੱਚਿਆਂ ਦਾ ਪਿਤਾ ਹਾਂ। 45 ਸਾਲਾ ਮੁੰਡੇ ਨੇ ਕਿਹਾ ਕਿ ਮੇਰੀ ਪਤਨੀ, ਪਰਿਵਾਰ ਦੇ ਮੈਂਬਰਾਂ ਅਤੇ ਹੋਰਨਾਂ ਨੂੰ ਇਸ ਦਾ ਪਤਾ ਹੈ ਅਤੇ ਮੇਰੇ ਪਰਵਾਰ ਨੇ ਉਕਤ ਦੋਵਾਂ ਬੱਚਿਆਂ ਨੂੰ ਪ੍ਰਵਾਨ ਕੀਤਾ ਹੈ, ਜਦ ਕਿ ਦੋਸ਼ ਲਾਉਣ ਵਾਲੀ ਔਰਤ 2 ਸਾਲ ਤੋਂ ਬਲੈਕਮੇਲ ਕਰ ਰਹੀ ਹੈ। ਮੈਂ ਅਪਮਾਨਜਨਕ ਸਮੱਗਰੀ ਵੰਡਣ ਤੋਂ ਰੋਕਣ ਲਈ ਬੰਬਈ ਹਾਈ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ ਸੀ।

# ਪੰਜਾਬ ਸਰਕਾਰ ਦਾ ਸਖਤ ਸਟੈਂਡ: ਮੋਦੀ ਸਰਕਾਰ ਦੇ ਖੇਤੀ ਕਾਨੂੰਨ ਰੱਦ ਕਰਵਾਉਣ ਤੋਂ ਘੱਟ ਕੁਝ ਵੀ ਪ੍ਰਵਾਨ ਨਹੀਂ



ਚੰਡੀਗੜ੍ਹ, 14 ਜਨਵਰੀ, (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਅੱਜ ਵੀਰਵਾਰ ਨੂੰ ਪੰਜਾਬ ਸਰਕਾਰ ਨੇ ਆਪਣੇ ਰਾਜ ਅਤੇ ਇਸ ਦੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਤਰ੍ਹਾਂ ਦੇ ਕਦਮ ਚੁੱਕਣ ਉੱਤੇ ਜ਼ੋਰ ਦਿੰਦਿਆਂ ਕਹਿ ਦਿਤਾ ਹੈ ਕਿ ਕੇਂਦਰ ਸਰਕਾਰ ਵੱਲੋਂ ਬਣਾਏ ਖੇਤੀ ਕਾਨੂੰਨਾਂ, ਜਿਹੜੇ ਕਿਸਾਨ ਵਿਰੋਧੀ, ਦੇਸ਼ ਵਿਰੋਧੀ ਤੇ ਖ਼ੁਰਾਕ ਸੁਰੱਖਿਆ ਪ੍ਰਬੰਧ ਦੇ ਵਿਰੋਧੀ ਹਨ, ਨੂੰ ਰੱਦ ਕਰਨ ਤੋਂ ਘੱਟ ਕੁਝ ਵੀ ਪ੍ਰਵਾਨ ਨਹੀਂ ਹੋਵੇਗਾ।

ਅੱਜ ਏਥੇ ਰਾਜ ਸਰਕਾਰ ਦੀ ਮੀਟਿੰਗ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਜ਼ਮੀਨੀ ਹਕੀਕਤਾਂ ਤੋਂ ਕੋਹਾਂ ਦੂਰ ਫਿਰਦੀ ਹੈ। ਪੰਜਾਬ ਦੇ ਮੰਤਰੀਆਂ ਨੇ ਇਕ ਸੁਰ ਵਿਚ ਕਿਹਾ ਹੈ ਕਿ ਮੌਜੂਦਾ ਮੁਸ਼ਕਲ ਹਾਲਾਤ ਨਾਲ ਨਿਪਟਣ ਲਈ ਖੇਤੀ ਕਾਨੂੰਨਾਂ ਨੂੰ ਵਾਪਸ ਲੈਣਾ ਹੀ ਮਸਲੇ ਦਾ ਇਕੋ-ਇਕ ਹੱਲ ਹੈ। ਉਨ੍ਹਾ ਨੇ ਇਹ ਵੀ ਮੰਗ ਕੀਤੀ ਕਿ ਕੇਂਦਰ ਸਰਕਾਰ ਵਲੋਂ ਫਸਲਾਂ ਦੀ ਖਰੀਦ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਭਾਰਤ ਦੇ ਕਿਸਾਨਾਂ ਦਾ ਕਾਨੂੰਨੀ ਅਧਿਕਾਰ ਬਣਾਇਆ ਜਾਣਾ ਚਾਹੀਦਾ ਹੈ, ਕਿਉਂਕਿ ਕਿਸਾਨ ਦੇਸ਼ ਦਾ ਢਿੱਡ ਭਰਦੇ ਹਨ ਤੇ ਇਸ ਦੇ ਬਾਵਜੂਦਉਨ੍ਹਾਂ ਨੂੰ ਆਪਣੀ ਉਪਜ ਦਾ ਬਹੁਤ ਘੱਟ ਮੁੱਲ ਮਿਲ ਰਿਹਾ ਹੈ।

ਪੰਜਾਬ ਕੈਬਨਿਟ ਦੀ ਮੀਟਿੰਗ ਦੇ ਸ਼ੁਰ ਵਿੱਚ ਮੰਤਰੀਆਂ ਨੇ ਕਿਸਾਨੀ ਅੰਦੋਲਨ ਵਿੱਚਮਾਰੇ ਗਏ ਕਿਸਾਨਾਂ ਦੀ ਯਾਦ ਵਿਚ ਦੋ ਮਿੰਟ ਮੌਨ ਰਖਿਆ। ਵਰਨਣ ਯੋਗ ਹੈ ਕਿ ਇਸ ਕਿਸਾਨੀ ਸੰਘਰਸ਼ ਦੌਰਾਨਲੱਗਭੱਗ 78 ਕਿਸਾਨਾਂ ਦੀ ਮੌਤ ਹੋ ਚੁੱਕੀ ਹੈ। ਕੈਬਨਿਟ ਨੇ ਕਿਹਾ ਕਿ ਸੰਘਰਸ਼ ਵਿੱਚ ਹੋਰ ਜਾਨੀ ਨੁਕਸਾਨ ਤੋਂ ਬਚਣ ਲਈ ਸਮੱਸਿਆ ਦਾ ਹੱਲਛੇਤੀ ਕੱਢਣ ਦੀ ਲੋੜ ਹੈ। ਪੰਜਾਬ ਸਰਕਾਰ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਸੰਘਰਸ਼ ਕਰਦੇ ਕਿਸਾਨਾਂ ਦੀਆਂ ਚਿੰਤਾ ਮੰਨੀ ਤੇ ਉਨ੍ਹਾਂ ਦੇ ਦਰਦ ਤੇ ਪੀੜ ਨੂੰ ਤਸਦੀਕ ਕੀਤਾ ਹੈ ਤੇ ਭਾਰਤ ਸਰਕਾਰ ਨੂੰ ਇਸ ਮੁੱਦੇ ਨੂੰ ਵੱਕਾਰ ਤੇ ਹਉਮੇ ਦਾ ਮੁੱਦਾ ਨਹੀਂ ਬਣਾਉਣਾ ਚਾਹੀਦਾ, ਕਿਉਂਕਿ ਜੇ ਇਹ ਮੁੱਦਾ ਅਣਸੁਲਝਿਆ ਰਿਹਾ ਤਾਂ ਕਈ ਦਹਾਕਿਆਂ ਤੱਕ ਕੀਮਤ ਚੁਕਾਉਣੀ ਪਵੇਗੀ।

# ਰਾਜੇਵਾਲ ਨੇ ਸਥਿਤੀ ਸਪੱਸ਼ਟ ਕੀਤੀ: ਟਰੈਕਟਰ ਮਾਰਚਲਾਲ ਕਿਲ੍ਹੇ ਵੱਲ ਨਹੀਂ, ਸਿਰਫ ਦਿੱਲੀ ਸਰਹੱਦ ਉੱਤੇ ਹੋਵੇਗਾ

ਨਵੀਂ ਦਿੱਲੀ, 14 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਤੋਂ ਨਾਰਾਜ਼ ਕਿਸਾਨ ਪਿਛਲੇ 50 ਦਿਨਾਂ ਤੋਂ ਦਿੱਲੀਦੇ ਬਾਰਡਰ ਉੱਤੇ ਪ੍ਰਦਰਸ਼ਨ ਕਰ ਰਹੇ ਹਨ ਅਤੇ ਸੱਤ ਹਫ਼ਤਿਆਂ ਤੋਂ ਵੱਧ ਲੰਘਣਪਿੱਛੋਂ ਵੀ ਕਿਸਾਨਾਂ ਤੇ ਸਰਕਾਰ ਵਿਚਾਲੇ ਕੋਈ ਸਮਝੌਤਾ ਨਹੀਂ ਹੋਇਆ। ਕਿਸਾਨਾਂ ਵੱਲੋਂ ਕੀਤੇ ਜਾ ਰਹੇ ਅੰਦੋਲਨ ਦੌਰਾਨ ਖ਼ਬਰਾਂ ਆਈਆਂ ਹਨ ਕਿ 26 ਜਨਵਰੀ ਨੂੰ ਕਿਸਾਨ ਲਾਲ ਕਿਲ੍ਹੇਅੱਗੇ ਟਰੈਕਟਰ ਰੈਲੀ ਕੱਢਣਗੇ। ਇਸ ਬਾਰੇ ਕਿਸਾਨ ਸੰਗਠਨਾਂ ਨੇ ਕਿਹਾ ਹੈ ਕਿ ਹਾਲੇ ਕਿਸਾਨ ਸਿਰਫ ਦਿੱਲੀ ਬਾਰਡਰ ਉੱਤੇ ਹੀ ਰੈਲੀ ਕਰਨਗੇ।



ਇਸ ਸੰਬੰਧ ਵਿੱਚ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਅੱਜ ਕਿਸਾਨਾਂ ਨੂੰ ਇੱਕ ਖੁੱਲ੍ਹੇ ਪੱਤਰ ਵਿੱਚ ਸਪਸ਼ਟ ਕੀਤਾ ਹੈ ਕਿ ਟਰੈਕਟਰ ਮਾਰਚ ਸਿਰਫ ਹਰਿਆਣਾ-ਦਿੱਲੀਬਾਰਡਰ ਉੱਤੇਹੋਵੇਗਾ ਤੇ ਕਿਸਾਨਾਂ ਦਾ ਲਾਲ ਕਿਲ੍ਹੇਵੱਲ ਟਰੈਕਟਰ ਰੈਲੀ ਕਰਨ ਦਾ ਇਰਾਦਾ ਨਹੀਂ। ਉਨ੍ਹਾਂ ਨੇ ਉਨ੍ਹਾਂ ਵੱਖਵਾਦੀ ਤਾਕਤਾਂ ਤੋਂ ਕਿਸਾਨਾਂ ਨੂੰ ਦੂਰ ਰਹਿਣ ਨੂੰ ਕਿਹਾ ਹੈ, ਜੋ ਲਾਲ ਕਿਲ੍ਹੇ ਦੇ ਬਾਹਰ ਟਰੈਕਟਰ ਮਾਰਚ ਦੀ ਗੱਲ ਕਰਦੀਆਂ ਹਨ।

ਵਰਨਣ ਯੋਗ ਹੈ ਕਿ ਸੰਗਠਨ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਇੱਕ ਕਮੇਟੀ ਬਣਾਉਣ ਦੇ ਫੈਸਲੇ ਤੋਂ ਵੀ ਕਿਸਾਨ ਸੰਤੁਸ਼ਟ ਨਹੀਂ ਹਨ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ ਕਿਸਾਨਾਂ ਨੇ ਲੋਹੜੀ ਦੇਮੌਕੇ ਖੇਤੀਬਾੜੀ ਕਾਨੂੰਨ ਦੀਆਂ ਕਾਪੀਆਂ ਸਾੜੀਆਂ ਅਤੇ ਅੰਦੋਲਨ ਨੂੰ ਹੋਰ ਤੇਜ਼ ਕਰਨ ਦੀ ਅਪੀਲ ਕੀਤੀ ਹੈ। ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰਨੇ ਮੇਲਾ ਮਾਘੀ ਮੌਕੇ ਮੁਕਤਸਰ ਸਾਹਿਬ ਦੀ ਮਲੋਟ ਰੋਡ ਉੱਤੇ ਵਿਸ਼ਾਲ ਇਕੱਠ ਕੀਤਾ, ਜਿਸ ਨੂੰ ਸੰਬੋਧਨ ਕਰਦਿਆ ਜਗਜੀਤ ਸਿੰਘ ਡੱਲੇਵਾਲ ਨੇ ਕਿਸਾਨਾਂ ਨੂੰ 26 ਜਨਵਰੀ ਦੇਦਿੱਲੀ ਟਰੈਕਟਰ ਮਾਰਚ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਤੇਕਿਹਾ ਕਿ ਸਾਡਾ ਇਕੋ ਮਕਸਦ ਤਿੰਨੇ ਕਾਨੂੰਨ ਰੱਦ ਕਰਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਅੰਦੋਲਨ ਹਾਲੇ ਤਕ ਸ਼ਾਂਤਮਈ ਹੈਅਤੇ ਅਗੇ ਵੀ ਸ਼ਾਂਤਮਈ ਰਹੇਗਾ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋ ਬਣਾਈ ਕਮੇਟੀ ਵਿਚ ਸ਼ਾਮਲ ਚਾਰੇ ਵਿਅਕਤੀ ਸਰਕਾਰ ਪੱਖੀ ਹਨ ਅਤੇ ਕਿਸਾਨ ਜਥੇਬੰਦੀਆਂ ਨੂੰ ਕੋਈ ਵੀ ਕਮੇਟੀ ਪ੍ਰਵਾਨ ਨਹੀਂ। ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀ ਅਨਸਰ ਇਸ ਅੰਦੋਲਨ ਨੂੰ ਭੜਕਾਉਣਾ ਜਾਂ ਹੋਰ ਪਾਸੇ ਲਿਜਾਣਾ ਚਾਹੁੰਦੇ ਹਨ, ਪਰ ਸਭ ਕਿਸਾਨ ਜਥੇਬੰਦੀਆਂ ਇਸ ਗਲ ਉੱਤੇ ਸਹਿਮਤ ਹਨ ਕਿ ਅੰਦੋਲਨ ਪੂਰੀ ਤਰਾਂ ਸ਼ਾਂਤਮਈ ਤਰੀਕੇ ਨਾਲ ਓਦੋਂ ਤੱਕ ਚੱਲੇਗਾ, ਜਦੋਂ ਤਕ ਕਾਨੂੰਨ ਰੱਦ ਨਹੀਂ ਹੁੰਦੇ। ਡੱਲੇਵਾਲ ਨੇ ਸ਼ੱਕ ਜ਼ਾਹਰ ਕੀਤਾ ਕਿ ਅਸੀਂ ਸੁਪਰੀਮ ਕੋਰਟ ਦੀ ਕਮੇਟੀ ਨੂੰ ਨਹੀਂ ਮੰਨਿਆ, ਇਸ ਲਈ ਹੋ ਸਕਦਾ ਕਿ ਸਾਡੇ ਉੱਤੇ ਕੋਰਟ ਦੀ ਉਲੰਘਣਾ ਦਾ ਕੇਸ ਕੀਤਾ ਜਾਵੇ ਤੇ ਸਾਨੂੰ ਆਗੂਆਂ ਨੂੰ ਜੇਲ ਭੇਜਿਆ ਜਾਵੇ, ਪਰ ਅੰਦੋਲਨ ਫਿਰ ਵੀ ਚੱਲੇਗਾ ਅਤੇ ਸ਼ਾਂਤਮਈ ਚਲੇਗਾ।

# ਆਈ ਟੀ ਕੰਪਨੀਆਂ ਵੱਲੋਂ ਪਿਛਲੀ ਤਿਮਾਹੀ ਵਿੱਚ ਬਿਹਤਰ ਕਮਾਈ

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਜੀ ਐਸ ਟੀ ਟੈਕਸ ਕੁਲੈਕਸ਼ਨ ਅਤੇ ਹੋਰ ਆਰਥਿਕ ਸੰਕੇਤਾਂ ਦੇ ਨਾਲ ਦੇਸ਼ ਦੀ ਇਕੋਨੋਮੀ ਵਿੱਚ ਸੁਧਾਰ ਦੀ ਗਵਾਹੀ ਭਾਰਤ ਦੀਆਂ ਆਈ ਟੀ ਕੰਪਨੀਆਂ ਦੇ ਤਿਮਾਹੀ ਨਤੀਜੇ ਦੇ ਰਹੇ ਹਨ।

ਭਾਰਤ ਦੀ ਦੂਸਰੀ ਸਭ ਤੋਂ ਵੱਡੀ ਆਈ ਟੀ ਕੰਪਨੀ ਇਨਫੋਸਿਸ ਨੇ ਦਸੰਬਰ 2020 ਨੂੰ ਖਤਮ ਹੋਈ ਤਿਮਾਹੀ ਵਿੱਚ 5,197 ਕਰੋੜ ਰੁਪਏ ਮੁਨਾਫਾ ਦਰਜ ਕੀਤਾ ਹੈ। ਇੱਕ ਸਾਲ ਪਹਿਲਾਂ ਦੇ 4,457 ਕਰੋੜ ਦੇ ਮੁਕਾਬਲੇ ਕੰਪਨੀ ਦੇ ਮੁਨਾਫੇ ਵਿੱਚ 16.6 ਫੀਸਦੀ ਵਾਧਾ ਹੋਇਆ ਹੈ। ਆਈ ਟੀ ਫਰਮ ਵਿਪਰੋ ਦਾ ਮੁਨਾਫਾ ਕਰੀਬ 21 ਫੀਸਦੀ ਵਧਿਆ ਹੈ।

ਇਨਫੋਸਿਸ ਨੇ ਰੈਗੂਲੇਟਰੀ ਫਾਈਲਿੰਗ ਵਿੱਚ ਦੱਸਿਆ ਕਿ ਚਾਲੂ ਵਿੱਤੀ ਸਾਲ ਦੀ ਤੀਸਰੀ ਤਿਮਾਹੀ (ਅਕਤੂਬਰ-ਦਸੰਬਰ 2020) ਵਿੱਚ ਕੰਪਨੀ ਦੀ ਆਮਦਨ 12.3 ਫੀਸਦੀ ਵਧ ਕੇ 25,927 ਕਰੋੜ ਰੁਪਏ ਹੋਈ ਸੀ। ਕੰਪਨੀ ਦੇ ਸੀ ਈ ਓ ਅਤੇ ਐਮ ਡੀ ਸਲਿਲ ਪਾਰਿਖ ਨੇ ਕਿਹਾ, 'ਇਨਫੋਸਿਸ ਦੀ ਟੀਮ ਨੇ ਇੱਕ ਹੋਰ ਤਿਮਾਹੀ ਵਿੱਚ ਸ਼ਾਨਦਾਰ ਨਤੀਜੇ ਦਿੱਤੇ ਹਨ। ਡਿਜੀਟਲ ਟ੍ਰਾਂਸਫਰਮੇਸ਼ਨ 'ਤੇ ਕੇਂਦਰਿਤ ਰਹਿੰਦੇ ਹੋਏ ਕਲਾਈਂਟ ਦੇ ਅਨੁਸਾਰ ਰਣਨੀਤੀ ਨੇ ਸਾਨੂੰ ਲਗਾਤਾਰ ਵਿਕਾਸ ਦੀ ਰਾਹ 'ਤੇ ਅੱਗੇ ਵਧਾਇਆ ਹੈ। ਵੈਨਗਾਰਡ, ਡੈਮਲਰ ਅਤੇ ਰੋਲਸ ਰਾਇਸ ਵਰਗੀਆਂ ਅਗਾਂਹ ਵਧੂ ਕੰਪਨੀਆਂ ਦੇ ਨਾਲ ਕਲਾਈਂਟ ਪਾਰਟਨਰਸ਼ਿਪ ਇਨਫੋਸਿਸ ਦੀ ਡਿਜੀਟਲ ਅਤੇ ਕਲਾਊਡ ਕੈਪੇਬਿਲਟੀ ਦਾ ਨਤੀਜਾ ਹੈ।' ਉਨ੍ਹਾਂ ਨੇ ਅੱਗੇ ਵੀ ਬਿਹਤਰ ਪ੍ਰਦਰਸ਼ਨ ਦਾ ਭਰੋਸਾ ਪ੍ਰਗਟ ਕੀਤਾ ਹੈ। ਆਈ ਟੀ ਫਰਮ ਵਿਪਰੋ ਨੇ ਵੀ ਬੀਤੀ ਤਿਮਾਹੀ ਵਿੱਚ ਕਰੀਬ 21 ਫੀਸਦੀ ਵਾਧੇ ਨਾਲ 2968 ਕਰੋੜ ਰੁਪਏ ਮੁਨਾਫਾ ਕਮਾਇਆ ਹੈ। ਪਿਛਲੇ ਸਾਲ ਇਸੇ ਸਮੇਂ ਦੌਰਾਨ ਕੰਪਨੀ ਦਾ ਮੁਨਾਫਾ 2,455.9 ਕਰੋੜ ਰੁਪਏ ਸੀ। ਵਿਪਰੋ ਦੇ ਸੀ ਈ ਓ ਅਤੇ ਮੈਨੇਜਿੰਗ ਡਾਇਰੈਕਟਰ ਥਿਅਰੀ ਡੇਲਾਪੋਰਟ ਨੇ ਕਿਹਾ, 'ਵਿਪਰੋ ਨੇ ਦੂਸਰੀ ਤਿਮਾਹੀ ਵਿੱਚ ਆਰਡਰ ਬੁਕਿੰਗ, ਰੈਵੇਨਿਊ ਤੇ ਮਾਰਜਿਨ ਦੇ ਪੱਖੋਂ ਮਜ਼ਬੂਤ ਪ੍ਰਦਰਸ਼ਨ ਕੀਤਾ ਹੈ।

# ਪਤਨੀ ਨੇ ਆਪਣੇ ਪਤੀ ਦਾ ਵਿਚੋਲੇ ਦੀ ਬੇਟੀ ਨਾਲ ਅਫੇਅਰ ਹੋਣ ਦਾ ਦੋਸ਼ ਲਾਇਆ

ਜਲੰਧਰ, 14 ਜਨਵਰੀ (ਪੋਸਟ ਬਿਊਰੋ)- ਕਮਿਸ਼ਨਰੇਟ ਪੁਲਸ ਜਲੰਧਰ ਨੇ ਇੱਕ ਅਜਿਹਾ ਮਾਮਲਾ ਦਰਜ ਕੀਤਾ ਹੈ, ਜਿਸ ਵਿੱਚ ਪਿਤਾ ਨੇ ਬੇਟੀ ਤੋਂ ਉਸ ਦੇ ਪ੍ਰੇਮੀ ਦਾ ਪਿੱਛਾ ਛੁਡਾਉਣ ਲਈ ਪ੍ਰੇਮੀ ਦਾ ਕਿਸੇ ਹੋਰ ਲੜਕੀ ਨਾਲ ਰਿਸ਼ਤਾ ਕਰਵਾ ਕੇ ਉਸ ਦਾ ਵਿਆਹ ਕਰਵਾ ਦਿੱਤਾ ਅਤੇ ਲੜਕਾ ਵਿਆਹ ਦੇ ਬਾਅਦ ਕੈਨੇਡਾ ਲੈ ਜਾਣ ਦਾ ਝਾਂਸਾ ਦੇਣ ਲੱਗਾ। ਹੱਦ ਤਾਂ ਇਹ ਸੀ ਕਿ ਵਿਆਹ ਦੇ ਬਾਅਦ ਹਨੀਮੂਨ 'ਤੇ ਦੋਸ਼ੀ ਆਪਣੀ ਪਤਨੀ ਦੇ ਨਾਲ ਆਪਣੀ ਪ੍ਰੇਮਿਕਾ ਨੂੰ ਵੀ ਲੈ ਗਿਆ। ਜਦ ਪੀੜਤ ਪਤਨੀ ਨੇ ਵਿਰੋਧ ਕੀਤਾ ਤਾਂ ਪਤੀ ਨੇ ਕਿਹਾ ਕਿ 'ਤੈਨੂੰ ਛੱਡ ਸਕਦਾ ਹਾਂ, ਓਹਨੂੰ ਨਹੀਂ।'

ਪੀੜਤ ਲੜਕੀ ਦਾ ਦੋਸ਼ ਹੈ ਕਿ ਇਸ ਦੇ ਬਾਅਦ ਉਸ ਦਾ ਪਤੀ ਉਸ ਨੂੰ ਦਾਜ ਲਈ ਤੰਗ ਕਰਨ ਲੱਗ ਪਿਆ ਅਤੇ ਦਾਜ ਨਾ ਦੇਣ 'ਤੇ ਉਹ ਇਕੱਲਾ ਕੈਨੇਡਾ ਚਲਾ ਗਿਆ। ਪੁਲਸ ਨੇ ਕੇਸ ਦੀ ਜਾਂਚ ਦੇ ਬਾਅਦ ਮਹਿਲਾ ਥਾਣੇ ਵਿੱਚ ਪਟਿਆਲਾ ਦੇ ਗੋਬਿੰਦਨਗਰ ਦੇ ਵਸਨੀਕ ਪਰਮਵੀਰ ਸਿੰਘ ਸੰਧੂ, ਉਸ ਦੀ ਮਾਂ ਦਵਿੰਦਰਪਾਲ ਕੌਰ ਅਤੇ ਮਾਸੀ ਗੁਰਦੀਪ ਕੌਰ ਦੇ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨ ਵਿੱਚ ਇੰਦਰਾ ਪਾਰਕ, ਗ੍ਰੀਨ ਮਾਡਲ ਡਾਊਨ, ਜਲੰਧਰ ਦੀ ਰਹਿਣ ਵਾਲੀ ਲੜਕੀ ਨੇ ਦੱਸਿਆ ਕਿ ਪਿਛਲੇ ਸਾਲ ਨਵੰਬਰ ਵਿੱਚ ਉਸ ਦਾ ਵਿਆਹ ਪਟਿਆਲਾ ਦੇ ਵਸਨੀਕ

***ਹਨੀਮੂਨ ਮੌਕੇ ਪਤੀ ਪਤਨੀ ਤੇ ਪ੍ਰੇਮਿਕਾ ਦੋਵਾਂ ਨੂੰ ਲੈ ਗਿਆ**

ਪਰਮਵੀਰ ਸੰਧੂ ਨਾਲ ਹੋਇਆ ਸੀ। ਵਿਆਹ ਤੋਂ ਪਹਿਲਾਂ ਉਸ ਨੂੰ ਦੱਸਿਆ ਗਿਆ ਕਿ ਪਰਮਵੀਰ ਕੈਨੇਡਾ ਰਹਿੰਦਾ ਹੈ ਅਤੇ ਵਿਆਹ ਪਿੱਛੋਂ ਦੋਵੇਂ ਕੈਨੇਡਾ ਚਲੇ ਜਾਣਗੇ। ਵਿਆਹ ਦੇ ਬਾਅਦ ਪਤੀ ਨੇ ਬੰਗਾ ਵਿੱਚ ਰਹਿਣ ਵਾਲੇ ਵਿਚੋਲੇ ਰਾਹੀਂ ਦਾਜ ਮੰਗਣਾ ਸ਼ੁਰੂ ਕਰ ਦਿੱਤਾ। ਉਸ ਨੇ ਦੋਸ਼ ਲਾਇਆ ਕਿ ਵਿਚੋਲੇ ਨੂੰ ਪਤਾ ਸੀ ਕਿ ਉਸ ਦੀ ਬੇਟੀ ਦੇ ਪਰਮਵੀਰ ਨਾਲ ਪ੍ਰੇਮ ਸੰਬੰਧ ਸਨ। ਉਸ ਨੇ ਆਪਣੀ ਬੇਟੀ ਦਾ ਪਿੱਛਾ ਛੁਡਾਉਣ ਲਈ ਪਰਮਵੀਰ ਨਾਲ ਉਸ ਦਾ ਵਿਆਹ ਕਰਵਾ ਦਿੱਤਾ ਅਤੇ ਕੁਝ ਦਿਨਾਂ ਬਾਅਦ ਪਤੀ ਪਰਮਵੀਰ, ਸੱਸ ਦਵਿੰਦਰਪਾਲ ਅਤੇ ਮਾਸੀ ਗੁਰਦੀਪ ਕੌਰ ਨੇ ਉਸ ਨੂੰ ਦਾਜ ਲਈ ਤੰਗ ਕਰਨਾ ਸ਼ੁਰੂ ਕਰ ਦਿੱਤਾ।

ਵਿਆਹੁਤਾ ਲੜਕੀ ਨੇ ਦੱਸਿਆ ਕਿ 20 ਨਵੰਬਰ 2019 ਨੂੰ ਉਹ ਹਨੀਮੂਨ ਲਈ ਰਾਜਸਥਾਨ ਦੇ ਉਦੈਪੁਰ ਗਏ ਤਾਂ ਉਸ ਦਾ ਪਤੀ ਪਰਮਵੀਰ ਆਪਣੀ ਪ੍ਰੇਮਿਕਾ ਨੂੰ ਵੀ ਲੈ ਗਿਆ। ਜਦੋਂ ਪਤਨੀ ਨੇ ਵਿਰੋਧ ਕੀਤਾ ਤਾਂ ਕਹਿਣ ਲੱਗਾ ਕਿ'ਤੈਨੂੰ ਛੱਡ ਸਕਦਾ ਹਾਂ, ਓਹਨੂੰ ਨਹੀਂ।' ਪੰਜ ਦਿਨ ਬਾਅਦ ਹਨੀਮੂਨ ਤੋਂ ਪਰਤ ਕੇ ਸਹੁਰਿਆਂ ਨੂੰ ਦੱਸਿਆ ਤਾਂ ਉਨ੍ਹਾਂ ਨੇ ਇਸ ਨੂੰ ਆਮ ਗੱਲ ਕਹਿ ਕੇ ਟਾਲ ਦਿੱਤਾ। ਫਿਰ ਉਸ ਨੇ ਸਾਰੀ ਗੱਲ ਮਾਤਾ-ਪਿਤਾ ਨੂੰ ਦੱਸੀ, ਪਰ ਪਤੀ ਸਮਝਣ ਦੀ ਥਾਂ 15 ਲੱਖ ਰੁਪਏ ਦਾਜ ਮੰਗਣ ਲੱਗਾ। ਉਸ ਨੇ ਗਹਿਣੇ ਵੇਚਕੇ ਪਤੀ ਨੂੰ ਪੈਸੇ ਦੇ ਦਿੱਤੇ ਤਾਂ ਉਹ ਉਸੇ ਪੈਸੇ ਨਾਲ ਕੈਨੇਡਾ ਚਲਾ ਗਿਆ। ਜਦ ਪਤੀ ਨਾਲ ਫੋਨ 'ਤੇ ਗੱਲ ਕੀਤੀ ਤਾਂ ਕਹਿਣ ਲੱਗਾ, "ਸਿਰ 'ਤੇ ਕਰਜ਼ਾ ਸੀ, ਉਤਾਰਨ ਦੇ ਲਈ ਵਿਆਹ ਕੀਤਾ ਸੀ।' ਪੁਲਸ ਜਾਂਚ ਵਿੱਚ ਸਾਹਮਣੇ ਆਇਆ ਕਿ ਵਿਆਹ ਤੋਂ ਪਹਿਲਾਂ ਪਤਨੀ ਨੂੰ ਕੈਨੇਡਾ ਲੈ ਜਾਣ ਦਾ ਭਰੋਸਾ ਦੇਣ ਦੇ ਬਾਵਜੂਦ ਪਤੀ ਇਕੱਲਾ ਕੈਨੇਡਾ ਚਲਾ ਗਿਆ ਤੇ ਪਤਨੀ ਨੂੰ ਬੁਲਾਉਣ ਲਈ ਕੋਈ ਕਦਮ ਨਹੀਂ ਚੁੱਕਿਆ। ਇਸ ਬਾਰੇ ਪਰਮਵੀਰ ਸੰਧੂ, ਮਾਂ ਦਵਿੰਦਰਪਾਲ ਕੌਰ ਅਤੇ ਮਾਸੀ ਗੁਰਦੀਪ ਕੌਰ ਦੇ ਖਿਲਾਫ ਦਾਜ ਲਈ ਤੰਗ ਕਰਨ ਅਤੇ ਇਸਤਰੀ ਧਨ ਕਬਜ਼ੇ ਵਿੱਚ ਰੱਖਣ ਦੇ ਦੋਸ਼ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ।




# ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਖੁੱਲ੍ਹੇ ਪੱਤਰ ਵਿੱਚ ਅੰਦੋਲਨ ਦਾ ਪੂਰਾ ਸੱਚ ਬਿਆਨਿਆ

ਨਵੀਂ ਦਿੱਲੀ, 14 ਜਨਵਰੀ, (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ ਦੇ ਆਗੂ ਅਤੇ ਕਿਸਾਨ ਜਥੇਬੰਦੀਆਂ ਦੀ ਸਾਂਝੀ ਕਮੇਟੀ ਦਾ ਮੋਹਰਲਾ ਚਿਹਰਾ ਮੰਨੇ ਜਾਂਦੇ ਬਲਬੀਰ ਸਿੰਘ ਰਾਜੇਵਾਲ ਨੇ ਅੱਜ ਇੱਕ ਪੱਤਰ ਜਾਰੀ ਕਰ ਕੇ ਕਈ ਭੁਲੇਖੇ ਦੂਰ ਕਰਨ ਸਮੇਤ ਕਈ ਗੱਲਾਂ ਬਾਰੇ ਪੂਰਾ ਸੱਚ ਲੋਕਾਂ ਸਾਹਮਣੇ ਬਿਆਨ ਕਰਨ ਦਾ ਯਤਨ ਕੀਤਾ ਹੈ।

ਰਾਜੇਵਾਲ ਨੇਲਿਖਿਆ ਹੈ ਕਿ ਇਸ ਵੇਲੇ ਅਸੀਂ ਕੇਂਦਰ ਸਰਕਾਰਦੇ ਬਣਾਏ ਤਿੰਨ ਕਿਸਾਨ ਵਿਰੋਧੀ ਕਾਨੂੰਨ ਰੱਦ ਕਰਾਉਣ ਲਈ ਅੰਦੋਲਨ ਕਰ ਰਹੇ ਹਾਂ। ਜਿਸ ਸਿਰੜ ਤੇ ਅਨੁਸ਼ਾਸਨ ਨਾਲ ਤੁਸੀਂ ਸ਼ਾਂਤਮਈ ਰਹਿ ਕੇ ਇਹ ਅੰਦੋਲਨ ਹਾਲੇ ਤੱਕ ਚਲਾਇਆ ਹੈ, ਉਸ ਦੀ ਦੁਨੀਆਂ ਵਿਚ ਮਿਸਾਲ ਨਹੀਂ ਮਿਲਦੀ। ਇਹ ਇਤਿਹਾਸ ਵਿਚ ਦੁਨੀਆਂ ਦਾ ਸਭ ਤੋਂ ਲੰਮਾ ਸਮਾਂ, ਸਭ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਵਾਲਾ ਪੂਰਨ ਸ਼ਾਂਤਮਈ ਅੰਦੋਲਨ ਹੋ ਨਿੱਬੜਿਆ ਹੈ। ਸੰਸਾਰ ਦੀਆਂ ਅੱਖਾਂ ਇਸ ਨੂੰ ਤੀਬਰਤਾ ਨਾਲ ਦੇਖ ਰਹੀਆਂ ਹਨ। ਦੁਨੀਆਂ ਭਰ ਵਿਚ ਬੈਠੇ ਪੰਜਾਬੀ ਤੇ ਆਮ ਭਾਰਤੀ ਲੋਕ ਆਪੋ ਆਪਣਾ ਯੋਗਦਾਨ ਪਾਉਣ ਹਿੱਤ ਥਾਂ ਥਾਂ ਧਰਨੇ, ਜਲੂਸ ਕੱਢ ਕੇ ਆਪਣੀ ਹਾਜ਼ਰੀ ਲਵਾ ਰਹੇ ਹਨ। ਇਹ ਕੇਵਲ ਕਿਸਾਨਾਂ ਦਾ ਅੰਦੋਲਨ ਨਹੀਂ ਰਿਹਾ, ਹਰ ਵਰਗ ਨੇ ਇਨ੍ਹਾਂ ਕਾਨੂੰਨਾਂ ਦੇ ਮਾੜੇ ਪ੍ਰਭਾਵਾਂ ਨੂੰ ਸਮਝ ਕੇ ਇਸ ਵਿਚ ਆਪਣੀ ਸ਼ਮੂਲੀਅਤ ਦਰਜ ਕਰਾਈ ਹੈ। ਅੱਜ ਇਹ ਦੇਸ਼ ਵਿਚ ਜਨ ਅੰਦੋਲਨ ਬਣ ਗਿਆ ਹੈ। ਇਹ ਪੰਜਾਬ ਤੋਂ ਸ਼ੁਰੂ ਹੋ ਕੇ ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਖੰਡ, ਰਾਜਸਥਾਨ, ਮੱਧ ਪ੍ਰਦੇਸ਼, ਮਹਾਂਰਾਸ਼ਟਰ ਅਤੇ ਦੇਸ਼ ਦੇ ਬਾਕੀ ਸਾਰੇ ਰਾਜਾਂ ਤੱਕ ਵੀ ਫੈਲ ਚੁੱਕਾ ਹੈ।

ਉਨ੍ਹਾ ਲਿਖਿਆ ਹੈ ਕਿ ਮੈਂ ਹਮੇਸ਼ਾਂ ਤੁਹਾਨੂੰ ਸਭ ਨੂੰ ਵਾਰ ਵਾਰ ਅਪੀਲ ਕਰਦਾ ਰਿਹਾ ਹਾਂ ਕਿ ਅੰਦੋਲਨ ਕੇਵਲ ਉਹ ਹੀ ਸਫ਼ਲ ਹੁੰਦਾ ਹੈ, ਜੋ ਪੂਰੀ ਤਰ੍ਹਾਂ ਸ਼ਾਂਤਮਈ ਰਹੇ। ਜਦੋਂ ਵੀ ਅੰਦੋਲਨ ਵਿਚ ਹਿੰਸਾ ਆਵੇ, ਉਸ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਤੁਸੀਂ ਇਸ ਨੂੰ ਹਾਲੇ ਤਕ ਸ਼ਾਂਤਮਈ ਰੱਖਿਆ ਹੈ, ਉਸ ਲਈ ਮੈਂ ਤੁਹਾਡਾ ਸਭ ਦਾ ਧੰਨਵਾਦੀ ਹਾਂ। ਅੰਦੋਲਨ ਹਮੇਸ਼ਾ ਪੜਾਅਵਾਰ ਅੱਗੇ ਵਧਦੇ ਹਨ। ਤੁਸੀਂ ਸੈਮੀਨਾਰਾਂ, ਧਰਨਿਆਂ ਤੋਂ ਲੈ ਕੇ ਰੇਲ ਪੱਟੜੀਆਂ ਦੇ ਅੰਦੋਲਨਾਂ ਰਾਹੀਂ, ਭਾਰਤ ਬੰਦ ਵਰਗੇ ਸਫ਼ਲ ਕਦਮਾਂ ਨਾਲ ਦਿੱਲੀ ਦੁਆਲੇ ਵੱਖਵੱਖ ਨਾਕਿਆਂ ਉੱਤੇ ਵੱਡੀ ਗਿਣਤੀ ਵਿਚ ਇਕੱਠੇ ਬੈਠੇ ਹੋ। ਕੜਾਕੇ ਦੀ ਠੰਢ ਅਤੇ ਮੀਂਹ ਦੇ ਬਾਵਜੂਦ ਤੁਸੀਂ ਆਪਣੀਆਂ ਟਰਾਲੀਆਂ ਵਿਚ ਘਰ ਪਾ ਕੇ ਸ਼ਾਂਤਮਈ ਬੈਠੇ ਹੋ। ਅੰਦੋਲਨ ਆਪਣੀ ਚਾਲ ਸ਼ਾਂਤਮਈ ਢੰਗ ਨਾਲ ਹਰ ਪੜਾਅ ਨੂੰ ਸਫ਼ਲਤਾ ਨਾਲ ਪਾਰ ਕਰ ਰਿਹਾ ਹੈ। ਅੰਦੋਲਨ ਵਿਚ ਹਰ ਸਮੇਂ ਰਣਨੀਤੀ ਅਨੁਸਾਰ ਨਵੇਂ ਪੜਾਅ ਤੈਅ ਕਰਨੇ ਹੁੰਦੇ ਹਨ। ਇਸੇ ਲਈ ਅਸੀਂ ਲੋਹੜੀ ਉੱਤੇ ਇਨ੍ਹਾਂ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ, ਇਸ ਵਾਰ 18 ਜਨਵਰੀ ਨੂੰ 'ਕਿਸਾਨ ਮਹਿਲਾ ਦਿਵਸ' ਵਜੋਂ ਮਨਾ ਰਹੇ ਹਾਂ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 20 ਜਨਵਰੀ ਨੂੰ ਅਸੀਂ ਸੰਕਲਪ ਦਿਵਸ ਮਨਾਵਾਂਗੇ ਅਤੇ ਖ਼ਾਸ ਤੌਰ ਉੱਤੇ ਸਤਿਗੁਰਾਂ ਦੇ ਸ਼ਬਦ 'ਦੇਹਿ ਸਿਵਾ ਬਰ ਮੋਹਿ ਇਹੈ' ਗਾਉਂਦੇ ਹੋਏ ਅੰਦੋਲਨ ਦੇ ਸ਼ਾਂਤਮਈ ਰਹਿਣ ਦਾ ਸੰਕਲਪ ਲਵਾਂਗੇ। ਸੁਭਾਸ਼ ਚੰਦਰ ਬੋਸ ਦੇ ਜਨਮ ਦਿਹਾੜੇ 23 ਜਨਵਰੀ ਨੂੰ 'ਆਜ਼ਾਦ ਹਿੰਦ ਕਿਸਾਨ ਦਿਵਸ' ਮਨਾਵਾਂਗੇ। ਹਰ ਸਾਲ ਵਾਂਗ 26 ਜਨਵਰੀ ਨੂੰ ਗਣਤੰਤਰ ਦਿਵਸ ਹੈ, ਅਸੀਂ ਉਸ ਦਿਨ ਵੱਡੀ ਗਿਣਤੀ ਵਿਚ ਦਿੱਲੀ ਦੇ ਬਾਰਡਰਾਂ ਦੇ ਨਾਕਿਆਂ ਤੋਂ ਕਿਸਾਨ ਪਰੇਡ ਕਰਾਂਗੇ, ਉਸ ਤੋਂ ਬਾਅਦ ਦੇ ਪੜਾਅ ਉਦੋਂ ਤਕ ਜਾਰੀ ਰੱਖੇ ਜਾਣਗੇ, ਜਦੋਂ ਤਕ ਅੰਦੋਲਨ ਸਫ਼ਲ ਨਹੀਂ ਹੋ ਜਾਂਦਾ।

ਰਾਜੇਵਾਲ ਨੇ ਕਿਹਾ: ਮੈਂ ਖ਼ਾਸ ਤੌਰ ਉੱਤੇ ਤੁਹਾਨੂੰ ਇਸ ਲਈ ਸੰਬੋਧਤ ਹੋ ਰਿਹਾ ਹਾਂ ਕਿ 26 ਜਨਵਰੀ ਦੇ ਅੰਦੋਲਨ ਸਬੰਧੀ ਫੈਲਾਈਆਂ ਜਾ ਰਹੀਆਂ ਗ਼ਲਤ ਫਹਿਮੀਆਂ ਦੂਰ ਹੋ ਸਕਣ। ਅਸੀਂ ਕਿਸਾਨ ਪਰੇਡ ਕਿਵੇਂ ਕਰਨੀ ਹੈ, ਇਹ ਐਲਾਨ ਅਗਲੇ ਹਫ਼ਤੇ ਕਰਾਂਗੇ, ਪਰ ਜਿੰਦਾਂ ਦੀਆਂ ਅਫ਼ਵਾਹਾਂ ਫੈਲਾਈਆਂ ਜਾਂਦੀਆਂ ਹਨ, ਉਨ੍ਹਾਂ ਤੋਂ ਚੌਕਸ ਹੀ ਨਹੀਂ, ਬੜਾ ਗੰਭੀਰ ਹੋਣ ਦੀ ਲੋੜ ਹੈ। ਇਸ ਤਰ੍ਹਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਜਿਵੇਂ ਕਿਸਾਨਾਂ ਵੱਲੋਂ ਬਗ਼ਾਵਤ ਕਰਨ ਦਾ ਪ੍ਰੋਗਰਾਮ ਹੋਵੇ ਤੇ ਇਹ ਅੰਦੋਲਨ ਦਾ ਆਖ਼ਰੀ ਪੜਾਅ ਹੋਵੇ। ਕੁਝ ਲੋਕ ਕਹਿ ਰਹੇ ਹਨ ਕਿ ਉਸ ਦਿਨ ਲਾਲ ਕਿਲੇ ਉੱਤੇ ਝੰਡਾ ਲਹਿਰਾਉਣਾ ਹੈ। ਕੋਈ ਕਹਿੰਦਾ ਹੈ ਕਿ ਪਾਰਲੀਮੈਂਟ ਉੱਤੇ ਕਬਜ਼ਾ ਕਰਨਾ ਹੈ। ਕਈ ਤਰ੍ਹਾਂ ਦਾ ਬੇਬੁਨਿਆਦ ਭੜਕਾਊ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਪ੍ਰਚਾਰ ਨੇ ਕੇਵਲ ਮੈਨੂੰ ਨਹੀਂ, ਅੰਦੋਲਨ ਲੜਦੀਆਂ ਸਭ ਕਿਸਾਨ ਜਥੇਬੰਦੀਆਂ ਨੂੰ ਗੰਭੀਰ ਚਿੰਤਾ ਵਿਚ ਹੀ ਨਹੀਂ ਪਾਇਆ, ਨੀਂਦ ਹਰਾਮ ਕਰ ਦਿੱਤੀ ਹੈ। ਕੁਝ ਕਿਸਾਨ ਵਿਰੋਧੀ ਤਾਕਤਾਂ ਨੇ ਕਿਸਾਨਾਂ ਅਤੇ ਆਮ ਲੋਕਾਂ ਦੇ ਸ਼ਾਂਤਮਈ ਅੰਦੋਲਨ ਨੂੰ ਫੇਲ੍ਹ ਕਰਨ ਲਈ ਇਸ ਕੂੜ ਪ੍ਰਚਾਰ ਉੱਤੇ ਪੂਰੀ ਵਾਹ ਲਾਈ ਹੋਈ ਹੈ। ਸਰਕਾਰੀ ਏਜੰਸੀਆਂ ਅਜਿਹੇ ਲੋਕਾਂ ਦੀ ਮਦਦ ਕਰਨ ਲਈ ਪੱਬਾਂ ਭਾਰ ਹਨ। ਧਰਨੇ ਵਾਲੀਆਂ ਥਾਵਾਂ ਉੱਤੋਂ ਸਾਡੇ ਵਾਲੰਟੀਅਰ ਰੋਜ਼ ਅਜਿਹੇ ਕਿਸਾਨ ਦੋਖੀਆਂ ਨੂੰ ਫੜ ਕੇ ਪੁਲੀਸ ਹਵਾਲੇ ਕਰ ਰਹੇ ਹਨ। ਇਹ ਸੁਣਨ ਵਿਚ ਆ ਰਿਹਾ ਹੈ ਕਿ ਕੁਝ ਨੌਜਵਾਨ ਟਰੈਕਟਰਾਂ ਉੱਤੇ ਪੁਲੀਸ ਨਾਕੇ ਤੋੜਨ ਲਈ ਜੁਗਾੜ ਫਿੱਟ ਕਰਵਾ ਰਹੇ ਹਨ। ਇਹ ਕੇਵਲ ਨਿੰਦਣਯੋਗ ਨਹੀਂ, ਮੰਦ-ਭਾਗਾ ਵੀ ਹੈ।

ਕਿਸਾਨ ਆਗੂ ਨੇ ਕਿਹਾ ਕਿ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਇਸ ਵੇਲੇ ਦੁਨੀਆਂ ਇਸ ਅੰਦੋਲਨ ਦੀ ਸਫ਼ਲਤਾ ਲਈ ਅਰਦਾਸਾਂ ਕਰ ਰਹੀ ਹੈ। ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਤੇ ਓਥੋਂ ਦੇ ਆਗੂਆਂ ਨੇ ਇਸ ਅੰਦੋਲਨ ਦੀ ਹਮਾਇਤ ਕੀਤੀ ਤੇ ਇਸ ਬਾਰੇ ਮੋਦੀ ਸਰਕਾਰ ਨੂੰ ਲਿਖਿਆ ਹੈ। ਹਰ ਦੇਸ਼ ਅਤੇ ਭਾਰਤ ਦੇ ਹਰ ਰਾਜ ਵਿਚ ਅੰਦੋਲਨ ਦੇ ਹੱਕ ਵਿਚ ਰੋਜ਼ ਸ਼ਾਂਤਮਈ ਧਰਨੇ, ਮੁਜ਼ਾਹਰੇ ਹੋ ਰਹੇ ਹਨ। ਸਾਰੀ ਦੁਨੀਆਂ ਇਸ ਦੀ ਸਫ਼ਲਤਾ ਲੋਚਦੀ ਹੈ। ਮੈਂ ਪੁੱਛਦਾ ਹਾਂ ਕਿ ਜਿਸ ਅੰਦੋਲਨ ਦੀ ਸਫ਼ਲਤਾ ਲਈ ਸ੍ਰੀ ਦਰਬਾਰ ਸਾਹਿਬ ਤੋਂ ਅਰਦਾਸ ਹੋਈ ਹੋਵੇ, ਹਰ ਪਿੰਡ ਦੇ ਗੁਰੂ ਘਰ ਤੋਂ ਅਰਦਾਸਾਂ ਹੋਣ, ਹਿੰਦੂ ਭਰਾ ਹਵਨ ਕਰਵਾਉਂਦੇ ਹੋਣ, ਮੁਸਲਮਾਨ ਤੁਹਾਡੇ ਨਾਲ ਹੋਣ, ਕੀ ਕੋਈ ਕਿਸਾਨ ਇਸ ਨੂੰ ਹਿੰਸਕ ਭੀੜ ਬਣਾ ਕੇ ਅੰਦੋਲਨ ਨੂੰ ਫੇਲ੍ਹ ਕਰਨ ਬਾਰੇ ਸੋਚ ਸਕਦਾ ਹੈ? ਕਦੀ ਨਹੀਂ। ਮੈਨੂੰ ਤੇ ਮੇਰੇ ਸਾਥੀਆਂ ਨੂੰ ਇਹ ਉੱਕਾ ਹੀ ਯਕੀਨ ਨਹੀਂ ਹੋ ਰਿਹਾ।

ਫਿਰ ਵੀ ਸਰਕਾਰੀ ਏਜੰਸੀਆਂ ਅਤੇ ਕਿਸਾਨ ਦੋਖੀ ਤਾਕਤਾਂ ਸਰਗਰਮ ਹਨ। ਮੈਂ ਸਮਝਦਾ ਹਾਂ ਕਿ ਅਜਿਹੀ ਮਾੜੀ ਸੋਚ ਕਿਸਾਨ ਦੀ ਤਾਂ ਹੋ ਨਹੀਂ ਸਕਦੀ, ਫਿਰ ਵੀ ਸਰਕਾਰ ਸਾਡੇ ਅੰਦੋਲਨ ਵਿਚ ਖਾਲਿਸਤਾਨੀਆਂ ਅਤੇ ਅਤਿਵਾਦੀਆਂ ਦੇ ਹੋਣ ਦੇ ਦੋਸ਼ ਲਾ ਰਹੀ ਹੈ। ਇਸ ਸਮੇਂ ਹਰ ਕਿਸਾਨ ਦੀ ਜ਼ਿਮੇਵਾਰੀ ਵਧ ਜਾਂਦੀ ਹੈ। ਇਹ ਅੰਦੋਲਨ ਤੁਹਾਡਾ ਆਪਣਾ ਹੈ, ਤੁਹਾਡੇ ਅਤੇ ਤੁਹਾਡੇ ਬੱਚਿਆਂ ਦੇ ਭਵਿੱਖ ਨਾਲ ਜੁੜਿਆ ਹੈ। ਕੀ ਤੁਸੀਂ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਦਾਅ ਉੱਤੇ ਲਾ ਸਕਦੇ ਹੋ। ਕੀ ਹਿੰਸਕ ਸੋਚ ਨਾਲ ਇਸ ਨੂੰ ਫੇਲ੍ਹ ਕਰਨ ਦਾ ਘਿਨਾਉਣਾ ਪਾਪ ਕਰ ਸਕਦੇ ਹੋ? ਜੇ ਨਹੀਂ ਤਾਂ ਆਪਾਂ ਸਾਰੇ ਮਿਲ ਕੇ ਇਸ ਨੂੰ ਸ਼ਾਂਤਮਈ ਰੱਖਣ ਲਈ ਪੂਰੀ ਵਾਹ ਲਾਈਏ।

ਰਾਜੇਵਾਲ ਨੇ ਕਿਹਾ: ਮੇਰੀ ਹਰ ਕਿਸਾਨ ਨੂੰ ਬੇਨਤੀ ਹੈ ਕਿ ਸਮਾਂ ਮੰਗ ਕਰਦਾ ਹੈ ਕਿ 26 ਜਨਵਰੀ ਨੂੰ ਵੱਧ ਤੋਂ ਵੱਧ ਕਿਸਾਨ, ਕਿਸਾਨ ਬੀਬੀਆਂ ਦਿੱਲੀ ਜ਼ਰੂਰ ਪੁੱਜਣ। ਹਰ ਕਿਸਾਨ ਵਾਲੰਟੀਅਰ ਬਣ ਕੇ ਕਿਸਾਨ ਦੋਖੀਆਂ ਉੱਤੇ ਨਿਗਾਹ ਰੱਖੇ। ਜਿਸ ਅੰਦੋਲਨ ਦੀ ਸਫ਼ਲਤਾ ਲਈ ਸਾਰੀ ਦੁਨੀਆਂ ਦਾ ਦਿਲ ਧੜਕਦਾ ਹੈ, ਉਸ ਨੂੰ ਸ਼ਾਂਤਮਈ ਰੱਖਣ ਦਾ ਦ੍ਰਿੜ੍ਹ ਇਰਾਦਾ ਰੱਖੋ। ਕਿਸਾਨ ਦੋਖੀਆਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਕੂੜ ਪ੍ਰਚਾਰ ਕਰਨ ਵਾਲਿਆਂ ਨੂੰ ਬੇਪਰਦ ਕਰਨ ਵਿਚ ਮਦਦ ਕਰੋ। ਅੰਦੋਲਨ ਨੂੰ ਸ਼ਾਂਤਮਈ ਰੱਖੋਗੇ ਤਾਂ ਹਰ ਹਾਲਤ ਸਫ਼ਲ ਹੋਵੋਗੇ। ਭੜਕਾਊ ਨਾਅਰੇ ਅਤੇ ਗਰਮ ਜੋਸ਼ੀਲੀਆਂ ਗੱਲਾਂ ਅੰਦੋਲਨ ਨੂੰ ਲੀਹ ਤੋਂ ਲਾਹ ਦੇਣਗੀਆਂ। ਸਾਰੇ ਮਿਲ ਕੇ, ਜਿਨ੍ਹਾਂ ਨੇ ਹਾਲੇ ਤਕ ਇਸ ਨੂੰ ਮਜ਼ਬੂਤ ਕਰਨ ਲਈ ਪੂਰੀ ਵਾਹ ਲਾਈ ਹੈ, ਇਸ ਦੀ ਸਫ਼ਲਤਾ ਲਈ ਤਾਕਤ ਝੋਕ ਦੇਈਏ। ਸ਼ਾਂਤਮਈ ਰਹਿਣਾ ਇਸ ਦੀ ਸਫ਼ਲਤਾ ਦੀ ਕੁੰਜੀ ਹੈ ਅਤੇ ਹਿੰਸਾ ਇਸ ਅੰਦੋਲਨ ਲਈ ਫਾਂਸੀ ਸਮਾਨ। ਤੁਹਾਥੋਂ ਬਹੁਤ ਆਸਾਂ ਹਨ ਅਤੇ ਭਰੋਸਾ ਵੀ ਬਹੁਤ ਹੈ।

# ਅਮਰੀਕਾ ਪਹੁੰਚਣ ਵਾਲੇ ਸਾਰੇ ਯਾਤਰੀਆਂ ਨੂੰ ਕੋਵਿਡ-19 ਨੈਗੇਟਿਵ ਟੈਸਟ ਦਾ ਦੇਣਾ ਹੋਵੇਗਾ ਸਬੂਤ

ਵਾਸ਼ਿੰਗਟਨ, 14 ਜਨਵਰੀ (ਪੋਸਟ ਬਿਊਰੋ) : ਅਮਰੀਕਾ ਪਹੁੰਚਣ ਵਾਲੇ ਹਰ ਟਰੈਵਲਰ ਨੂੰ ਹੁਣ ਆਪਣੇ ਕੋਵਿਡ-19 ਨੈਗੇਟਿਵ ਟੈਸਟ ਦਾ ਸਬੂਤ ਦੇਣਾ ਹੋਵੇਗਾ। ਇਹ ਐਲਾਨ ਮੰਗਲਵਾਰ ਨੂੰ ਸਿਹਤ ਅਧਿਕਾਰੀਆਂ ਨੇ ਕੀਤਾ।



ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਵੱਲੋਂ ਪਿਛਲੇ ਮਹੀਨੇ ਵੀ ਯੂਨਾਈਟਿਡ ਕਿੰਗਡਮ ਤੋਂ ਆਉਣ ਵਾਲੇ ਯਾਤਰੀਆਂ ਲਈ ਇਸ ਤਰ੍ਹਾਂ ਦਾ ਹੀ ਐਲਾਨ ਕੀਤਾ ਗਿਆ ਸੀ। ਇਹ ਨਵੇਂ ਹੁਕਮ ਦੋ ਹਫਤਿਆਂ ਵਿੱਚ ਪ੍ਰਭਾਵੀ ਹੋਣਗੇ। ਅਮਰੀਕਾ ਵਿੱਚ ਪਹਿਲਾਂ ਹੀ ਕੋਵਿਡ ਦਾ ਕਾਫੀ ਪਸਾਰ ਹੋ ਚੁੱਕਿਆ ਹੈ। ਹੁਣ ਤੱਕ ਇਸ ਦੇ 22 ਮਿਲੀਅਨ ਮਾਮਲੇ ਰਿਪੋਰਟ ਕੀਤੇ ਜਾ ਚੁੱਕੇ ਹਨ ਤੇ 375,000 ਮੌਤਾਂ ਹੋ ਚੁੱਕੀਆਂ ਹਨ। ਇਹ ਨਵੇਂ ਮਾਪਦੰਡ ਟਰੈਵਲਰਜ਼ ਵੱਲੋਂ ਵਾਇਰਸ ਦੇ ਨਵੇਂ ਵੇਰੀਐਂਟ ਲਿਆਉਣ ਤੋਂ ਰੋਕਣ ਲਈ ਲਿਆਂਦੇ ਜਾ ਰਹੇ ਹਨ। ਅਜਿਹਾ ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਕੀਤਾ ਜਾ ਰਿਹਾ ਹੈ।

ਸੀਡੀਸੀ ਦੇ ਇਹ ਹੁਕਮ ਅਮਰੀਕੀ ਨਾਗਰਿਕਾਂ ਦੇ ਨਾਲ ਨਾਲ ਵਿਦੇਸ਼ੀ ਟਰੈਵਲਰਜ਼ ਉੱਤੇ ਵੀ ਲਾਗੂ ਹੋਣਗੇ। ਏਜੰਸੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਨ੍ਹਾਂ ਹੁਕਮਾਂ ਨੂੰ 26 ਜਨਵਰੀ ਤੱਕ ਲਾਗੂ ਕਰਨ ਲਈ ਇਸ ਵਾਸਤੇ ਆਖਿਆ ਗਿਆ ਹੈ ਤਾਂ ਕਿ ਏਅਰਲਾਈਨਜ਼ ਤੇ ਟਰੈਵਲਰਜ਼ ਨੂੰ ਇਨ੍ਹਾਂ ਨਾਲ ਤਾਲਮੇਲ ਬਿਠਾਉਣ ਵਿੱਚ ਕੋਈ ਦਿੱਕਤ ਨਾ ਆਵੇ। ਨਵੇਂ ਹੁਕਮਾਂ ਤਹਿਤ ਹਵਾਈ ਸਫਰ ਕਰਨ ਵਾਲੇ ਯਾਤਰੀਆਂ ਨੂੰ ਅਮਰੀਕਾ ਜਾਣ ਵਾਲੀ ਆਪਣੀ ਫਲਾਈਟ ਤੋਂ ਤਿੰਨ ਦਿਨਾਂ ਦੇ ਅੰਦਰ ਅੰਦਰ ਇਹ ਟੈਸਟ ਕਰਵਾਉਣ ਦੇ ਨਾਲ ਨਾਲ ਇਸ ਦਾ ਸਬੂਤ ਵੀ ਦੇਣਾ ਹੋਵੇਗਾ। ਯਾਤਰੀਆਂ ਨੂੰ ਇਸ ਸਬੰਧ ਵਿੱਚ ਦਸਤਾਵੇਜ਼ ਵੀ ਮੁਹੱਈਆ ਕਰਵਾਉਣੇ ਹੋਣਗੇ ਕਿ ਉਨ੍ਹਾਂ ਨੂੰ ਪਹਿਲਾਂ ਕਦੇ ਕੋਵਿਡ ਹੋਇਆ ਸੀ ਤੇ ਉਹ ਹੁਣ ਸਿਹਤਯਾਬ ਹੋ ਚੁੱਕੇ ਹਨ।

# ਸਕਾਰਬੌਰੋ ਵਿੱਚ ਛੁਰੇਬਾਜ਼ੀ ਵਿੱਚ ਇੱਕ ਹਲਾਕ

ਟੋਰਾਂਟੋ, 14 ਜਨਵਰੀ (ਪੋਸਟ ਬਿਊਰੋ) : ਸਕਾਰਬੌਰੋ ਵਿੱਚ ਛੁਰੇਬਾਜ਼ੀ ਕਾਰਨ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਇੱਕ ਵਿਅਕਤੀ ਦਮ ਤੋੜ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਇਹ ਘਟਨਾ ਐਗਲਿੰਟਨ ਤੇ ਮਿਡਲੈਂਡ ਐਵਨਿਊ ਇਲਾਕੇ ਵਿੱਚ ਬੁੱਧਵਾਰ ਸ਼ਾਮੀਂ 5:00 ਵਜੇ ਵਾਪਰੀ। ਅਧਿਕਾਰੀਆਂ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਨੂੰ ਨੇੜੇ ਹੀ ਮੌਜੂਦ ਵਿਅਕਤੀ ਵੱਲੋਂ ਸੀਪੀਆਰ ਵੀ ਦਿੱਤੀ ਗਈ। ਫਿਰ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮਾਮਲੇ ਦੀ ਜਾਂਚ ਹੋਮੀਸਾਈਡ ਵੱਲੋਂ ਆਪਣੇ ਹੱਥ ਵਿੱਚ ਲੈ ਲਈ ਗਈ ਹੈ ਤੇ ਫੋਰੈਂਸਿਕ ਜਾਂਚ ਲਈ ਮੌਕਾ-ਏ-ਵਾਰਦਾਤ ਨੂੰ ਬੰਦ ਕਰ ਦਿੱਤਾ ਗਿਆ ਹੈ।



ਜਾਂਚਕਾਰ ਲੰਮੇਂ ਕਾਲੇ ਵਾਲਾਂ ਵਾਲੇ ਵਿਅਕਤੀ ਦੀ ਭਾਲ ਕਰ ਰਹੀ ਹੈ ਜਿਸਨੇ ਕਾਲੇ ਰੰਗ ਦੇ ਹੀ ਕੱਪੜੇ ਪਾਏ ਹੋਏ ਸਨ ਤੇ ਕਾਲੀ ਬਬਲ ਜੈਕੇਟ ਪਾਈ ਹੋਈ ਸੀ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਉਹ ਹਥਿਆਰਬੰਦ, ਹਿੰਸਕ ਤੇ ਖਤਰਨਾਕ ਹੈ।

# ਮੁਨਾਫੇ ਲਈ ਚਲਾਏ ਜਾਣ ਵਾਲੇ ਲਾਂਗ ਟਰਮ ਕੇਅਰ ਹਮਜ ਬੰਦ ਕੀਤੇ ਜਾਣ : ਜਗਮੀਤ ਸਿੰਘ

ਟਰਾਂਟ, 14 ਜਨਵਰੀ (ਪਸਟ ਬਿਊਰ) : ਫੈਡਰਲ ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਓਨਟਾਰੀਓ ਵਿੱਚ ਮੁਨਾਫਾ ਕਮਾਉਣ ਵਾਲੇ ਲਾਂਗ ਟਰਮ ਕੇਅਰ ਹਮਜ ਨੂੰ ਬੰਦ ਕਰਨ ਦਾ ਸਮਾਂ ਆ ਗਿਆ ਹੈ।



ਟਰਾਂਟ ਦੇ ਸੇਟ ਜਾਰਜ ਕਮਿਊਨਿਟੀ ਕੇਅਰ ਸੈਟਰ, ਇਹ ਪ੍ਰਾਈਵੇਟ ਤੇ ਮੁਨਾਫੇ ਲਈ ਚਲਾਇਆ ਜਾਣ ਵਾਲਾ ਲਾਂਗ ਟਰਮ ਕੇਅਰ ਹਮ ਹੈ ਜ ਸਿਏਨਾ ਲਿਵਿੰਗ ਦਾ ਹੈ, ਦੇ ਬਾਹਰ ਐਤਵਾਰ ਦੁਪਹਿਰ ਨੂੰ ਕੀਤੀ ਰੈਲੀ ਨੂੰ ਸੰਬਧਨ ਕਰਦਿਆਂ ਜਗਮੀਤ ਸਿੰਘ ਨੇ ਇਹ ਆਖਿਆ ਕਵਿਡ-19 ਆਊਟਬ੍ਰੇਕ ਨਾਲ ਡੀਲ ਕਰਨ ਲਈ ਇਸ ਫੈਸਿਲਿਟੀ ਦੀ ਮੈਨੇਜਮੈਂਟ ਇਸ ਸਮੇ ਯੂਨੀਵਰਸਿਟੀ ਹੈਲਥ ਨੈੱਟਵਰਕ ਦੇ ਹੱਥ ਹੈ।

ਐਨਡੀਪੀ ਆਗੂ ਨੇ ਆਖਿਆ ਕਿ ਜਦ ਅਜਿਹੇ ਹਮਜ ਵਿੱਚ ਕਵਿਡ-19 ਆਊਟਬ੍ਰੇਕਸ ਦਾ ਮਾਮਲਾ ਆਉਦਾ ਹੈ ਤਾਂ ਫੈਡਰਲ ਸਰਕਾਰ ਨੂੰ ਤੇਜੀ ਨਾਲ ਕੰਮ ਕਰਨਾ ਚਾਹੀਦਾ ਹੈ ਤੇ ਲੜ ਪੈਣ ਉੱਤੇ ਫਜ ਵੀ ਤਾਇਨਾਤ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਸਾਨੂੰ ਸਿਰਫ ਉਦ ਹੀ ਪ੍ਰਤੀਕਿਰਿਆ ਨਹੀ ਪ੍ਰਗਟਾਉਣੀ ਚਾਹੀਦੀ ਜਦ ਕਈ ਦਿੱਕਤ ਪੈਦਾ ਹਵੇ, ਸਾਨੂੰ ਉਦ ਵੀ ਕਦਮ ਨਹੀ ਚੁੱਕਣਾ ਚਾਹੀਦਾ ਜ ਇਨਫੈਕਸਨ ਦਰ ਵਿੱਚ ਵਾਧਾ ਹਵੇ, ਸਾਨੂੰ ਫਰੀ ਕਾਰਵਾਈ ਕਰਨ ਦੀ ਲੜ ਹੈ। ਉਨ੍ਹਾਂ ਆਖਿਆ ਕਿ ਇਸ ਗੱਲ ਨਾਲ ਤਾਂ ਸਾਰੇ ਸਹਿਮਤ ਹਨ ਕਿ ਮੁਨਾਫੇ ਦੇ ਚੱਕਰ ਵਿੱਚ ਬਜੁਰਗਾਂ ਦਾ ਹਾਲ ਕਾਫੀ ਮਾੜਾ ਹੁੰਦਾ ਹੈ ਤੇ ਅਸੀ ਇਸ ਤਰ੍ਹਾਂ ਦੇ ਹਾਲਾਤ ਜਾਰੀ ਨਹੀ ਰੱਖ ਸਕਦੇ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਗੰਭੀਰ ਜ਼ਖ਼ਮੀ

ਟੋਰਾਂਟੋ, 14 ਜਨਵਰੀ (ਪੋਸਟ ਬਿਊਰੋ) : ਰੈਕਸਡੇਲ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਉਸ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਇਹ ਵਿਅਕਤੀ ਆਪਣੇ 40ਵਿਆਂ ਵਿੱਚ ਦੱਸਿਆ ਜਾਂਦਾ ਹੈ। ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕਿਪਲਿੰਗ ਐਵਨਿਊ ਤੇ ਫਿੰਚ ਐਵਨਿਊ ਵੈਸਟ ਦੇ ਲਾਂਘੇ ਉੱਤੇ ਇਹ ਘਟਨਾ ਸ਼ਾਮੀਂ 7:00 ਵਜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਜਦੋਂ ਮਦਦ ਪਹੁੰਚੀ ਤਾਂ ਇਹ ਵਿਅਕਤੀ ਬੇਸੁੱਧ ਸੀ ਤੇ ਉਸ ਨੂੰ ਐਮਰਜੰਸੀ ਰਨ ਰਾਹੀਂ ਹਸਪਤਾਲ ਪਹੁੰਚਾਇਆ ਗਿਆ।

ਟਰੈਫਿਕ ਸਰਵਿਸਿਜ਼ ਵੱਲੋਂ ਮਾਮਲੇ ਦੀ ਜਾਂਚ ਕੀਤੇ ਜਾਣ ਕਾਰਨ ਲੋਕਲ ਰੋਡਜ਼ ਬੰਦ ਕੀਤੀਆਂ ਗਈਆਂ ਹਨ। ਪੁਲਿਸ ਨੇ ਇਹ ਵੀ ਦੱਸਿਆ ਕਿ ਗੱਡੀ ਦਾ ਡਰਾਈਵਰ ਵੀ ਮੌਕੇ ਉੱਤੇ ਹੀ ਮੌਜੂਦ ਸੀ।

# ਓਕਵਿੱਲ ਦੇ ਮੇਅਰ ਨੇ ਹਾਲਟਨ ਪੁਲਿਸ ਬੋਰਡ ਤੋਂ ਦਿੱਤਾ ਅਸਤੀਫਾ

ਓਕਵਿੱਲ, 14 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦਰਮਿਆਨ ਪੁਲਿਸ ਚੀਫ ਸਟੀਫਨ ਟੈਨਰ ਨੂੰ ਫਲੋਰਿਡਾ ਦਾ ਸਫਰ ਕਰਨ ਦੀ ਇਜਾਜ਼ਤ ਦੇਣ ਤੋਂ ਬਾਅਦ ਜਨਤਕ ਤੌਰ ਉੱਤੇ ਆਪਣੇ ਇਸ ਫੈਸਲੇ ਨੂੰ ਸਹੀ ਠਹਿਰਾਉਣ ਵਾਲੇ ਓਕਵਿੱਲ ਦੇ ਮੇਅਰ ਨੇ ਹਾਲਟਨ ਪੁਲਿਸ ਬੋਰਡ ਤੋਂ ਅਸਤੀਫਾ ਦੇ ਦਿੱਤਾ ਹੈ।



ਸੋਮਵਾਰ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਰੌਬ ਬਰਟਨ ਨੇ ਆਖਿਆ ਕਿ ਟੈਨਰ ਦਾ ਗਲਤ ਵੇਲੇ ਕੀਤਾ ਗਿਆ ਇਹ ਦੌਰਾ ਜਨਤਕ ਹੋਣ ਤੋਂ ਬਾਅਦ ਆਪਣੇ ਵੱਲੋਂ ਪ੍ਰਗਟਾਈ ਗਈ ਪ੍ਰਤੀਕਿਰਿਆ ਦਾ ਉਨ੍ਹਾਂ ਨੂੰ ਬਹੁਤ ਅਫਸੋਸ ਹੈ। ਉਨ੍ਹਾਂ ਅੱਗੇ ਆਖਿਆ ਕਿ ਇਸ ਲਈ ਉਹ ਹਾਲਟਨ ਪੁਲਿਸ ਬੋਰਡ ਦੇ ਮੈਂਬਰ ਵਜੋਂ ਅਸਤੀਫਾ ਦਿੰਦੇ ਹਨ। ਬਰਟਨ ਨੇ ਇਹ ਵੀ ਆਖਿਆ ਕਿ ਊਨ੍ਹਾਂ ਦੇ ਚੇਅਰ ਰਹਿੰਦਿਆਂ ਐਚਆਰਪੀਐਸ ਤੇ ਇਸ ਦੇ ਬੋਰਡ ਨੂੰ ਹਾਸਲ ਹੋਈ ਸਫਲਤਾ ਉੱਤੇ ਉਨ੍ਹਾਂ ਨੂੰ ਮਾਣ ਹੈ।

ਜ਼ਿਕਰਯੋਗ ਹੈ ਕਿ ਟੈਨਰ ਨੇ ਬੀਤੇ ਦਿਨੀਂ ਇੱਕ ਬਿਆਨ ਜਾਰੀ ਕਰਕੇ ਇਹ ਸਵੀਕਾਰ ਕੀਤਾ ਸੀ ਕਿ ਦਸੰਬਰ ਦੇ ਅੰਤ ਵਿੱਚ ਉਨ੍ਹਾਂ ਵੱਲੋਂ ਫਲੋਰਿਡਾ ਦਾ ਕੀਤਾ ਗਿਆ ਦੌਰਾ ਹਾਲਟਨ ਪੁਲਿਸ ਬੋਰਡ ਦੇ ਚੇਅਰ ਦੇ ਧਿਆਨ ਵਿੱਚ ਸੀ ਤੇ ਇਹ ਉਨ੍ਹਾਂ ਦੇ ਸਮਰਥਨ ਤੇ ਮਦਦ ਨਾਲ ਕੀਤਾ ਗਿਆ। ਟੈਨਰ ਉਹ ਪਬਲਿਕ ਫਿਗਰ ਹਨ ਜਿਨ੍ਹਾਂ ਦੇ ਕੌਮਾਂਤਰੀ ਦੌਰੇ ਦੀ ਨਿਖੇਧੀ ਕੀਤੀ ਜਾ ਰਹੀ ਹੈ।

# ‘ਵੋਗ’ ਦੇ ਮੁੱਖ ਪੰਨੇ ਲਈ ਕਮਲਾ ਹੈਰਿਸ ਦੀ ਟੀਮ ਅਤੇ ਮੈਗਜ਼ੀਨ ਦਾ ਵਿਵਾਦ

ਵਿਲਮਿੰਗਟਨ, 14 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੀ ਨਵੀਂ ਚੁਣੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਮੈਗਜ਼ੀਨ ‘ਵੋਗ’ ਦੇ ਫ਼ਰਵਰੀ ਅੰਕ ਦੇ ‘ਕਵਰ’ ’ਤੇ ਨਜ਼ਰ ਆ ਰਹੀ ਹੈ, ਪਰ ਉਨ੍ਹਾਂ ਦੇ ਦਲ ਦਾ ਕਹਿਣਾ ਹੈ ਕਿ ਦੋਹਾਂ ਪੱਖਾਂ ਵਿਚਾਲੇ ਇਸ ਤਸਵੀਰ ’ਤੇ ਨਹੀਂ, ਬਲਕਿ ਦੂਜੀ ਤਸਵੀਰ ’ਤੇ ਸਹਿਮਤੀ ਬਣੀ ਸੀ।

ਮੈਗਜ਼ੀਨ ਦੇ ‘ਕਵਰ’ ਉਤੇ ਕਮਲਾ ਹੈਰਿਸ ਸ਼ੂਟ ਦੌਰਾਨ ਪਹਿਨੇ ਗਏ ਨੀਲੇ ਰੰਗ ਦੇ ਸੂਟ ਦੀ ਥਾਂ ਆਮ ਜਿਹੇ ਕਪੜੇ ਅਤੇ ਉਸ ਨਾਲ ‘ਕਨਵਰਸ ਚਕ ਟੇਲਰ ਸਨੀਕਰਜ਼’ (ਬੂਟ) ਪਹਿਨੇ ਨਜ਼ਰ ਆਈ ਹੈ, ਜੋ ਉਸ ਨੇ ਪ੍ਰਚਾਰ ਮੁਹਿੰਮ ਦੌਰਾਨ ਵੀਕਈ ਵਾਰ ਪਹਿਨੇ ਸਨ। ਹੈਰਿਸ ਨੂੰ ਮੈਗਜ਼ੀਨ ਦੇ ‘ਕਵਰ’ ’ਤੇ ਕਿਸ ਤਰ੍ਹਾਂ ਪੇਸ਼ ਕੀਤਾ ਜਾਵੇਗਾ, ਉਸ ਗੱਲਬਾਤ ਵਿੱਚ ਸ਼ਾਮਲ ਇੱਕ ਵਿਅਕਤੀ ਅਨੁਸਾਰ ਹੈਰਿਸ ਦੀ ਟੀਮ ਨੂੰ ਕੱਲ੍ਹ ਮੈਗਜ਼ੀਨ ਜਾਰੀ ਹੋਣ ਤੱਕ ਇਸ ਦੀ ਜਾਣਕਾਰੀ ਨਹੀਂ ਸੀ ਕਿ ਤਸਵੀਰ ਬਦਲ ਦਿੱਤੀ ਗਈ ਹੈ। ਦੂਜੇ ਪਾਸੇ ਮੈਗਜ਼ੀਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਨੇ ਹੈਰਿਸ ਦੀਆਂ ਰੋਜ਼ਾਨਾ ਗਤੀਵਿਧੀਆਂ ਨੂੰ ਦਰਸਾਉਂਦੀ ਤਸਵੀਰ ਇਸ ਲਈ ਚੁਣੀ ਕਿ ਉਸ ਨਾਲ ਉਨ੍ਹਾਂ ਦਾ ‘ਵਿਸ਼ਵਾਸ ਅਤੇ ਮਿਲਣਸਾਰ ਸੁਭਾਅ’ ਦਿਸਦਾ ਹੈ ਜੋ ਸਾਨੂੰ ਲਗਦਾ ਹੈ ਕਿ ਨਵੇਂ ਚੁਣੇ ਗਏ ਰਾਸ਼ਟਰਪਤੀ ਜੋ. ਬਾਈਡਨ ਅਤੇ ਹੈਰਿਸ ਦੇ ਪ੍ਰਸ਼ਾਸਨ ਦੀ ਇਹ ਇੱਕ ਵੱਡੀ ਪਹਿਚਾਣ ਹੈ।”

# ਦੋ ਡੋਜ਼ ਵਾਲੇ ਸ਼ਡਿਊਲ ਦੀ ਪਾਲਣਾ ਨਾ ਕਰਨ ’ਤੇ ਕਿਊਬਿਕ ਨੂੰ ਵੈਕਸੀਨ ਸਪਲਾਈ ਬੰਦ ਕਰ ਸਕਦੀ ਹੈ ਫਾਈਜ਼ਰ ?

ਮਾਂਟਰੀਅਲ, 14 ਜਨਵਰੀ (ਪੋਸਟ ਬਿਊਰੋ) : ਕਿਊਬਿਕ ਵਿੱਚ ਕੋਵਿਡ-19 ਵੈਕਸੀਨ ਨੂੰ ਉਸ ਸੂਰਤ ਵਿੱਚ ਢਾਹ ਲੱਗੇਗੀ ਜੇ ਪ੍ਰੋਵਿੰਸ ਨੇ ਉਹ ਸ਼ਡਿਊਲ ਅਪਨਾਉਣਾ ਜਾਰੀ ਰੱਖਿਆ ਜਿਸ ਦੀ ਵੈਕਸੀਨ ਨਿਰਮਾਤਾ ਵੱਲੋਂ ਸਿਫਾਰਿਸ਼ ਨਹੀਂ ਕੀਤੀ ਗਈ ਹੈ। ਇਹ ਖੁਲਾਸਾ ਪ੍ਰੋਵਿੰਸ਼ੀਅਲ ਆਗੂਆਂ ਵੱਲੋਂ ਕੀਤਾ ਗਿਆ।



ਸੋਮਵਾਰ ਨੂੰ ਪ੍ਰੀਮੀਅਰ ਫਰੈਂਕੌਇਸ ਲੀਗਾਲਟ ਨੇ ਆਖਿਆ ਕਿ ਓਟਵਾ ਵੱਲੋਂ ਪ੍ਰੋਵਿੰਸ਼ੀਅਲ ਸਰਕਾਰ ਨਾਲ ਇਸ ਬਾਰੇ ਗੱਲਬਾਤ ਕੀਤੀ ਜਾ ਰਹੀ ਸੀ ਕਿ ਉਨ੍ਹਾਂ ਨੂੰ ਫਾਈਜ਼ਰ ਵੱਲੋਂ ਆਪਣੀ ਵੈਕਸੀਨ ਲਈ ਦੋ ਡੋਜ਼ਾਂ ਵਾਲੇ ਸ਼ਡਿਊਲ ਨੂੰ ਅਪਨਾਏ ਜਾਣ ਦੀ ਲੋੜ ਹੈ। ਇਸ ਸ਼ਡਿਊਲ ਅਨੁਸਾਰ ਵੈਕਸੀਨ ਦੀ ਪਹਿਲੀ ਡੋਜ਼ ਦਿੱਤੇ ਜਾਣ ਤੋਂ ਤਿੰਨ ਹਫਤੇ ਬਾਅਦ ਦੂਜੀ ਡੋਜ਼ ਦਿੱਤੀ ਜਾਣੀ ਜ਼ਰੂਰੀ ਹੈ। ਪਰ ਕਿਊਬਿਕ ਸਰਕਾਰ ਦੀ ਯੋਜਨਾ ਅਨੁਸਾਰ ਤੇ ਸੋਧੇ ਹੋਏ ਸ਼ਡਿਊਲ ਮੁਤਾਬਕ ਪਹਿਲੀ ਡੋਜ਼ ਹਾਸਲ ਕਰਨ ਵਾਲੇ ਲੋਕ ਕਈ ਮਹੀਨੇ ਬਾਅਦ ਵੀ ਦੂਜੀ ਡੋਜ਼ ਹਾਸਲ ਕਰ ਸਕਦੇ ਹਨ।

ਸਰਕਾਰ ਦਾ ਦਾਅਵਾ ਹੈ ਕਿ ਇਹ ਸੋਧਿਆ ਹੋਇਆ ਸ਼ਡਿਊਲ ਵੱਧ ਤੋਂ ਵੱਧ ਲੋਕਾਂ ਨੂੰ ਵੈਕਸੀਨੇਟ ਕਰਨ ਦਾ ਉਪਰਾਲਾ ਹੈ। ਸਰਕਾਰ ਦਾ ਇੱਥੋਂ ਤੱਕ ਦਾਅਵਾ ਹੈ ਕਿ ਪਹਿਲੀ ਡੋਜ਼ ਨਾਲ ਹੀ ਲੋੜੀਂਦੀ ਇਮਿਊਨਿਟੀ ਦਾ ਪੱਧਰ ਹਾਸਲ ਹੋ ਜਾਂਦਾ ਹੈ। ਪਰ ਫਾਈਜ਼ਰ ਵੱਲੋਂ ਕਿਊਬਿਕ ਸਰਕਾਰ ਦੇ ਇਸ ਦਾਅਵੇ ਨਾਲ ਇਤਫਾਕ ਨਹੀਂ ਰੱਖਿਆ ਜਾ ਰਿਹਾ। ਲੀਗਾਲਟ ਨੇ ਆਖਿਆ ਕਿ ਫੈਡਰਲ ਸਰਕਾਰ ਵੱਲੋਂ ਉਨ੍ਹਾਂ ਨੂੰ ਇਹ ਦੱਸਿਆ ਗਿਆ ਹੈ ਕਿ ਜੇ ਅਸੀਂ ਫਾਈਜ਼ਰ ਵੱਲੋਂ ਦੱਸੇ ਗਏ ਅੰਤਰਾਲ ਉੱਤੇ ਵੈਕਸੀਨ ਦੀ ਡੋਜ਼ ਨਾ ਦਿੱਤੀ ਤਾਂ ਕੰਪਨੀ ਭਵਿੱਖ ਵਿੱਚ ਸਾਨੂੰ ਵੈਕਸੀਨ ਦੀ ਸਪਲਾਈ ਬੰਦ ਵੀ ਕਰ ਸਕਦੀ ਹੈ।

ਲੀਗਾਲਟ ਨੇ ਅੱਗੇ ਆਖਿਆ ਕਿ ਜੇ ਦੂਜੀ ਡੋਜ਼ ਨੂੰ ਰੋਕਣ ਦੀ ਕੰਪਨੀ ਵੱਲੋਂ ਗੱਲ ਆਖੀ ਗਈ ਹੈ ਤਾਂ ਅਸੀਂ ਉਸ ਵੱਲੋਂ ਦਿੱਤੇ ਨਿਰਦੇਸ਼ਾਂ ਉੱਤੇ ਹੀ ਚੱਲਾਂਗੇ ਪਰ ਜੇ ਸਾਡੇ ਕੋਲ ਚੋਣ ਕਰਨ ਦਾ ਬਦਲ ਹੈ ਤਾਂ ਅਸੀਂ ਪਹਿਲੀ ਡੋਜ਼ ਨਾਲ ਹੀ ਵੱਧ ਤੋਂ ਵੱਧ ਲੋਕਾਂ ਨੂੰ ਵੈਕਸੀਨੇਟ ਕਰਨ ਦਾ ਫੈਸਲਾ ਕਰਾਂਗੇ। ਫਾਈਜ਼ਰ ਦੇ ਬੁਲਾਰੇ ਨੇ ਆਖਿਆ ਕਿ ਕੰਪਨੀ ਵੱਲੋਂ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਜਾਂਦੀ ਕਿ ਇਸ ਤਰ੍ਹਾ ਦੇ ਨਤੀਜੇ ਢੁਕਵੇਂ ਹੋਣਗੇ। ਪਰ ਫਾਈਜ਼ਰ ਵੱਲੋਂ ਇਸ ਗੱਲ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਕੈਨੇਡਾ ਭਰ ਵਿੱਚ ਹੈਲਥ ਕੈਨੇਡਾ ਵੱਲੋਂ ਜਾਰੀ ਡੋਜ਼ਾਂ ਦੇ ਸ਼ਡਿਊਲ ਦੀ ਹੀ ਪਾਲਣਾ ਕੀਤੀ ਜਾਵੇ।

# ਐਡਮਿਰਲ ਮੈਕਡੌਨਲਡ ਨੇ ਕੈਨੇਡਾ ਦੇ ਨਵੇਂ ਚੀਫ ਆਫ ਦ ਡਿਫੈਂਸ ਸਟਾਫ ਵਜੋਂ ਚੁੱਕੀ ਸੰਹੁ

...ਪੰਨਾ 1 ਦਾ ਬਾਕੀ

ਕੋਵਿਡ-19 ਕਾਰਨ ਮੈਕਡੌਨਲਡ ਨੂੰ ਡਿਫੈਂਸ ਚੀਫ ਦੇ ਅਹੁਦੇ ਦੀ ਸੰਹੁ ਬਹੁਤ ਹੀ ਸਾਦੇ ਸਮਾਰੋਹ ਦੌਰਾਨ ਚੁਕਾਈ ਗਈ। ਇਸ ਦੌਰਾਨ ਨੈਸ਼ਨਲ ਡਿਫੈਂਸ ਹੈੱਡਕੁਆਰਟਰ ਦਾ ਕਮਰਾ ਖਾਲੀ ਹੀ ਰਿਹਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਗਵਰਨਰ ਜਨਰਲ ਜੂਲੀ ਪੇਯੈਟ ਨੇ ਇਸ ਸਮਾਰੋਹ ਵਿੱਚ ਵਰਚੂਅਲੀ ਹਿੱਸਾ ਲਿਆ। ਮੈਕਡੌਨਲਡ ਨੇ ਇਹ ਅਹੁਦਾ ਜਨਰਲ ਜੌਨਾਥਨ ਵੈਂਸ ਤੋਂ ਬਾਅਦ ਸਾਂਭਿਆ ਹੈ। ਇਸ ਮੌਕੇ ਦੋਵੇਂ ਸੀਨੀਅਰ ਅਧਿਕਾਰੀ ਮਾਸਕ ਪਾਈ ਨਜ਼ਰ ਆਏ ਤੇ ਚੇਂਜ ਆਫ ਕਮਾਂਡ ਵਰਗੀਆਂ ਕਈ ਰਸਮਾਂ ਨੂੰ ਮਾਮੂਲੀ ਛੋਹਿਆ ਗਿਆ ਜਾਂ ਛੱਡ ਹੀ ਦਿੱਤਾ ਗਿਆ।

ਇਸ ਦੌਰਾਨ ਦਿੱਤੇ ਗਏ ਕਈ ਭਾਸ਼ਣਾਂ ਵਿੱਚ ਕੋਵਿਡ-19 ਦਾ ਮੁੱਦਾ ਮੁੱਖ ਤੌਰ ਉੱਤੇ ਛਾਇਆ ਰਿਹਾ। ਇਸ ਦੇ ਨਾਲ ਹੀ ਕਲਾਈਮੇਟ ਚੇਂਜ ਤੇ ਭੂ-ਸਿਆਸੀ ਅਸਥਿਰਤਾ ਨੂੰ ਵੀ ਵੱਡੀ ਚੁਣੌਤੀ ਦੱਸਿਆ ਗਿਆ। ਇਸ ਦੌਰਾਨ ਕੈਨੇਡੀਅਨ ਆਰਮਡ ਫੋਰਸਿਜ਼ ਵਿੱਚ ਕਲਚਰ ਚੇਂਜ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ ਗਿਆ। ਡਿਫੈਂਸ ਚੀਫ ਵਜੋਂ ਆਪਣੇ ਪੰਜ ਸਾਲਾਂ ਦੇ ਕਾਰਜਕਾਲ ਵਿੱਚ ਜਿਹੜੇ ਕੰਮ ਵੈਂਸ ਵੱਲੋਂ ਸਹੇੜੇ ਗਏ ਉਨ੍ਹਾਂ ਨੂੰ ਜਾਰੀ ਰੱਖਣ ਦਾ ਮੈਕਡੌਨਲਡ ਨੇ ਵਾਅਦਾ ਕੀਤਾ।

# ਐਜੈਕਸ ਦੇ ਘਰ ਵਿੱਚ ਛੁਰੇਬਾਜ਼ੀ ਵਿੱਚ 1 ਜ਼ਖ਼ਮੀ, 1 ਹਿਰਾਸਤ ਵਿੱਚ

ਦਰਹਾਮ, 14 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਐਜੈਕਸ ਦੇ ਇੱਕ ਘਰ ਵਿੱਚ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਪੁਰਸ਼ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਦਰਹਾਮ ਪੁਲਿਸ ਨੂੰ ਰਾਤੀਂ 8:40 ਉੱਤੇ ਡੀਲੇਨੇ ਡਰਾਈਵ ਤੇ ਵੈਸਟਨੇਅ ਰੋਡ ਨੌਰਥ ਇਲਾਕੇ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਦੋ ਪੁਰਸ਼ਾਂ ਵਿੱਚ ਝੜਪ ਹੋਈ। ਇਨ੍ਹਾਂ ਵਿੱਚੋਂ ਇੱਕ ਘਰ ਦੇ ਅੰਦਰ ਮੌਜੂਦ ਸੀ ਤੇ ਉਸ ਨੂੰ ਜਾਨਲੇਵਾ ਸੱਟਾਂ ਲੱਗੀਆਂ ਸਨ ਤੇ ਇਲਾਜ ਲਈ ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ।

ਦੂਜੇ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਦਾ ਕਹਿਣਾ ਹੈ ਕਿ ਘਟਨਾ ਦਾ ਸ਼ਿਕਾਰ ਹੋਇਆ ਵਿਅਕਤੀ ਤੇ ਹਮਲਾਵਰ ਇੱਕ ਦੂਜੇ ਨੂੰ ਜਾਣਦੇ ਸਨ। ਉਨ੍ਹਾਂ ਦੀ ਉਮਰ ਦੇ ਸਬੰਧਾਂ ਬਾਰੇ ਹੋਰ ਵੇਰਵੇ ਜਾਂ ਰਿਸ਼ਤੇ ਦੇ ਸਬੰਧ ਵਿੱਚ ਕੋਈ ਵੇਰਵੇ ਜਾਰੀ ਨਹੀਂ ਕੀਤੇ ਗਏ।










## ਸੰਪਾਦਕੀ

# ਮਿੱਠ ਬੋਲੜੇ ਨਵਦੀਪ ਬੈਂਸ ਦੀ ਸਿਆਸੀ ਵਿਰਾਸਤ ਬਾਰੇ ਕੁੱਝ ਖੱਟੇ ਮਿੱਠੇ ਸੁਆਲ

ਨਵਦੀਪ ਸਿੰਘ ਬੈਂਸ ਨੇ ਟਰੂਡੋ ਵਜ਼ਾਰਤ ਵਿੱਚੋਂ ਅਸਤੀਫ਼ਾ ਦੇ ਦਿੱਤਾ ਹੈ ਅਤੇ ਉਹ ਵੀ ਉਸ ਸਮੇਂ ਜਦੋਂ ਉਹਨਾਂ ਦੀ ਗੁੱਡੀ ਸਿਖ਼ਰਾਂ ਉੱਤੇ ਚੜੀ ਹੋਈ ਸੀ। ਉਹਨਾਂ ਦੇ ਅਸਤੀਫੇ ਦੇ ਕਈ ਨਿੱਜੀ ਅਤੇ ਸਿਆਸੀ ਕਾਰਣ ਹੋ ਸਕਦੇ ਹਨ ਪਰ ਕੈਨੇਡਾ ਖਾਸ ਕਰਕੇ ਗਰੇਟਰ ਟੋਰਾਂਟੋ ਏਰੀਆ ਦੇ ਸਿੱਖ ਭਾਈਚਾਰੇ ਲਈ ਇਹ ਮਹਿਜ਼ ਇੱਕ ਮੰਤਰੀ ਦਾ ਅਸਤੀਫ਼ਾ ਨਹੀਂ ਹੈ। ਇਹ ਤਾਂ ਸਗੋਂ ਸਮੁੱਚੇ ਭਾਈਚਾਰੇ ਦੀ ਆਸ ਵਿਸ਼ੇਸ਼ ਕਰਕੇ ਨੌਜਵਾਨਾਂ ਦੇ 'ਰੋਲ ਮਾਡਲ' ਦਾ ਚੁੱਪ ਕਰ ਜਾਣਾ ਹੈ। ਉਹਨਾਂ ਦੇ ਅਹੁਦਾ ਛੱਡਣ ਨੂੰ ਇਹ ਸੰਗਿਆ ਨਹੀਂ ਦਿੱਤੀ ਜਾ ਸਕਦੀ ਕਿ ਚਲੋ ਭਾਈਚਾਰਾ ਕੱਲ ਨੂੰ ਕੋਈ ਹੋਰ ਯੋਗ ਸਿਆਸਤਦਾਨ ਖੜਾ ਕਰ ਲਵੇਗਾ। ਹਾਲਾਂਕਿ ਕੁੱਝ ਵੀ ਸੰਭਵ ਹੈ ਪਰ ਜਿਹੋ ਜਿਹੀ ਘਾਲਣਾ ਭਾਈਚਾਰੇ ਨੇ ਨਵਦੀਪ ਬੈਂਸ ਨੂੰ ਅੱਗੇ ਲਿਆਉਣ ਵਿੱਚ ਪਾਈ ਸੀ, ਸ਼ਾਇਦ ਉਸ ਬਰਾਬਰ ਹੰਭਲਾ ਮਾਰਨ ਦਾ ਸੰਜੋਗ ਭੱਵਿਖ ਵਿੱਚ ਨਾ ਬਣ ਪਾਵੇ।

ਇੱਕ ਲਾਤੀਨੀ ਕਹਾਵਤ ਹੈ – Sic Transit Gloria Mundi (ਸਿਕ ਟਰਾਂਜ਼ਿਟ ਗਲੋਰੀਆ ਮੁੰਡੀ) ਭਾਵ ਇੰਝ ਖੁਰ ਜਾਂਦੀ ਹੈ ਇਸ ਸੰਸਾਰ ਦੀ ਸ਼ਾਨੋ ਸ਼ੌਕਤ। ਆਮ ਕਰਕੇ ਕਿਸੇ ਸਿਆਸਦਾਨ ਦੇ ਅਹੁਦੇ ਤੋਂ ਲੱਥ ਜਾਣ ਬਾਅਦ ਉਸਦੀ ਅਹਿਮੀਅਤ ਵੀ ਨਾਲ ਹੀ ਲੱਥ ਜਾਂਦੀ ਹੈ ਅਤੇ ਬਹੁਤ ਘੱਟ ਹੁੰਦਾ ਹੈ ਕਿ ਅਹੁਦਾ ਛੱਡਣ ਤੋਂ ਬਾਅਦ ਲੋਕੀ ਬਹੁਤੀ ਦੇਰ ਚੇਤੇ ਰੱਖਣ। ਸਿਵਾਏ ਉਹਨਾਂ ਸਿਆਸਤਦਾਨਾਂ ਤੋਂ ਜਿਹਨਾਂ ਨੇ ਆਪਣੇ ਸਿਆਸੀ ਜੀਵਨਕਾਲ ਦੌਰਾਨ ਕੁੱਝ ਵਿਸ਼ੇਸ਼ ਕਾਰਜ ਕੀਤੇ ਹੋਣ। ਮਿਸਾਲ ਵਜੋਂ ਸਾਬਕਾ ਅਮਰੀਕੀ ਰਾਸ਼ਟਰਪਤੀ ਰੌਨਾਲਡ ਰੀਗਨ ਦੀ ਮੌਤ ਨੂੰ ਇੱਕ ਦਹਾਕੇ ਤੋਂ ਵੱਧ ਸਮਾਂ ਹੋ ਚੁੱਕਾ ਹੈ। ਅੱਜ ਵੀ ਉਸ ਪਾਰਟੀ ਦੇ ਸੰਭਾਵੀ ਆਗੂ ਸਟੇਜਾਂ ਉੱਤੇ ਚੜ ਕੇ ਇਹ ਦਾਅਵਾ ਕਰਨ ਵਿੱਚ ਮਾਣ ਮਹਿਸੂਸ ਕਰਦੇ ਹਨ ਕਿ ਉਹ ਰੀਗਨ ਦੀ ਵਿਰਾਸਤ ਨੂੰ ਅੱਗੇ ਤੋਰਨਗੇ।

ਜੇ ਮਹਿਜ਼ ਲਿਬਰਲ ਸਿਆਸੀ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਨਵਦੀਪ ਬੈਂਸ ਦੇ ਨਾਮ ਦਾ ਜ਼ਿਕਰ ਅਗਲੀਆਂ ਚੋਣਾਂ ਤੱਕ ਜਰੂਰ ਕੀਤਾ ਜਾਵੇਗਾ। ਲਿਬਰਲ ਪਾਰਟੀ ਦੁਆਰਾ ਉਹਨਾਂ ਦੇ ਕੌਮੀ ਪੱਧਰ ਉੱਤੇ ਪੈਦਾ ਹੋ ਚੁੱਕੇ ਅਕਸ ਤੋਂ ਹਰ ਕਿਸਮ ਦਾ ਲਾਭ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਹ ਵੀ ਤਾਂ ਜੇ ਸਾਧਾਰਨ ਪਰਿਵਾਰਕ ਕਾਰਣਾਂ ਕਰਕੇ ਦਿੱਤੇ ਅਸਤੀਫੇ ਤੋਂ ਇਲਾਵਾ ਕੋਈ ਹੋਰ ਪਰਦਾ ਨੰਗਾ ਨਾ ਹੋ ਜਾਵੇ। ਖੈਰ ਸਾਡਾ ਅੱਜ ਵਿਸ਼ਾ ਨਵਦੀਪ ਬੈਂਸ ਦੀ ਪੰਜਾਬੀ ਖਾਸ ਕਰਕੇ ਸਿੱਖ ਭਾਈਚਾਰੇ ਨੂੰ ਯੋਗਦਾਨ ਦਾ ਹੈ। ਇੱਕ ਵਕਤ ਸੀ ਕਿ ਟੋਰਾਂਟੋ ਸਟਾਰ ਨੇ ਉਸਨੂੰ ਕੈਨੇਡਾ ਦੇ ਅਗਲੇ ਪ੍ਰਧਾਨ ਮੰਤਰੀ ਹੋਣ ਦੀ ਸੰਭਾਵਨਾ ਵਾਲਾ ਨੌਜਵਾਨ ਕਰਾਰ ਦਿੱਤਾ ਸੀ। ਸਥਾਨਕ ਗੁਰਦੁਆਰਾ ਸਾਹਿਬਾਨਾਂ, ਸੋਸ਼ਲ ਸੰਸਥਾਵਾਂ ਅਤੇ ਜੱਥੇਬੰਦੀਆਂ ਨੇ 2004 ਤੋਂ ਲੈ ਕੇ ਉਸਦੇ ਸਿਆਸੀ ਜੀਵਨ ਨੂੰ ਉੱਚਾ ਚੁੱਕਣ ਵਿੱਚ ਬਣਦਾ ਯੋਗਦਾਨ ਪਾਇਆ ਕਿਉਂਕਿ ਨਵਦੀਪ ਇੱਕ ਪੜਿਆ ਲਿਖਿਆ ਅਤੇ ਭੱਵਿਖਮੁਖੀ ਨੌਜਵਾਨ ਸੀ। ਕਮਿਉਨਿਟੀ ਨੂੰ ਆਸਾਂ ਸਨ ਕਿ ਉਹ ਅਗਲੀਆਂ ਪੀੜੀਆਂ ਲਈ ਚਾਨਣ ਮੁਨਾਰਾ ਬਣੇਗਾ।

ਨਵਦੀਪ ਬੈਂਸ ਦੀ ਸਖਸ਼ੀਅਤ ਵਿੱਚ ਖੂਬੀ ਹੈ ਕਿ ਉਹ ਮਿੱਠ ਬੋਲੜਾ ਹੈ, ਸਿੱਖੀ ਸਰੂਪ ਦਾ ਧਾਰਨੀ ਹੈ, ਨਿੱਜੀ ਜੀਵਨ ਵਿੱਚ ਸਦਾਚਾਰੀ ਹੈ, ਪੜਿਆ ਲਿਖਿਆ ਹੈ, ਸਮਝਦਾਰ ਹੈ ਅਤੇ ਲਿਆਕਤ ਨਾਲ ਅੱਗੇ ਵੱਧਣ ਦੀ ਖੂਬੀ ਰੱਖਦਾ ਹੈ। ਪਰ ਉਸਦੇ ਅਸਤੀਫ਼ਾ ਦੇਣ ਨਾਲ ਉਸ ਵੱਲੋਂ ਕਮਿਉਨਿਟੀ ਲਈ ਛੱਡੀ ਵਿਰਾਸਤ ਬਾਰੇ ਸੁਆਲ ਖੜ੍ਹੇ ਹੋਏ ਹਨ ਜਿਹਨਾਂ ਦੇ ਜਵਾਬ ਹਵਾ ਵਿੱਚ ਹੀ ਲਟਕੇ ਹੋਏ ਹਨ।




ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਇੱਕਤਰ ਕੀਤੇ ਅੰਕੜਿਆ ਮੁਤਾਬਕ 2018 ਤੋਂ 2020 ਦੇ ਅਰਸੇ ਵਿੱਚ ਕੰਜ਼ਰਵੇਟਿਵ ਐਮ ਪੀ ਗਾਰਨੈੱਟ ਜੀਨੀਅਸ ਨੇ ਸਿੱਖ ਮਸਲਿਆਂ ਬਾਰੇ 25 ਵਾਰ ਬਿਆਨ ਦਿੱਤੇ। ਉਸਤੋਂ ਬਾਅਦ ਲਿਬਰਲ ਐਮ ਪੀ ਸੁਖ ਧਾਲੀਵਾਲ ਨੇ 15 ਵਾਰ। ਹੋਰ ਕਈ ਸਿੱਖ ਅਤੇ ਗੈਰ ਸਿੱਖ ਐਮ ਪੀਆਂ ਨੇ ਸਿੱਖ ਮਸਲਿਆਂ ਬਾਰੇ ਇਹਨਾਂ ਦੋ ਸਾਲਾਂ ਵਿੱਚ ਆਵਾਜ਼ ਚੁੱਕੀ। ਪਰ ਨਵਦੀਪ ਸਿੰਘ ਬੈਂਸ ਨੇ ਇੱਕ ਵੀ ਵਾਰ ਸਿੱਖ ਮਸਲੇ ਉੱਤੇ ਗੱਲ ਤੱਕ ਨਹੀਂ ਕੀਤੀ। ਇਹ ਤੱਥ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਇੱਕਤਰ ਕੀਤੇ ਅੰਕੜੇ ਦੱਸਦੇ ਹਨ। ਇਹੀ ਉਹ ਦੋ ਸਾਲ ਸੀ ਜਦੋਂ ਉਹਨਾਂ ਦਾ ਕੈਨੇਡਾ ਅਤੇ ਵਿਸ਼ਵ ਪੱਧਰ ਉੱਤੇ ਸੱਭ ਤੋਂ ਵਧੇਰੇ ਪ੍ਰਭਾਵ ਰਿਹਾ ਹੈ।

ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਲੈ ਕੇ ਜਸਟਿਨ ਟਰੂਡੋ 2011 ਤੋਂ 2015 (ਸੱਤਾ ਤੋਂ ਪਹਿਲਾਂ ਦੇ ਸਾਲ) ਤੱਕ ਲਗਾਤਾਰ ਸਟੇਟਮੈਂਟਾਂ ਦੇਂਦੇ ਰਹੇ ਹਨ। ਸੱਤਾ ਵਿੱਚ ਆਉਣ ਤੋਂ ਬਾਅਦ ਇਸ ਅਹਿਮ ਮੁੱਦੇ ਬਾਰੇ ਬਿਆਨ ਦੇਣਾ ਉੱਕਾ ਹੀ ਵਿਸਾਰ ਦਿੱਤਾ ਗਿਆ। ਨਵਦੀਪ ਬੈਂਸ ਹੋਰਾਂ ਨੂੰ ਸੁਆਲ ਹੈ ਕਿ ਵਜ਼ਾਰਤ ਵਿੱਚ ਪਹਿਲੇ ਤਿੰਨ ਵੱਡੇ ਵਜ਼ੀਰਾਂ ਵਿੱਚੋਂ ਇੱਕ ਹੋਣ ਦੇ ਬਾਵਜੂਦ ਉਹਨਾਂ ਟਰੂਡੋ ਹੋਰਾਂ ਦੀ ਚੁੱਪ ਨੂੰ ਕਿਉਂ ਬਰਦਾਸ਼ਤ ਕੀਤਾ?

ਮਾਂਟਰੀਅਲ ਬੰਦਰਗਾਹ ਉੱਤੇ ਸਿੱਖ ਟਰੱਕ ਡਰਾਈਵਰਾਂ ਦੇ ਦਸਤਾਰ ਪਹਿਨਣ ਉੱਤੇ ਰੋਕ ਦਾ ਮਸਲਾ ਮਹੱਤਵਪੂਰਣ ਹੈ। ਇਸ ਬਾਰੇ ਨਵਦੀਪ ਬੈਂਸ ਵਰਗੇ ਰਸੂਖਦਾਰ ਸਿਆਸਤਦਾਨ ਵੱਡਾ ਰੋਲ ਅਦਾ ਕਰ ਸਕਦੇ ਸਨ। ਉਹ ਸਰਕਾਰੀ ਹੁਕਮ ਵੀ ਜਾਰੀ ਕਰਵਾ ਸਕਦੇ ਹਨ ਕਿ ਜੇ ਹੋਰ ਬੰਦਰਗਾਹਾਂ ਉੱਤੇ ਦਸਤਾਰ ਤੋਂ ਸੁਰੱਖਿਆ ਨੂੰ ਕੋਈ ਖਤਰਾ ਨਹੀਂ ਤਾਂ ਇੱਥੇ ਵੀ ਛੋਟ ਦਿੱਤੀ ਜਾ ਸਕਦੀ ਹੈ। ਪਰ ਨਵਦੀਪ ਹੋਰਾਂ ਦੀ ਚੁੱਪ ਹੀ ਰਹੀ।

ਨਵਦੀਪ ਬੈਂਸ ਬਾਰੇ ਇਹ ਸੁਆਲ ਵੀ ਖੜ੍ਹਾ ਹੁੰਦਾ ਹੈ ਕਿ ਜਦੋਂ ਆਰ ਸੀ ਐਮ ਪੀ ਵੱਲੋਂ ਕੋਵਿਡ 19 ਦੌਰਾਨ ਮਾਸਕ ਨੂੰ ਕਾਰਣ ਦੱਸਕੇ ਸਿੱਖ ਅਫ਼ਸਰਾਂ ਨੂੰ ਫਰੰਟਲਾਈਨ ਡਿਊਟੀਆਂ ਤੋਂ ਦਾਹੜੀ ਕਾਰਣ ਹਟਾ ਦਿੱਤਾ ਜਾਂਦਾ ਹੈ ਤਾਂ ਉਹ ਚੁੱਪ ਕਿਉਂ ਰਹੇ? ਬਾਵਜੂਦ ਇਸਦੇ ਕਿ ਨਵਦੀਪ ਬੈਂਸ ਦੇ ਸਿਆਸੀ ਕੈਰੀਅਰ ਦੇ ਸ਼ੁਰੂਆਤੀ ਦਿਨਾਂ ਵਿੱਚ ਮਜ਼ਬੂਤ ਆਧਾਰ ਪ੍ਰਦਾਨ ਕਰਨ ਵਾਲੀ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਉਸਨੂੰ ਇੱਕ ਵਿਸ਼ੇਸ਼ ਚਿੱਠੀ ਵੀ ਲਿਖੀ ਸੀ। ਇਸੇ ਤਰ੍ਹਾਂ ਸਮੂਹ ਕੈਨੇਡੀਅਨ ਸਿੱਖਾਂ ਨੂੰ ਅਤਿਵਾਦ ਨਾਲ ਜੋੜਨ ਵਾਲੀ ਪਬਲਿਕ ਸੇਫਟੀ ਮਹਿਕਮੇ ਦੀ ਜਦੋਂ ਰਿਪੋਰਟ ਜਾਰੀ ਹੋਈ ਸੀ ਤਾਂ ਭਾਈਚਾਰੇ ਨੇ ਇੱਕ ਤੋਂ ਬਾਅਦ ਇੱਕ ਟਾਊਨਹਾਲ ਮੀਟਿੰਗਾਂ ਕੀਤੀਆਂ ਪਰ ਬੈਂਸ ਗੈਰਹਾਜ਼ਰ ਰਹੇ।

ਇਸੇ ਤਰ੍ਹਾਂ ਹੀ ਟੋਰਾਂਟੋ ਤੋਂ ਸਿੱਧੀ ਅੰਮ੍ਰਿਤਸਰ ਫਲਾਈਟ ਬਾਰੇ ਤੁਹਾਡੇ ਨਾਲ ਵਿਚਾਰ ਚਰਚਾ ਕਰਨ ਲਈ ਭਾਈਚਾਰੇ ਦੇ ਨੁਮਾਇੰਦੇ ਸਮਾਂ ਮੰਗਦੇ ਰਹੇ ਹਨ, ਪਰ ਤੁਸੀਂ ਕੁੱਝ ਮਿੰਟ ਵੀ ਉਨ੍ਹਾਂ ਨੂੰ ਨਹੀ ਦੇ ਸਕੇ।

ਅਫਗਾਨਸਤਾਨ ਵਿੱਚ ਅੰਤਾਂ ਦਾ ਜਬਰ ਸਹਿ ਰਹੇ ਹਿੰਦੂ ਸਿੱਖਾਂ ਨੂੰ ਕੈਨੇਡਾ ਲਿਆਉਣ ਬਾਰੇ ਅਲਬਰਟਾ ਦੇ ਮਾਣਮੱਤੇ ਮਨਮੀਤ ਸਿੰਘ ਭੁੱਲਰ ਦੁਆਰਾ ਵਿੱਢੇ ਸੰਘਰਸ਼ ਨੂੰ ਸੱਤਾ ਵਿੱਚ ਆਉਣ ਤੋਂ ਬਾਅਦ ਲਿਬਰਲ ਪਾਰਟੀ ਨੇ ਤਾਂ ਜੋ ਸਹਿਯੋਗ ਦੇਣਾ ਸੀ, ਉਹ ਇੱਕ ਪਾਸੇ ਰਿਹਾ, ਨਵਦੀਪ ਬੈਂਸ ਹੋਰੀ ਨਿੱਜੀ ਰੂਪ ਵਿੱਚ ਕੁੱਝ ਸਾਰਥਕ ਨਾ ਕਰ ਸਕੇ।

ਬੜੀ ਦੇਰ ਤੋਂ ਇਹ ਮੰਗ ਚਲੀ ਆ ਰਹੀ ਸੀ ਕਿ ਪੰਜਾਬੀ ਮੂਲ ਦੇ ਐਮ ਪੀਆਂ ਦਾ ਇੱਕ ਕੈਨੇਡਾ-ਪੰਜਾਬ ਫਰੈਂਡਸ਼ਿੱਪ ਗਰੁੱਪ ਬਣੇ ਜੋ ਸਿਆਸੀ ਲੀਹਾਂ ਤੋਂ ਉੱਤੇ ਹੋਵੇ। ਭਾਵ ਹਰ ਪਾਰਟੀ ਦੇ ਪੰਜਾਬੀ ਐਮ ਪੀ ਇਸ ਵਿੱਚ ਸ਼ਾਮਲ ਹੋਣ। ਇਸ ਗਰੁੱਪ ਦਾ ਨਿਸ਼ਾਨਾ ਪੰਜਾਬ ਵਿੱਚ ਉੱਨਤੀ ਅਤੇ ਕੈਨੇਡਾ ਵਿੱਚ ਪੰਜਾਬੀਆਂ ਦੇ ਯੋਗਦਾਨ ਬਾਰੇ ਹੰਭਲਿਆਂ ਨੂੰ ਉਭਾਰਨਾ ਹੋਣਾ ਸੀ। ਨਵਦੀਪ ਬੈਂਸ ਹੋਰੀਂ ਘਰ ਆ ਚੁੱਕੇ ਹਨ ਪਰ ਇਸ ਗਰੁੱਪ ਦੇ ਗਠਨ ਬਾਰੇ ਸੁਆਲ ਹਾਲੇ ਸੁਆਲ ਦੇ ਰੂਪ ਵਿੱਚ ਹੀ ਖੜਾ ਹੈ।

ਨਵਦੀਪ ਬੈਂਸ ਨੇ ਆਪਣੇ ਸਿਆਸੀ ਜੀਵਨ ਵਿੱਚ ਕਈ ਉਚਾਈਆਂ ਹਾਸਲ ਕੀਤੀਆਂ ਅਤੇ ਵੱਡੇ ਅਹੁਦੇ ਸੰਭਾਲੇ ਪਰ ਜਿੱਥੇ ਤੱਕ ਪੰਜਾਬੀ ਸਿੱਖ ਭਾਈਚਾਰੇ ਦੀਆਂ ਆਸਾਂ ਦਾ ਸੁਆਲ ਹੈ, ਉਸ ਬਾਰੇ ਕਈ ਸੁਆਲ ਲੰਬੇ ਸਮੇਂ ਤੱਕ ਮੂੰਹ ਅੱਡੀ ਖੜੇ ਰਹਿਣਗੇ। ਕਿਹਾ ਜਾਂਦਾ ਹੈ ਕਿ ਹਰ ਵੱਡੇ ਖਲਾਅ ਤੋਂ ਬਾਅਦ ਇੱਕ ਤੁਫਾਨ ਆਉਂਦਾ ਹੈ ਤਾਂ ਜੋ ਪੈਦਾ ਹੋਏ ਖਲਾਅ ਦੀ ਪੂਰਤੀ ਕੀਤੀ ਜਾ ਸਕੇ। ਨਵਦੀਪ ਬੈਂਸ ਦੇ ਅਸਤੀਫੇ ਤੋਂ ਬਾਅਦ ਪੈਦਾ ਹੋਏ ਖਲਾਅ ਨੂੰ ਕੈਨੇਡੀਅਨ ਸਿਆਸਤ ਤਾਂ ਸਹਿਜੇ ਹੀ ਪੂਰਾ ਕਰ ਲਵੇਗੀ ਪਰ ਸਿੱਖ ਭਾਈਚਾਰੇ ਲਈ ਇੱਕ ਹੋਰ ਨਵਦੀਪ ਬੈਂਸ ਪੈਦਾ ਕਰਨਾ ਸੌਖਾ ਨਹੀਂ ਹੋਵੇਗਾ। ਨਾ ਹੀ ਸੌਖਾ ਹੋਵੇਗਾ ਉਹਨਾਂ ਤੋਂ ਲਾਈਆਂ ਆਸਾਂ ਦੇ ਬੂਰ ਤੋਂ ਭਾਈਚਾਰੇ ਦਾ ਸੱਖਣਾ ਰਹਿ ਜਾਣਾ।

# ਮੁਸ਼ਕਲਾਂ ਤੋਂ ਪਾਰ ਪਾਉਣ ਦੀ ਚੁਣੌਤੀ

-ਬਦਰੀ ਨਾਰਾਇਣ

ਨਵੇਂ ਸਾਲ ਦੇ ਬਾਰ੍ਹਾਂ ਦਿਨ ਲੰਘ ਗਏ। ਇਸ ਦੌਰਾਨ ਬੀਤੇ ਸਾਲ ਦੇ ਲੇਖੇ-ਜੋਖੇ ਤੇ ਨਵੇਂ ਸਾਲ ਦੇ ਸੰਦਰਭ ਵਿੱਚ ਸੁਝਾਵਾਂ 'ਤੇ ਕਾਫੀ ਗੱਲਾਂ ਹੋ ਚੁੱਕੀਆਂ ਹਨ। ਬੀਤਿਆ ਸਾਲ ਕਈ ਮਾਅਨਿਆ 'ਚ ਅਸਾਧਾਰਨ ਤੇ ਅਣਕਿਆਸਾ ਰਿਹਾ ਹੈ ਤੇ ਉਹ ਆਪਣੇ ਨਾਲ ਕੁਝ ਅਲਹਿਦਾ ਕਿਸਮ ਦੀਆਂ ਚੁਣੌਤੀਆਂ ਇਸ ਨਵੇਂ ਸਾਲ ਲਈ ਵਿਰਾਸਤ ਵਿੱਚ ਛੱਡ ਗਿਆ ਹੈ ਜਿਨ੍ਹਾਂ ਨਾਲ ਨਜਿੱਠਣ ਲਈ ਕੁਝ ਗੱਲਾਂ ਵਾਰ-ਵਾਰ ਦੁਹਰਾਉਣੀਆਂ ਜ਼ਰੂਰੀ ਹਨ। ਇਸ ਵਿੱਚ ਸ਼ੱਕ ਨਹੀਂ ਕਿ ਪਿਛਲਾ ਪੂਰਾ ਸਾਲ ਕੋਵਿਡ-19 ਮਹਾਮਾਰੀ ਦੀ ਭੇਟ ਚੜ੍ਹ ਗਿਆ, ਜਿਸ ਤੋਂ ਦੇਸ਼ ਦੁਨੀਆ ਵਿੱਚ ਸ਼ਾਇਦ ਹੀ ਕੋਈ ਅਛੂਤਾ ਰਿਹਾ ਹੋਵੇ। ਨਵੇਂ ਸਾਲ ਦੀ ਚੰਗੀ ਗੱਲ ਇਹ ਹੈ ਕਿ ਇਸ ਦਾ ਆਗਾਜ਼ ਕੋਰੋਨਾ ਵੈਕਸੀਨ ਦੀ ਰਾਹਤ ਦੇਣ ਵਾਲੀ ਖਬਰ ਨਾਲ ਹੋਇਆ ਹੈ। ਟੀਕਾਕਰਨ ਦਾ ਖਾਕਾ ਖਿੱਚਿਆ ਜਾ ਰਿਹਾ ਹੈ, ਪਰ ਇਸ ਦੇ ਨਾਲ ਤਮਾਮ ਹੋਰ ਚੁਣੌਤੀਆਂ ਵੀ ਹਨ ਜਿਨ੍ਹਾਂ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।

ਭਾਰਤ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਸਮਾਜ ਦੀ ਉਸ ਦੀ ਸਹਿਜ ਰਫਤਾਰ ਵੱਲ ਵਾਪਸੀ ਕਰਾਉਣੀ ਹੈ, ਯਾਨੀ ਵਾਇਰਸ ਤੋਂ ਪੈਦਾ ਹੋਏ ਖਤਰਿਆਂ ਤੇ ਡਰ ਤੋਂ ਸਮਾਜ ਦੀ ਮਨੋਵਿਗਿਆਨਕ ਮੁਕਤੀ। ਮੇਲਜੋਲ ਤੇ ਸਿੱਧਾ ਸੰਵਾਦ ਭਾਰਤੀ ਸਮਾਜ ਦੀ ਖਾਸੀਅਤ ਰਹੀ ਹੈ। ਆਪਸੀ ਸਹਿਯੋਗ ਅਤੇ ਸਮਰਥਨ ਦੀ ਚਾਹ ਸਾਡੇ ਸਮਾਜ ਦੀ ਦੂਸਰੀ ਸਭ ਤੋਂ ਵੱਡੀ ਵਿਸ਼ੇਸ਼ਤਾ ਰਹੀ ਹੈ। ਸਾਨੂੰ ਉਸ ਨੂੰ ਸਰਗਰਮ ਰੂਪ ਵਿੱਚ ਸਾਹਮਣੇ ਲਿਆਉਣ ਵਾਲੇ ਹਾਲਾਤ ਪੈਦਾ ਕਰਨੇ ਪੈਣਗੇ। ਇਹੀ ਭਾਵ ਭਾਰਤੀ ਸਮਾਜ ਦੀ ਪ੍ਰਾਣ ਸ਼ਕਤੀ ਹੈ। ਇਨ੍ਹਾਂ ਨੂੰ ਦੁਬਾਰਾ ਸੰਜੀਵਨੀ ਦੇਣੀ ਪਵੇਗੀ। ਇਸ ਨੂੰ ਕੁਝ ਸਮਾਂ ਲੱਗ ਸਕਦਾ ਹੈ ਇਸ ਲਈ ਯਤਨਸ਼ੀਲ ਹੋਣਾ ਪਵੇਗਾ। ਕੋਰੋਨਾ ਵਾਇਰਸ ਨੇ ਸਾਨੂੰ ਆਤਮ ਕੇਂਦਰਿਤ ਬਣਾਇਆ ਹੈ, ਜੋ ਭਾਰਤੀ ਸਮਾਜ ਦੀ ਮੂਲ ਬਿਰਤੀ ਦੇ ਉਲਟ ਹੈ। ਇਸ ਨੇ ਸਾਨੂੰ ਦੁਨੀਆ ਤੋਂ ਕੱਟ ਕੇ ਆਭਾਸੀ ਦੁਨੀਆ ਵਿੱਚ ਲਿਆਂਦਾ ਹੈ, ਜੋ ਸੰਵਾਦ ਦਾ ਜਮਹੂਰੀ ਮਾਧਿਅਮ ਜਾਪਦੀ ਹੈ, ਪਰ ਗਹਿਰਾਈ ਨਾਲ ਦੇਖੋ ਤਾਂ ਇਹ ਨਾ ਸੱਚ ਹੈ ਤੇ ਨਾ ਕਲਪਨਾ, ਸਗੋਂ ਇੱਕ ਅਫੀਮਚੀ ਉਡਾਣ ਵਾਂਗ ਹੈ, ਜੋ ਸਾਨੂੰ ਬਾਜ਼ਾਰ ਦੀਆਂ ਗਲੀਆਂ ਤੱਕ ਪੁਚਾਉਂਦੀ ਤੇ ਸਾਨੂੰ ਆਤਮ ਕੇਂਦਰਿਤ ਬਣਾ ਕੇ ਸਵੈ-ਨਿਰਭਰਤਾ ਨਾਲ ਭਰ ਦਿੰਦੀ ਹੈ, ਜਿਹੜੀ ਸਾਨੂੰ ਸਮਾਜ ਵਿੱਚ ਹੋਣ ਦਾ ਅਹਿਸਾਸ ਕਰਾਉਂਦੇ ਹੋਏ ਵੀ ਇਸ ਤੋਂ ਵੱਖ ਕਰਦੀ ਹੈ। ਜਿਵੇਂ ਪੱਛਮ 'ਚ ਹੋਇਆ ਹੈ ਇਹ ਆਭਾਸੀ ਦੁਨੀਆ ਹੌਲੀ ਹੌਲੀ ਸਾਨੂੰ ਉਪਭੋਗਤਾ ਵਿੱਚ ਬਦਲ ਕੇ ਸਮਾਜ ਨੂੰ ਮਾਰ ਦਿੰਦੀ ਹੈ। ਅਜਿਹੇ ਵਿੱਚ ਇਸ ਤਲਿਸਮ 'ਚੋਂ ਬਾਹਰ ਨਿਕਲਣਾ ਸਾਡੇ ਲਈ ਇਸ ਸਾਲ ਦੀ ਦੂਸਰੀ ਸਭ ਤੋਂ ਵੱਡੀ ਚੁਣੌਤੀ ਹੋਵੇਗੀ।

ਇਸ ਮਹਾਮਾਰੀ ਨੇ ਸਾਨੂੰ ਸਮਾਜਕ ਮਨੁੱਖ ਤੋਂ ਸਿਰਫ ਜੈਵਿਕ ਪ੍ਰਾਣੀ ਬਣਾ ਦਿੱਤਾ ਹੈ। ਦੇਹ ਦੀ ਚਿੰਤਾ 'ਚ ਛੂਹਣ-ਛੁਹਾਉਣ ਸੰਬੰਧੀ ਸ਼ੱਕ ਇਸ ਵਾਇਰਸ ਨੇ ਪੈਦਾ ਕੀਤਾ ਹੈ, ਉਸ ਤੋਂ ਮੁਕਤੀ ਪਾਉਣੀ ਹੋਵੇਗੀ ਤਾਂ ਜੋ ਆਦਮੀ ਦੀ ਜੈਵਿਕ ਮਨੁੱਖ ਤੋਂ ਦੁਬਾਰਾ ਸਮਾਜਕ ਮਨੁੱਖ ਦੇ ਰੂਪ ਵਿੱਚ ਵਾਪਸ ਹੋ ਸਕੇ। ਇਸ ਲਈ ਸਰਕਾਰ ਅਤੇ ਜਨਤਾ ਵਿਚਕਾਰ ਡੂੰਘਾ ਸੰਵਾਦ ਸਥਾਪਤ ਕਰਨਾ ਪਵੇਗਾ। ਇਹ ਸੰਵਾਦ ਸਿਰਫ ਮੀਡੀਆ ਜ਼ਰੀਏ ਕਰਨ ਦੀ ਬਜਾਏ ਸਿੱਧੇ ਰੂਪ ਵਿੱਚ ਕਰਨਾ ਕਿਤੇ ਬਿਹਤਰ ਹੋਵੇਗਾ। ਇਸ ਲਈ ਸੱਤਾ ਧਿਰ ਅਤੇ ਵਿਰੋਧੀ ਧਿਰ ਨੂੰ ਨਾਲ ਆਉਣਾ ਪਵੇਗਾ। ਉਨ੍ਹਾਂ ਨੂੰ ਫੇਸਬੁੱਕ-ਟਵਿੱਟਰਾਂ ਦੀ ਦੁਨੀਆ 'ਚੋਂ ਬਾਹਰ ਨਿਕਲ ਕੇ ਜਨਤਾ ਵਿਚਕਾਰ ਪਹੁੰਚਣਾ ਪਵੇਗਾ। ਇਸ ਤਰ੍ਹਾਂ ਭਾਰਤੀ ਰਾਜਨੀਤੀ ਦੇ ਸਿੱਧੇ ਲੋਕਾਂ ਨਾਲ ਸੰਵਾਦ ਦੀ ਵਾਪਸੀ ਵੀ ਇਸ ਸਾਲ ਦੀ ਇੱਕ ਅਹਿਮ ਚੁਣੌਤੀ ਹੋਵੇਗੀ।

ਕੋਰੋਨਾ ਸੰਕਟ ਤੋਂ ਦੁਖੀ ਭਾਰਤੀ ਸਮਾਜ ਦੀ ਮੁੱਧਲੀ ਰਫਤਾਰ ਦੀ ਮੁੜ ਵਾਪਸੀ ਨਾਲ ਭਾਰਤੀ ਸਮਾਜ ਦੇ ਵਿਕਾਸ ਲਈ ਵੀ ਕਈ ਚੁਣੌਤੀਆਂ ਸਾਡੇ ਸਾਹਮਣੇ ਹਨ। ਇਨ੍ਹਾਂ ਵਿੱਚੋਂ ਪਹਿਲੀ ਵੱਡੀ ਚੁਣੌਤੀ ਹੈ ਆਰਥਿਕ ਸੁਧਾਰਾਂ ਨੂੰ ਲੋਕ ਸੰਵਾਦ ਰਾਹੀਂ ਇੰਝ ਪੇਸ਼ ਕੀਤਾ ਜਾਵੇ ਤਾਂ ਜੋ ਉਨ੍ਹਾਂ ਦਾ ਸਹੀ ਅਰਥ ਲੋਕਾਂ ਤੱਕ ਪਹੁੰਚੇ। ਸੱਤਾ ਤੇ ਨੀਤੀ ਨਿਰਮਾਣ ਵਿੱਚ ਸੰਵਾਦ ਜੇ ਠੀਕ ਢੰਗ ਨਾਲ ਨਾ ਹੋਵੇ ਤਾਂ ਕਈ ਲਾਭਕਾਰੀ ਨੀਤੀਆਂ ਬੇਅਸਰ ਹੋ ਕੇ ਰਹਿ ਜਾਂਦੀਆਂ ਹਨ। ਇਹ ਨਵੇਂ ਖੇਤੀ ਕਾਨੂੰਨਾਂ ਦੇ ਸੰਦਰਭ ਵਿੱਚ ਜ਼ਿਆਦਾ ਪ੍ਰਸੰਗਿਕ ਹੈ। ਇਸ ਸਾਲ ਦੀ ਅਗਲੀ ਚੁਣੌਤੀ ਰਾਸ਼ਟਰੀ ਸਿੱਖਿਆ ਨੀਤੀ ਨੂੰ ਤੁਰੰਤ ਤੇ ਠੀਕ ਢੰਗ ਨਾਲ ਲਾਗੂ ਕਰਨ ਦੀ ਹੈ। ਇਸ ਨੂੰ ਲਾਗੂ ਕਰਦੇ ਸਮੇਂ ਸਿੱਖਿਆ ਖੇਤਰ ਦੇ ਪ੍ਰਸ਼ਾਸਕਾਂ ਨੂੰ ਇਸ ਦੇ ਢਾਂਚਾਗਤ ਪੱਖ ਦੇ ਨਾਲ ਹੀ ਨੈਤਿਕ ਪੱਖ 'ਤੇ ਧਿਆਨ ਦੇਣਾ ਪਵੇਗਾ ਤਾਂ ਜੋ ਇਸ ਦਾ ਲਾਭ ਸਮਾਜ ਦੇ ਹਾਸ਼ੀਏ 'ਤੇ ਵਸੇ ਲੋਕਾਂ ਤੱਕ ਬਰਾਬਰ ਪਹੁੰਚ ਸਕੇ। ਸੰਚਾਲਨ ਦੀ ਇਹ ਪ੍ਰਕਿਰਿਆ ਦੋਹਰੀ ਹੋਵੇਗੀ; ਇੱਕ ਤਾਂ ਸਰਕਾਰੀ ਯਤਨ ਤੇ ਦੂਸਰਾ ਲੋਕਾਂ ਦਾ ਪ੍ਰਭਾਵ।

ਭਾਰਤ 'ਚ 1990 ਤੋਂ ਬਾਅਦ ਜਿਹੜੀ ਨਵ-ਉਦਾਰਵਾਦੀ ਵਿਕਾਸ ਦੀ ਦਿਸ਼ਾ ਬਣੀ, ਉਸ ਨੇ ਦੇਸ਼ ਵਿੱਚ ਖੁਸ਼ਹਾਲੀ ਦੀ ਰਫਤਾਰ ਤੇਜ਼ ਕੀਤੀ ਹੈ। ਵਿਕਾਸ ਦਾ ਲਾਭ ਹੌਲੀ-ਹੌਲੀ ਹੇਠਲੇ ਵਰਗਾਂ ਤੱਕ ਜਾ ਰਿਹਾ ਹੈ, ਪਰ ਇਸ ਨੇ ਨਾ ਬਰਾਬਰੀ ਵੀ ਵਧਾਈ ਹੈ। ਅਜਿਹੇ ਵਿੱਚ ਸਾਡੇ ਸਾਹਮਣੇ ਇੱਕ ਚੁਣੌਤੀ ਇਹ ਹੈ ਕਿ ਕਿਵੇਂ ਅਮੀਰੀ ਤੇ ਗਰੀਬੀ ਦਾ ਪਾੜਾ ਘਟਾਇਆ ਜਾਵੇ। ਸਾਨੂੰ ਯਕੀਨੀ ਬਣਾਉਣਾ ਪਵੇਗਾ ਕਿ ਇਸ ਸਾਲ ਵਾਂਝਿਆਂ ਤੱਕ ਵਿਕਾਸ ਦਾ ਲਾਭ ਹੋਰ ਬਿਹਤਰ ਢੰਗ ਨਾਲ ਪੁੱਜੇ। ਮੋਦੀ ਸਰਕਾਰ ਵਾਂਝਿਆਂ ਤੱਕ ਵਿਕਾਸ ਦਾ ਲਾਭ ਪਹੁੰਚਾਉਣੇ ਲਈ ਤਮਾਮ ਨੀਤੀਆਂ ਤਾਂ ਬਣਾ ਹੀ ਰਹੀ ਹੈ ਤੇ ਡਾਇਰੈਕਟ ਕੈਸ਼ ਟਰਾਂਸਫਰ ਨਾਲ ਕਈ ਲਾਭ ਉਨ੍ਹਾਂ ਤੱਕ ਸਿੱਧੇ ਪਹੁੰਚ ਰਹੇ ਹਨ, ਪਰ ਵਾਂਝਿਆਂ ਤੇ ਗਰੀਬਾਂ 'ਤੇ ਵਾਰ ਸਿਰਫ ਸਰਕਾਰੀ ਯਤਨਾਂ ਨਾਲ ਸੰਭਵ ਨਹੀਂ। ਇਸ ਲਈ ਖੁਦ ਗਰੀਬਾਂ ਤੇ ਵਾਂਝਿਆਂ ਵਿੱਚ ਅੱਗੇ ਵਧਣ ਦੀ ਚਾਹ ਸਾਨੂੰ ਪੈਦਾ ਕਰਨੀ ਪਵੇਗਾ। ਨਾਲ ਅਜਿਹਾ ਮਾਹੌਲ ਸਿਰਜਣਾ ਪਵੇਗਾ ਕਿ ਸਮਾਜ ਦਾ ਸਮਰੱਥ ਤੇ ਖੁਸ਼ਹਾਲ ਵਰਗ ਆਪਣੇ ਲਾਭਾਂ ਦਾ ਹਿੱਸਾ ਵਧੀਆ ਢੰਗ ਨਾਲ ਉਨ੍ਹਾਂ ਤੱਕ ਪੁੱਜਦਾ ਕਰ ਸਕੇ। ਕਾਰਪੋਰੇਟ ਸੀ ਐਸ ਆਰ ਨੂੰ ਵਾਂਝਿਆਂ ਤੱਕ ਪਹੁੰਚਾਉਣਾ ਪਵੇਗਾ।

ਅੱਜ ਕੱਲ੍ਹ ਦੇਸ਼ ਵਿੱਚ ਫਲਾਈਓਵਰ ਤੇ ਸੜਕਾਂ ਦਾ ਜਾਲ ਦੇਖ ਕੇ ਮਨ ਖੁਸ਼ ਹੁੰਦਾ ਹੈ। ਸੂਰੀਨਾਮ ਵਿੱਚ ਵਸੇ ਇੱਕ ਭਾਰਤ ਵੰਸ਼ੀ ਮਿੱਤਰ ਬੀਤੇ ਦਿਨੀਂ ਭਾਰਤ ਆਏ ਤਾਂ ਉਨ੍ਹਾਂ ਕਿਹਾ, "ਮੈਂ ਕਰੀਬ ਤੀਹ ਸਾਲ ਬਾਅਦ ਭਾਰਤ ਆਇਆ ਹਾਂ। ਅੱਜ ਦਾ ਭਾਰਤ ਦੇਖ ਕੇ ਛਾਤੀ ਮਾਣ ਨਾਲ ਚੌੜੀ ਹੋ ਜਾਂਦੀ ਹੈ। ਏਨੀਆ ਵਧੀਆ ਸੜਕਾਂ, ਚਮਕਦੇ ਦਮਕਦੇ ਬਾਜ਼ਾਰ ਦੇਖ ਕੇ ਅਸੀਂ ਹੀਣਤਾ ਦੀ ਗ੍ਰੰਥੀ ਤੋਂ ਮੁਕਤ ਹੁੰਦੇ ਹਾਂ। ਸਾਡੇ ਪੁਰਖੇ ਗਰੀਬ ਸਨ ਜਿਹੜੇ ਭਾਰਤ ਛੱਡ ਗਏ। ਅੱਜ ਇੱਥੇ ਜਿਹੜੇ ਗਰੀਬ ਹਨ, ਉਹ ਵੀ ਇਨ੍ਹਾਂ ਫਲਾਈਓਵਰਾਂ 'ਤੇ ਗੱਡੀ ਦੌੜਾਉਣ, ਮਾਲ ਜਾ ਸਕਣ, ਇਹ ਸਭ ਸਾਨੂੰ ਕਰਨਾ ਪਵੇਗਾ।"

ਕੋਰੋਨਾ ਦੀ ਵੈਕਸੀਨ ਦੀ ਲੋੜਵੰਦਾਂ ਤੱਕ ਵੰਡ ਇਸ ਸਾਲ ਦੀ ਸਭ ਤੋਂ ਵੱਡੀ ਚੁਣੌਤੀ ਬਣਨ ਵਾਲੀ ਹੈ। ਇਸ ਵਿੱਚ ਧਿਆਨ ਰੱਖਣਾ ਪਵੇਗਾ ਕਿ ਉਹ ਤਬਕਾ ਇਸ ਦੀ ਖੁਰਾਕ ਤੋਂ ਵਾਂਝਾ ਨਾ ਰਹੇ ਜਿਹੜਾ ਆਪਣੀ ਆਵਾਜ਼ ਚੁੱਕਣ ਜੋਗਾ ਨਹੀਂ ਹੈ। ਸਾਨੂੰ ਸੰਵੇਦਨਸ਼ੀਲ ਵੈਕਸੀਨ ਵੰਡ ਪ੍ਰਣਾਲੀ ਬਣਾਉਣੀ ਪਵੇਗੀ ਅਤੇ ਆਤਮਨਿਰਭਰ ਬਣ ਕੇ ਕੋਰੋਨਾ ਦੇ ਨੁਕਸਾਨ ਦੀ ਪੂਰਤੀ ਦੀ ਦਿਸ਼ਾ ਵਿੱਚ ਸੋਚਣਾ ਪਵੇਗਾ। ਯਾਦ ਰਹੇ ਕਿ ਇਹ ਆਮ ਸਾਲ ਨਹੀਂ ਹੈ ਬਲਕਿ ਕੋਰੋਨਾ ਸੰਕਟ ਦੇ ਗਰਭ 'ਚੋਂ ਨਿਕਲਿਆ ਸਾਲ ਹੈ। ਇਸ ਲਈ ਚੁਣੌਤੀਆਂ ਵੱਡੀਆਂ ਹਨ ਤਾਂ ਉਨ੍ਹਾ ਨਾਲ ਨਜਿੱਠਣ ਦੀ ਚਾਹ ਵੀ ਮਜ਼ਬੂਤ ਹੋਵੇ।

# ਕਿਸਾਨ ਅੰਦੋਲਨ: ਭੜਕਾਹਟ ਦੀ ਥਾਂ ਸ਼ਾਂਤ ਰਹਿਣ ਦਾ ਸਮਾਂ



-ਪ੍ਰਿੰ. ਸਰਵਣ ਸਿੰਘ-

ਯਾਦ ਕਰੀਏ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ। ਅਰਦਾਸ ਵਿਚ ਸਿਮਰੇ ਜਾਂਦੇ ਸ਼ਹੀਦਾਂ ਦਾ ਧਿਆਨ ਧਰ ਕੇ ਕਿਹਾ ਜਾਂਦੈ, ਬੋਲੋ ਵਾਹਿਗੁਰੂ। ਨਨਕਾਣਾ ਸਾਹਿਬ, ਗੁਰੂ ਕੇ ਬਾਗ ਦਾ ਮੋਰਚਾ, ਜੈਤੋ ਦਾ ਮੋਰਚਾ ਤੇ ਸਿੱਖਾਂ ਦੇ ਕੁਝ ਹੋਰ ਮੋਰਚੇ ਸ਼ਾਂਤਮਈ ਅੰਦੋਲਨਾਂ ਨਾਲ ਹੀ ਜਿੱਤੇ ਗਏ ਸਨ। ਮਹਾਤਮਾ ਗਾਂਧੀ, ਜੈ ਪ੍ਰਕਾਸ਼ ਨਾਰਾਇਣ ਤੇ ਅੰਨਾ ਹਜ਼ਾਰੇ ਦੇ ਸੱਤਿਆਗ੍ਰਹਿਆਂ ਦਾ ਸਫਲ ਹੋਣਾ ਵੀ ਉਨ੍ਹਾਂ ਦੇ ਸ਼ਾਂਤਮਈ ਰਹਿਣ ਕਰਕੇ ਸੰਭਵ ਹੋ ਸਕਿਆ ਸੀ। ਅਜੋਕਾ ਕਿਸਾਨ ਅੰਦੋਲਨ ਵੀ ਸ਼ਾਂਤਮਈ ਰਹਿਣ ਕਰਕੇ ਹੀ ਪੰਜਾਬ ਦੀਆਂ ਹੱਦਾਂ ਪਾਰ ਕਰਦਾ ਸਾਰੇ ਭਾਰਤ ਦਾ ਅੰਦੋਲਨ ਬਣ ਗਿਆ ਹੋਇਐ। ਥਾਂ ਪਰ ਥਾਂ ਧਰਨੇ ਲੱਗ ਰਹੇ ਤੇ ਮੁਜਾਹਰੇ ਹੋ ਰਹੇ ਹਨ।

ਜੇਕਰ ਇਹ 'ਕੱਲੇ ਪੰਜਾਬੀਆਂ ਜਾਂ ਕੇਵਲ ਸਿੱਖਾਂ ਦਾ ਹੀ ਅੰਦੋਲਨ ਹੁੰਦਾ ਤਾਂ ਪੁਲਿਸ/ਫੌਜ ਵਰਤ ਕੇ ਦਬਾਅ ਦਿੱਤਾ ਜਾਂਦਾ ਅਤੇ ਉਹਦੇ ਸਿਰ 'ਤੇ ਸਾਰੇ ਹਿੰਦੋਸਤਾਨ ਦੀਆਂ ਵੋਟਾਂ ਖਰੀਆਂ ਲਈਆਂ ਜਾਂਦੀਆਂ। ਮੋਦੀ ਰਾਜ ਦੀ ਉਮਰ ਹੋਰ ਲੰਮੀ ਹੋ ਜਾਂਦੀ। ਪੰਜਾਬੀ, ਖ਼ਾਸ ਕਰਕੇ ਸਿੱਖ ਭਾਰਤੀ ਲੋਕਰਾਜ ਵਿਚ ਆਟੇ 'ਚ ਲੂਣ ਬਰਾਬਰ ਹਨ।

ਇਹ ਸੱਚਾਈ ਹੈ ਕਿ ਸ਼੍ਰੀਮਤੀ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਨੇ ਸੋਚੀ ਸਮਝੀ ਚਾਲ ਮੁਤਾਬਿਕ ਸਿੱਖਾਂ ਨੂੰ ਸ਼ਹਿ ਦੇ ਕੇ, ਉਕਸਾ ਕੇ, ਆਪਸ ਵਿਚ ਉਲਝਾ ਕੇ, ਉਨ੍ਹਾਂ ਦੀ ਹੀ ਮਾਰ ਮਰਾਈ ਕਰਵਾਈ। ਅਜਿਹਾ ਕਰ ਕੇ ਬਾਕੀ ਹਿੰਦੋਸਤਾਨੀਆਂ ਦੀਆਂ ਵੋਟਾਂ ਵਟੋਰੀਆਂ ਤੇ ਰਾਜ ਭਾਗ ਦੇ ਮਾਲਕ ਬਣੇ। ਸੂਬਿਆਂ ਲਈ ਵਧੇਰੇ ਅਧਿਕਾਰਾਂ ਵਾਲਾ ਅਨੰਦਪੁਰ ਮਤਾ, ਜੋ ਸੰਵਿਧਾਨ ਦੇ ਫੈਡਰਲ ਢਾਂਚੇ ਮੁਤਾਬਿਕ ਸਾਰੇ ਸੂਬਿਆਂ ਦਾ ਮਤਾ ਬਣਾਇਆ ਜਾ ਸਕਦਾ ਸੀ, ਕੇਵਲ ਸਿੱਖਾਂ ਦਾ ਵੱਖਵਾਦੀ ਮਤਾ ਗਰਦਾਨ ਕੇ, ਕੂੜ ਪ੍ਰਚਾਰ ਕਰ ਕੇ ਸਾਰੇ ਦੇਸ਼ ਨੂੰ ਵਰਗਲਾ ਲਿਆ ਗਿਆ ਤੇ ਘੱਟ ਗਿਣਤੀ ਸਿੱਖਾਂ ਦੇ ਮੁਕਾਬਲੇ ਬਹੁਗਿਣਤੀ ਗ਼ੈਰ ਸਿੱਖ ਭਾਰਤੀਆਂ ਦੀਆਂ ਵੋਟਾਂ ਹਥਿਆ ਲਈਆਂ ਗਈਆਂ। ਸਿੱਖਾਂ ਅਥਵਾ ਪੰਜਾਬੀਆਂ ਨੇ ਸੁਤੰਤਰਤਾ ਸੰਗਰਾਮ ਵਿਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਪਰ ਸੁਤੰਤਰ ਭਾਰਤ ਦੇ ਹੋਰ ਲੋਕ ਬਿਨਾਂ ਕਿਸੇ ਕੁਰਬਾਨੀ ਦੇ ਉਨ੍ਹਾਂ ਖ਼ਿਲਾਫ਼ ਭੁਗਤਾਉਣ ਦਾ ਸਬੱਬ ਬਣਾ ਦਿੱਤਾ ਗਿਆ।

ਪਿਛਲੀਆਂ ਹਾਰਾਂ ਤੋਂ ਸਿੱਖਾਂ ਨੂੰ ਏਨਾ ਕੁ ਸਬਕ ਜ਼ਰੂਰ ਸਿੱਖ ਲੈਣਾ ਚਾਹੀਦੈ ਕਿ ਅਜੋਕੇ ਲੋਕਰਾਜੀ ਦੌਰ ਵਿਚ ਉਹ ਜਦੋਂ ਵੀ ਕੇਵਲ ਪੰਜਾਬ ਜਾਂ ਸਿੱਖਾਂ ਦੀ ਹੀ ਗੱਲ ਕਰਨਗੇ ਤਾਂ ਵੱਡੀ ਬਹੁਗਿਣਤੀ ਨੂੰ ਆਪਣੇ ਵਿਰੁੱਧ ਭੁਗਤਾਉਣ ਦੇ ਫਿਰ ਮੌਕੇ ਦੇਣਗੇ ਅਤੇ ਪਹਿਲਾਂ ਵਾਂਗ ਹੀ ਨੁਕਸਾਨ ਉਠਾਉਣਗੇ। ਇਸੇ ਪ੍ਰਸੰਗ ਵਿਚ ਦੇਖੋ ਕਿ ਏਕਤਾ, ਸਬਰ ਤੇ ਸਿਰੜ ਨਾਲ ਚਲਾਇਆ ਸਾਡਾ ਸ਼ਾਂਤਮਈ ਕਿਸਾਨ ਅੰਦੋਲਨ, ਹਰਿਆਣੇ ਨਾਲ ਰਲ ਕੇ ਦੁੱਗਣਾ ਤੇ ਸਮੁੱਚੇ ਭਾਰਤੀ ਕਿਸਾਨਾਂ ਨਾਲ ਰਲ ਕੇ ਦਸ ਗੁਣਾਂ ਪ੍ਰਭਾਵਸ਼ਾਲੀ ਹੋ ਗਿਆ ਹੈ ਜਿਸ ਦੀਆਂ ਧੁੰਮਾਂ ਹੁਣ ਕੁਲ ਜਹਾਨ ਪੈ ਰਹੀਆਂ ਹਨ। ਕਰੋੜਾਂ ਅਰਬਾਂ ਲੋਕ ਇਸ ਨਾਲ ਹਮਦਰਦੀ ਪਰਗਟ ਕਰਨ ਲੱਗੇ ਹਨ। ਪੰਜਾਬ ਦੇ ਦਾਇਰੇ ਵਿਚ ਚਲਦੇ ਕਿਸਾਨ ਅੰਦੋਲਨ ਦੀ ਖ਼ਬਰ ਤਾਂ ਦਿੱਲੀ ਤਕ ਵੀ ਨਹੀਂ ਸੀ ਪਹੁੰਚੀ ਜੋ ਹੁਣ ਦੁਨੀਆ ਭਰ ਦੇ ਮੀਡੀਏ 'ਚ ਹਰ ਰੋਜ਼ ਦੀ ਮੁੱਖ ਖ਼ਬਰ ਬਣ ਗਈ ਹੈ। ਬਹੁਗਿਣਤੀ ਵਾਲੀ ਸ਼ਕਤੀਸ਼ਾਲੀ ਮੋਦੀ ਸਰਕਾਰ ਜੋ ਸੰਵਿਧਾਨ ਦੀ ਉਲੰਘਣਾ ਕਰ ਕੇ ਧੱਕੇ ਨਾਲ ਕਾਨੂੰਨ ਬਣਾਉਣ 'ਚ ਮਿੰਟ ਨਹੀਂ ਲਾਉਂਦੀ, ਅਜੇ ਤਕ ਆਪਣਾ ਹਰ ਹਰਬਾ ਵਰਤਣ ਦੇ ਬਾਵਜੂਦ ਕਿਸਾਨ ਅੰਦੋਲਨ ਨੂੰ ਲੀਹੋਂ ਲਾਹੁਣ ਵਿਚ ਕਾਮਯਾਬ ਨਹੀਂ ਹੋ ਸਕੀ। ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਤੇ ਗੋਦੀ ਮੀਡੀਏ ਨੇ ਇਸ ਕਿਸਾਨ ਅੰਦੋਲਨ ਨੂੰ ਕਦੇ ਖ਼ਾਲਿਸਤਾਨੀਆਂ, ਪਾਕਿਸਤਾਨੀਆਂ, ਕਦੇ ਮਾਓਵਾਦੀਆਂ, ਕਮਿਊਨਿਸਟਾਂ, ਟੁੱਕੜੇ ਟੁੱਕੜੇ ਗੈਂਗਾਂ ਅਤੇ ਕਦੇ ਭੁੱਲੇ ਭਟਕੇ ਤੇ ਵਿਰੋਧੀ ਸਿਆਸੀ ਪਾਰਟੀਆਂ ਦੀ ਚੁੱਕ ਵਾਲੇ ਅੰਦੋਲਨ ਵਜੋਂ ਪ੍ਰਚਾਰਿਆ। ਹੁਣ ਸੁਪਰੀਮ ਕੋਰਟ ਰਾਹੀਂ ਖੇਤੀ ਦੇ ਅਸੰਵਿਧਾਨਕ ਕਾਨੂੰਨਾਂ ਨੂੰ ਰੱਦ ਕਰਾਉਣ ਦੀ ਥਾਂ ਆਰਜ਼ੀ ਰੋਕ ਲੁਆ ਕੇ, ਇਨ੍ਹਾਂ ਕਾਨੂੰਨਾਂ ਪੱਖੀ ਚਾਰ ਮੈਂਬਰੀ ਕਮੇਟੀ ਬਣਵਾ ਕੇ, ਅੰਦੋਲਨ ਨੂੰ ਠੁੱਸ ਕਰਨ ਦੇ ਹੱਥਕੰਡੇ ਵਰਤੇ ਹਨ। ਪਰ ਕਿਸਾਨ ਜਥੇਬੰਦੀਆਂ ਦਿਲ ਛੱਡਣ ਦੀ ਥਾਂ ਦ੍ਰਿੜ ਇਰਾਦੇ ਨਾਲ ਕਾਨੂੰਨ ਰੱਦ ਕਰਾਉਣ ਲਈ ਅੰਦੋਲਨ ਜਾਰੀ ਰੱਖ ਰਹੀਆਂ ਹਨ।

ਦੁਨੀਆ ਭਰ ਦੇ ਲੋਕ ਹੈਰਾਨ ਹਨ ਕਿ ਵੱਖ ਵੱਖ ਵਿਚਾਰਾਂ ਵਾਲੀਆਂ ਇਹ ਪੰਜ ਸੌ ਕਿਸਾਨ ਜਥੇਬੰਦੀਆਂ ਇੱਕਮੁੱਠ ਕਿਵੇਂ ਹਨ? ਕਾਰਪੋਰੇਟ ਪੱਖੀ ਸਰਕਾਰ ਨੇ ਕਿਸਾਨ ਆਗੂਆਂ ਨੂੰ ਖੂੰਜੇ ਲਾਉਣ, ਜੋਸ਼ੀਲੇ ਨੌਜੁਆਨਾਂ ਨੂੰ ਹਿੰਸਾ 'ਤੇ ਉਤਾਰੂ ਕਰਨ ਅਤੇ ਆਪਣੇ ਬੰਦੇ ਵਾੜ ਕੇ ਚੁਆਤੀਆਂ ਲਾਉਣ ਦੀਆਂ ਅਜੇ ਹੋਰ ਕੋਝੀਆਂ ਚਾਲਾਂ ਚੱਲਣੀਆਂ ਹਨ ਤਾਂ ਜੋ ਭੜਕਾਹਟ ਵਿਚ ਆ ਕੇ ਅੰਦੋਲਕਾਰੀ ਭੰਨ ਤੋੜ ਕਰਨ ਜਿਸ ਨਾਲ ਸਰਕਾਰ ਨੂੰ ਅਮਨ ਕਾਨੂੰਨ ਬਣਾਈ ਰੱਖਣ ਦੇ ਨਾਂ 'ਤੇ ਮਾਰ ਧਾੜ ਕਰਨ ਦਾ ਬਹਾਨਾ ਮਿਲ ਜਾਵੇ। ਫਿਰ ਉਹ ਸ਼ਾਂਤਮਈ ਅੰਦੋਲਨ ਕਰਦੇ ਕਿਸਾਨਾਂ, ਬੀਬੀਆਂ, ਬੱਚਿਆਂ ਬੁੱਢਿਆਂ, ਨੌਜੁਆਨਾਂ ਅਤੇ ਪੁਲਿਸ ਤੇ ਫੌਜ ਵਿਚ ਉਨ੍ਹਾਂ ਦੇ ਹੀ ਨੌਕਰੀ ਕਰਦੇ ਧੀਆਂ ਪੁੱਤਰਾਂ ਤੇ ਭਰਾਵਾਂ ਨੂੰ ਮਾਰ/ਮਰਵਾ ਸਕਦੀ ਹੈ। ਪੁੱਤ ਬਾਰਡਰ ਦੇ ਮੋਰਚੇ 'ਚ ਮਰਦਾ ਤੇ ਪਿਉ ਕਿਸਾਨ ਮੋਰਚੇ 'ਚ ਮਰਦਾ ਆਪਾਂ ਵੇਖ ਹੀ ਚੁੱਕੇ ਹਾਂ। ਮੀਸਣੀ ਸਰਕਾਰ ਪੁੱਤ ਮਰਨ 'ਤੇ ਤਾਂ ਸ਼ਹੀਦ ਹੋਣ ਦਾ ਠੱਪਾ ਲਾ ਦਿੰਦੀ ਹੈ ਪਰ ਸ਼ਹੀਦ ਹੋਏ ਕਿਸਾਨ ਪਿਤਾ ਨੂੰ ਭਟਕਿਆ ਕਹਿੰਦੀ ਉਹਦਾ ਅਫਸੋਸ ਵੀ ਨਹੀਂ ਕਰਦੀ। ਇਹ ਹੈ ਗੰਗਾਜਲ ਵਰਗੀ ਪਵਿੱਤਰ ਸਰਕਾਰ ਦਾ ਕਿਰਦਾਰ ਤੇ ਰਾਸ਼ਟਰਵਾਦੀ ਸੰਵੇਦਨਾ!

ਠੀਕ ਹੈ, ਕਿਸੇ ਅੰਦੋਲਨ ਨੂੰ ਮਘਦਾ ਰੱਖਣ ਲਈ ਹੋਸ਼ ਨਾਲ ਜੋਸ਼ ਵੀ ਜ਼ਰੂਰੀ ਹੁੰਦਾ ਹੈ। ਪਰ ਜੋਸ਼ ਏਨਾ ਵੀ ਨਾ ਹੋਵੇ ਕਿ ਹੋਸ਼ ਹੀ ਨਾ ਰਹੇ। 26 ਜਨਵਰੀ ਨੂੰ ਕੀਤੀ ਜਾ ਰਹੀ ਟ੍ਰੈਕਟਰ ਪਰੇਡ ਪਰਖ ਦੀ ਘੜੀ ਹੈ। ਜੇ ਇਹ ਜਾਬਤੇ ਵਿਚ ਰਹੀ ਤੇ ਚਾਣਕੀਆ ਚਾਲਾਂ ਚੱਲਣ ਵਾਲੀ ਸਰਕਾਰ ਤੋਂ ਹਿੰਸਕ ਨਾ ਕਰਵਾਈ ਗਈ ਤਾਂ ਕਿਸਾਨਾਂ ਦਾ ਨਾਂ ਕੁਲ ਦੁਨੀਆ ਵਿਚ ਸਤਿਕਾਰ ਨਾਲ ਲਿਆ ਜਾਵੇਗਾ। ਫਿਰ ਟ੍ਰੈਕਟਰ ਪਰੇਡ ਦੀਆਂ ਤਸਵੀਰਾਂ ਕਰੋੜਾਂ ਘਰਾਂ ਦਾ ਸ਼ਿੰਗਾਰ ਬਣਨਗੀਆਂ। ਇਸ ਲਈ ਵਲੰਟੀਅਰ ਸਾਵਧਾਨ ਰਹਿਣ। ਵੇਖਣਾ ਕਿਤੇ ਕੋਈ ਮੂੰਹਜ਼ੋਰ ਬੰਦਾ ਆਪ ਜਾਂ ਮੁੰਡ੍ਹੀਰ ਤੋਂ ਮਰਨ ਮਾਰਨ ਦੀ ਬੱਜਰ ਗ਼ਲਤੀ ਨਾ ਕਰਵਾ ਬੈਠੇ।

ਏਕਤਾ ਰੱਖਦੇ ਹੋਏ ਸ਼ਾਂਤਮਈ ਅੰਦੋਲਨ ਨਾਲ ਸਰਕਾਰ ਤੋਂ ਕਾਲੇ ਕਾਨੂੰਨ ਵੀ ਵਾਪਸ ਕਰਵਾਏ ਜਾ ਸਕਦੇ ਹਨ ਤੇ ਰਾਜ ਭਾਗ ਵੀ ਖੋਹਿਆ ਜਾ ਸਕਦਾ ਹੈ ਜਦ ਕਿ ਹਿੰਸਕ ਹੋ ਜਾਣ ਨਾਲ ਆਪ ਮਰਿਆ ਅਤੇ ਪੁਲਿਸ ਤੇ ਫੌਜ ਵਿਚ ਰੋਟੀ ਰੋਜ਼ੀ ਕਮਾਉਂਦੇ ਆਪਣੇ ਭਰਾਵਾਂ ਨੂੰ ਵੀ ਮਰਵਾਇਆ ਜਾ ਸਕਦਾ ਹੈ। ਚੋਣ ਨੌਜੁਆਨਾਂ ਦੇ ਹੱਥ ਹੈ। ਹਿੰਸਾ ਦਾ ਟ੍ਰੇਲਰ ਗ਼ਦਰ ਪਾਰਟੀ ਦੇ ਹਥਿਆਰਬੰਦ ਬਾਗ਼ੀਆਂ ਨੇ, ਬੱਬਰ ਅਕਾਲੀਆਂ ਨੇ, ਨਕਸਲੀ ਨੌਜੁਆਨਾਂ ਨੇ, ਸਿੱਖ ਖਾੜਕੂਆਂ ਨੇ ਤੇ ਤੱਤੇ ਅੰਦੋਲਨਕਾਰੀਆਂ ਨੇ ਪਹਿਲਾਂ ਵੀ ਵੇਖਿਆ ਹੋਇਆ ਹੈ। ਹਥਿਆਰ ਡੱਬ 'ਚ ਹੀ ਸੋਂਹਦੇ ਹਨ, ਜੇ ਚੱਲ ਜਾਣ ਤਾਂ ਮਾਰਦੇ ਮਰਵਾਉਂਦੇ ਹੀ ਹਨ। ਸਮਝਣ ਦੀ ਲੋੜ ਹੈ ਕਿ ਹਥਿਆਰ ਚਲਾਉਣ ਨਾਲੋਂ ਡਰ ਪਾਉਣ ਲਈ ਵਧੇਰੇ ਕਾਰਗਰ ਹੁੰਦੇ ਹਨ। ਟ੍ਰੈਕਟਰਾਂ ਦੀ ਜ਼ਬਤਬੱਧ ਪਰੇਡ ਵਿਚ ਹਜਾਰਾਂ ਟ੍ਰੈਕਟਰਾਂ ਨਾਲ ਲੱਖਾਂ ਲੋਕ ਭਾਗ ਲੈਣ ਆ ਸਕਦੇ ਜਦ ਕਿ ਹਿੰਸਾ ਦਾ ਡਰ ਫੈਲਾਇਆ ਜਾਵੇ ਤਾਂ ਸ਼ਾਇਦ ਚੌਥਾ ਹਿੱਸਾ ਵੀ ਨਾ ਆਉਣ। ਪੂਰਾ ਪ੍ਰਚਾਰ ਹੋਵੇ ਕਿ ਅੰਦੋਲਨ ਹਰ ਹਾਲਤ ਵਿਚ ਸ਼ਾਂਤਮਈ ਰਹੇਗਾ। ਲਓ ਸ਼ਾਹ ਮੁਹੰਮਦ ਦੇ ਬਚਨ ਵੀ ਸੁਣ ਲਓ:

-ਕੇਹਾ ਬੁਰਛਿਆਂ ਆਣ ਹਨ੍ਹੇਰ ਪਾਇਆ, ਜਿਹੜਾ ਬਹੇ ਗੱਦੀ ਉਹਨੂੰ ਮਾਰ ਲੈਂਦੇ,
ਕਈ ਤੁਰੇ ਸੀ ਕਿਲੇ ਦੀ ਲੁੱਟ ਉੱਤੇ, ਕਈ ਸ਼ਹਿਰ ਦੇ ਲੁੱਟ ਬਜ਼ਾਰ ਲੈਂਦੇ...।
-ਘਰੋਂ ਗਏ ਫਿਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਦੇ ਸਭ ਖੁਹਾਇ ਆਏ,
ਛੇੜ ਆਫ਼ਤਾਂ ਨੂੰ ਮਗਰ ਲਾਇਓ ਨੇ,
ਸਗੋਂ ਆਪਣਾ ਆਪ ਖੁਹਾਇ ਆਏ,
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ, ਤੁਸੀਂ ਚੰਗੀਆਂ ਪੂਰੀਆਂ ਪਾਇ ਆਏ!
-ਕਈ ਮਾਵਾਂ ਦੇ ਪੁੱਤ ਨੀ ਮੋਏ ਓਥੇ,
ਸੀਨੇ ਲੱਗੀਆਂ ਤੇਜ਼ ਕਟਾਰੀਆਂ ਨੀ,
ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ, ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ,
ਜੰਗ 'ਚ ਜਿਨ੍ਹਾਂ ਦੇ ਸਿਰਾਂ ਦੇ ਮੋਏ ਵਾਲੀ, ਖੁੱਲ੍ਹੇ ਵਾਲ ਤੇ ਫਿਰਨ ਬੇਜਾਰੀਆਂ ਨੀ,
ਸ਼ਾਹ ਮੁਹੰਮਦਾ ਬਹੁਤ ਸਰਦਾਰ ਮਾਰੇ ਪਈਆਂ ਰਾਜ ਦੇ ਵਿਚ ਖੁਆਰੀਆਂ ਨੀ।
-ਪਿੱਛੋਂ ਬੈਠ ਸਰਦਾਰਾਂ ਗੁਰਮਤਾ ਕੀਤਾ, ਕੋਈ ਅਕਲ ਦਾ ਕਰੋ ਇਲਾਜ ਯਾਰੋ
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ,
ਪੱਗ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ...।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟਕਟਰ



647-998-7500 ਬਲਵਿੰਦਰ

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976



PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
- AZ Tractor trailer program
- Manual transmission & backup training everyday
- We welcome welfare workers & compensation clients
Open Seven Days
Forklift Re-Certification Only $79.00/-



Karnail Singh
416.670.3173 | 905.799.7333
27 Edvac Dr, Brampton, ON L6S 5X8

# ਇਹ ਜੋ ਬੈਠੇ ਨੇ





ਡਾ. ਗੁਰਬਖ਼ਸ਼ ਸਿੰਘ ਭੰਡਾਲ

ਇਹ ਜੋ ਬੈਠੇ ਨੇ, ਇਹ ਬੈਠੇ ਨਹੀਂ ਸਗੋਂ ਹੁਣ ਹੀ ਤਾਂ ਉਠੇ ਨੇ। ਹੁਣ ਹੀ ਇਹਨਾਂ ਦੀ ਜਾਗ ਖੁੱਲੀ ਹੈ, ਬੜੀ ਲੰਮੀਂ ਨੀਮ-ਬੇਹੋਸ਼ੀ ਤੋਂ ਬਾਅਦ। ਇਹਨਾਂ ਦੇ ਹੌਂਸਲਿਆਂ ਨੇ ਭਰੀ ਹੈ ਅੰਗੜਾਈ। ਇਹਨਾਂ ਦੀ ਸੋਚ ਵਿਚ ਉਗਿਆ ਏ ਨਵਾਂ ਸੂਰਜ ਜਿਸਦੀ ਰੌਸ਼ਨੀ ਵਿਚ ਇਹਨਾਂ ਨੇ ਮੰਜ਼ਲਾਂ ਦੀ ਪੈੜ ਨੱਪਣੀ ਏ ਤੇ ਨਵੇਂ ਦਿੱਸਹੱਦਿਆਂ ਨੂੰ ਆਪਣੇ ਨਾਵੇਂ ਕਰਨਾ। ਮਸਾਂ ਮਸਾਂ ਤਾਂ ਇਹ ਜਾਗੇ ਨੇ ਆਪਣੇ ਹੱਕਾਂ ਦੀ ਰਾਖੀ ਲਈ, ਹੋ ਰਹੀਆਂ ਬੇਇਨਸਾਫ਼ੀਆਂ ਨੂੰ ਠੱਲ ਪਾਉਣ ਲਈ, ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਅਤੇ ਸਮੇਂ ਦੇ ਵਰਕਿਆਂ ’ਤੇ ਹਸਤਾਖਰ ਉਕਰਨ ਲਈ। ਇਹ ਹੁਣ ਖੜੇ ਹੋ ਗਏ ਨੇ। ਉਮਡ ਆਇਆ ਨੇ ਇਹਨਾਂ ਦੇ ਕਦਮਾਂ ਵਿਚ ਉਤਸ਼ਾਹ ਅਤੇ ਪੈਰਾਂ ਦੀਆਂ ਬਿਆਈਆਂ ਨੂੰ ਹੈ ਖੁਦ ਤੇ ਨਾਜ਼। ਇਹਨਾਂ ਦੇ ਹੱਥਾਂ ਦੇ ਪਏ ਰੱਟਣਾਂ ਦੀਆਂ ਕਹਾਣੀਆਂ, ਮਸਤਕ ਵਿਚ ਉਗ ਆਈਆਂ ਨੇ।ਇਸਦੀ ਇਬਾਰਤ ਨੇ ਬੀਤੇ ਇਤਿਹਾਸ ਨੂੰ ਮੁੜ ਤੋਂ ਦੁਹਰਾਉਣ ਅਤੇ ਨਵੀਂ ਤਹਿਜ਼ੀਬ ਸਿਰਜਣ ਲਈ ਹੱਲਾਸ਼ੇਰੀ ਬਣਨਾ ਏ।

ਇਹ ਜੋ ਬੈਠੇ ਨੇ ਇਹਨਾਂ ਨੂੰ ਸਮੇਂ ਦੇ ਹਾਕਮਾਂ ਨੇ ਮਜਬੂਰ ਕਰ ਦਿਤਾ ਕਿ ਉਹ ਇਕਜੁੱਟ ਹੋ, ਫਿਰਕਿਆਂ ਤੇ ਜਾਤਾਂ ਤੋਂ ਉਪਰ ਉਠਣ। ਨਵੀਂ ਕਤਾਰਬੰਦੀ, ਹਰ ਮੂੰਹ ਵਿਚ ਪੈਂਦੀ ਬੁਰਕੀ ਨੂੰ ਸਲਾਮ ਕਹਿਣ ਲਈ ਅੱਗੇ ਆਈ ਏ। ਹਰੇਕ ਨੂੰ ਅੰਨਦਾਤਿਆਂ ਦੇ ਬਹੁਮੁੱਲੇ ਜੀਵਨ-ਦਾਨੀ ਰੁੱਤਬੇ ਨੂੰ ਮੁਖਾਤਬ ਹੋਣ ਲਈ ਪ੍ਰੇਰਤ ਕੀਤਾ ਏ।

ਇਹ ਜੋ ਚਿੱਟੀਆਂ ਦਾਹੜੀਆਂ ਵਾਲੇ ਬਾਬੇ ਬੈਠੇ ਨੇ, ਦਰਅਸਲ ਇਹ ਉਹਨਾਂ ਬਾਬਿਆਂ ਦੀਆਂ ਹੂਬਹੂ ਸ਼ਕਲਾਂ ਨੇ ਜਿਹਨਾਂ ਨੇ ਕਦੇ ਜਲਿਆਂਵਾਲੇ ਬਾਗ ਨੂੰ ਖ਼ੂਨ ਨਾਲ ਰੰਗਿਆ ਸੀ। ਨਨਕਾਣੇ ਦੇ ਮਹੰਤ ਦੀ ਦਰਿੰਦਗੀ ਦਾ ਮੁਕਾਬਲਾ ਕੀਤਾ।ਗੁਰੂ ਕੇ ਬਾਗ, ਜੈਤੂ ਦਾ ਮੋਰਚਾ ਵਿਚ ਵਿਦੇਸ਼ੀ ਹੁਕਮਰਾਨਾਂ ਨੂੰ ਉਹਨਾਂ ਦੀ ਹੈਸੀਅਤ ਦਿਖਾਈ। ਇਹ ਤਾਂ ਉਹ ਬਾਬੇ ਨੇ ਜਿਹਨਾਂ ਨੇ ਨੰਗੇ ਧੜ ਰੇਲ-ਗੱਡੀ ਨੂੰ ਰੋਕਿਆ, ਜੇਲਖਾਨਿਆਂ ਵਿਚ ਜਵਾਨੀ ਰੋਲੀ ਅਤੇ ਪਿਆਰੇ ਦੇਸ਼ ਲਈ ਜਾਨਾਂ ਦੀ ਅਹੂਤੀ ਦੇਣ ਲੱਗਿਆ ਕਦੇ ਪਿੱਠ ਨਹੀਂਦਿਖਾਈ। ਇਹਨਾਂ ਬਜੁਰਗਾਂ ਦੇ ਵਡੇਰੇ ਹੀ ਸਨ ਜਿਹਨਾਂ ਨੇ ‘ਪੱਗੜੀ ਸੰਭਾਲ ਜੱਟਾ’ ਵਰਗੇ ਅੰਦੋਲਨ ਨਾਲ ਅੰਗਰੇਜੀ ਹਕੂਮਤ ਨੂੰ ਵੀ ਝੁਕਾ ਦਿਤਾ ਸੀ। ਇਹਨਾਂ ਦੀਆਂ ਰਗਾਂ ਵਿਚ ਆਪਣੇ ਗੁਰੂਆਂ ਦੀ ਕਰਤਾਰੀ ਸ਼ਕਤੀ ਦਾ ਪ੍ਰਵਾਹ ਚੱਲਦਾ ਹੈ। ਇਹ ਬਾਬੇ ਆਪਣੇ ਪੋਤਰਿਆਂ ਦੀ ਜ਼ਮੀਨ ਨੂੰ ਬਚਾਉਣ ਅਤੇ ਵਿਰਾਸਤ ਨੂੰ ਅੱਗੇ ਤੋਰਨ ਲਈ ਮੋਹਰੀ ਲਾਣੇਦਾਰਬਣੇ ਹੋਏ ਨੇ। ਇਹ ਬਾਬੇ ਆਪਣੀ ਮਾਂ ਵਰਗੀ ਜ਼ਮੀਨ ਨੂੰ ਬਚਾਉਣ ਆਏ ਨੇ ਜਿਹਨਾਂ ਦੀ ਮਹਿਕ ਉਹਨਾਂ ਦੇ ਜੁੱਸੇਤੇ ਮੁੜਕੇ ਵਿਚ ਹੈ। ਉਹਨਾਂ ਦੇ ਦੀਦਿਆਂ ਵਿਚ ਮਿੱਟੀ ਦੀ ਰੰਗਤ। ਇਸ ਮਿੱਟੀ ਨੇ ਹੀ ਖਲਵਾਣਾਂ, ਖੂਹਾਂ ਅਤੇ ਖੇਤਾਂ ਨੂੰ ਭਾਗ ਲਾਏ। ਉਹ ਰੂਹ ਵਿਚ ਰਚੀ ਮਿੱਟੀ ਦੀ ਮਹਿਕ ਨੂੰ ਕਿਵੇਂ ਮਨਫ਼ੀ ਕਰ ਸਕਦੇ? ਬਾਬਿਆਂ ਦੀਆਂ ਅੱਖਾਂ ਵਿਚ ਤੈਰਦਾ ਹੈ ਉਹਨਾਂ ਪਲ੍ਹਾਂ ਦਾ ਤੁਸੱਵਰ ਜਦ ਉਹ ਜਿੱਤ ਕੇ ਆਪਣੇ ਘਰਾਂ ਤੇ ਖੇਤਾਂ ਨੂੰ ਪਰਤਣਗੇ ਅਤੇ ਖੇਤ ਦੀ ਮਿੱਟੀ ਮੱਥੇ ਨੂੰ ਲਾਉਣਗੇ।

ਇਹ ਜੋ ਚਾਂਦੀ ਰੰਗੇ ਵਾਲਾਂ ਵਾਲੀਆਂ ਬੈਠੀਆਂ ਨੇ ਇਹ ਤਾਂ ਮਾਵਾਂ ਨੇ ਛਾਂਵਾਂ ਵੰਡਣ ਵਾਲੀਆਂ। ਦੁਆਵਾਂ ਨਾਲ ਆਪਣੀਆਂ ਨਸਲਾਂ ਨੂੰ ਅੱਗੇ ਵਧਾਉਣ ਵਾਲੀਆਂ। ਇਹ ਤਾਂ ਆਪਣੇ ਪੁੱਤਰਾਂ, ਪੋਤਿਆਂ ਅਤੇ ਆਰ-ਪਰਿਵਾਰ ਦੀਆਂ ਰੀਤਾਂ, ਰਿਵਾਜਾਂ ਅਤੇ ਰਵਾਇਤਾਂ ਨੂੰ ਅੱਗੇ ਤੋਰਨ ਲਈ ਹੀ ਮੋਹਰੀਬਣ ਕੇ ਆਈਆਂ ਨੇ। ਇਹ ਤਾਂ ਮਾਈ ਭਾਗੋ ਦੀਆਂ ਵਾਰਸ ਨੇ। ਇਹ ਉਹਨਾਂ ਮਾਵਾਂ ਦੀ ਕੁੱਖੋਂ ਜਾਂਈਆਂ ਜਿਹਨਾਂ ਨੇ ਆਪਣੇ ਬੱਚਿਆਂ ਦੇ ਟੋਟੇ ਗਲਾਂ ਵਿਚ ਪਵਾਏ, ਸਿਰਾਂ ਦੇ ਸਾਈਆਂ ਨੂੰ ਮੌਤ ਵਿਹਾਜਣ ਲਈ ਭੇਜਿਆ, ਦੇਸ਼ ਦੀ ਅਜਾਦੀ ਲਈ ਪੁੱਤਾਂ ਨੂੰ ਵਾਰਿਆ ਅਤੇ ਹੁਣ ਵੀ ਜਿਹਨਾਂ ਦੇ ਪੁੱਤਸਰਹੱਦਾਂ ’ਤੇ ਸ਼ਹੀਦ ਹੋ ਰਹੇ ਨੇ। ਸ਼ਹੀਦਾਂ ਦੀਆਂ ਪਤਨੀਆਂ ਅਤੇ ਮਾਵਾਂ ਦੀ ਦਲੇਰੀ ਅਤੇ ਹੱਠ ਨੂੰ ਕੌਣ ਝੁਕਾ ਸਕਦਾ? ਮਾਵਾਂ ਨੂੰ ਆਪਣੀਆਂ ਕੁੱਖ ਤੇ ਮਾਣ ਹੈ। ਇਹਨਾਂ ਮਾਵਾਂ ਦੀਆਂ ਅੱਖਾਂ ਵਿਚ ਉਗੀ ਹੋਈ ਲਿਸ਼ਕਤੇ ਚਿਹਰਿਆਂ ਦਾ ਨੂਰ ਦੇਖਣਾ! ਇਹਨਾਂ ਦੀਆਂ ਝੁੱਰੜੀਆਂ ਵਿਚ ਸਿਦਕ ਤੇ ਸਬਰ ਦੀ ਕਲਾ-ਨਕਾਸ਼ੀ ਨੂੰ ਪੜਨਾ ਤਾਂ ਪਤਾ ਲੱਗੇਗਾ ਇਹ ਮਾਵਾਂ ਬੈਠਣ ਨਹੀਂ ਆਈਆਂ। ਸਗੋਂ ਇਹ ਆਪਣੇ ਲਾਣੇ ਦੇ ਕੱਫ਼ਣ ਲੈ ਕੇ ਹੀਆਈਆਂ ਨੇ। ਜਦ ਕੋਈ ਮਾਂ ਕੱਫ਼ਣ ਨੂੰ ਆਪਣੀ ਚੁੰਨੀ ਬਣਾ ਲਵੇ ਤਾਂ ਹਾਕਮਾਂ ਦੀ ਨੀਂਦ ਵੀ ਹੰਘਾਲੀ ਜਾਂਦੀ ਅਤੇ ਕੰਬ ਜਾਂਦੀਆਂ ਨੇ ਦਰਿੰਦਗੀ ਤੇ ਜੁਲਮ ਦੀਆਂ ਦੀਵਾਰਾਂ। ਇਹ ਮਾਵਾਂ ਹੱਥਾਂ ਦੀਆਂ ਪੱਕੀਆਂ ਰੋਟੀਆਂ ਦੇ ਨਾਲਨਾਲ, ਜਵਾਨ ਪੁੱਤਰਾਂ ਨੂੰ ਪਰੋਸਦੀਆਂ ਨੇ ਰੋਟੀ ਦੀ ਕਸਮ।

ਇਹ ਜੋ ਚੇਤੰਨ ਹੋ ਕੇ ਨੌਜ਼ਵਾਨ ਬੈਠੇ ਦਿੱਸਦੇ, ਦਰਅਸਲ ਇਹ ਉਹ ਨੇ ਜਿਹਨਾਂ ਨੂੰ ਨਸ਼ਈ ਕਹਿ ਕੇ ਭੰਡਿਆਗਿਆ। ਇਹਨਾਂ ਨੇ ਆਪਣੇ ਜੋਸ਼ ਤੇ ਹੋਸ਼ ਨੂੰ ਜ਼ਰਬ ਦੇ ਕੇ ਆਪਣੀਤਾਕਤ ਬਣਾ ਲਿਆ ਏ। ਬਜੁਰਗਾਂ ਦੀ ਰਹਿਨੁਮਾਈ ਵਿਚ ਲੋਹੇ ਦੀ ਦਵਾਰ ਬਣ ਕੇ ਡੱਟੇ ਨੇ। ਇਹਨਾਂ ਦੀਆਂ ਰਗਾਂ ਵਿਚ ਭਗਤ ਸਿੰਘ ਅਤੇ ਸਰਾਭੇ ਦਾ ਹੀ ਖ਼ੂਨ ਦੌੜਦਾ ਹੈ। ਇਹਨਾਂ ਦੀ ਸੋਚ ਵਿਚ ਊਧਮ ਸਿੰਘ ਦੀ ਕਸਮ ਵੀ ਸ਼ਾਮਲ ਹੈ ਜਿਹੜੀ ਉਹਨਾਂ ਨੇ ਜਲਿਆਂ ਵਾਲੇ ਬਾਗ ਦੀ ਮਿੱਟੀ ਨੂੰ ਚੁੰਮ ਕੇ ਚੁੱਕੀ ਸੀ ਅਤੇ ਕਈ ਸਾਲਾਂ ਬਾਅਦ ਲੰਡਨ ਵਿਚ ਜਾ ਕੇ ਪੂਰੀ ਕੀਤੀ ਸੀ। ਇਹ ਨੌਜ਼ਵਾਨ ਤਾਂ ਭਗਤ ਸਿੰਘ ਵਾਂਗ ਦਿਲੀ ਦੇ ਬੋਲੇ ਕੰਨਾਂ ਨੂੰ ਆਪਣੀ ਅਵਾਜ ਸੁਣਾਉਣ ਆਏ ਨੇ। ਇਹਨਾਂ ਨੇ ਆਪਣੀਆਂ ਸੋਚਾਂ ਤੇ ਸੁਪਨਿਆਂ ਨੂੰ ਤਿੱੜਕਣ ਨਹੀਂ ਦੇਣਾ ਅਤੇ ਨਾ ਹੀ ਆਪਣੇ ਹਿੱਸੇ ਦੀ ਧਰਤੀ ਤੇ ਅਸਮਾਨ ਨੂੰ ਕਿਸੇ ਦੇ ਨਾਮ ਹੋਣ ਦੇਣਾ। ਇਹ ਤਾਂ ਉਸਕੌਮ ਦੇ ਵਾਰਸ ਆ ਜਿਹੜੀ ਖੁਦ ਨੂੰ ਦਾਅ ਤੇ ਲਾ, ਅਣਖ, ਗੈਰਤ ਅਤੇ ਇੱਜਤਨੂੰ ਦਾਗ ਨਹੀਂ ਲੱਗਣ ਦਿੰਦੀ। ਇਹ ਤਾਂ ਪੰਜਾਬ ਦੀ ਉਸ ਵਿਰਾਸਤ ਦੇ ਮਾਲਕ ਨੇ ਜਿਹਨਾਂ ਦੀ ਬਹਾਦਰੀ ਦੀਆਂ ਕਹਾਣੀਆਂ ਦਰਾ ਖ਼ੈਬਰ, ਤਿੱਬਤ ਤੇ ਲਾਲ ਕਿਲੇ ਤੀਕ ਫੈਲੀਆਂ ਹੋਈਆਂ ਨੇ। ਇਹ ਤਾਂ ਉਹਨਾਂ ਸਾਹਿਬਜ਼ਾਦਿਆਂ ਦੀ ਤਾਸੀਰ ਦੇ ਮਾਲਕ ਨੇ ਜਿਹਨਾਂ ਨੇ ਚਮਕੌਰ ਸਾਹਿਬ ਅਤੇ ਸਰਹਿੰਦ ਵਿਚ ਸਮੇਂ ਦੀ ਹਕੂਮਤ ਨੂੰ ਪੈਰਾਂ ਹੇਠ ਲਿਆੜਿਆ।ਇਹਨਾਂ ਦੇ ਮੱਥਿਆਂ ਵਿਚ ਉਗੇ ਹੋਏ ਸੂਰਜਾਂ ਦੇ ਤੱਪਤੇਜ਼ ਸਾਹਵੇਂ ਫਿੱਕੀ ਏ ਰਾਜਸੀ ਪਲੱਤਣਾਂ ਵਿਚ ਡੁੱਬੀ ਹੋਈ ਕਮੀਨਗੀ। ਜਿੱਤ ਦੇ ਅਲੰਮਬਰਦਾਰ ਇਹ ਨੌਜ਼ਵਾਨ ਸੂਹੀ ਸੋਚ ਦੀ ਮਹਿੰਦੀ ਲਾ ਕੇ ਹੀ ਨਵੇਂ ਅਗਾਜ਼ ਦਾ ਪ੍ਰਤੀਕ ਨੇ। ਇਹਬੈਠੇ ਨਹੀਂ ਸਗੋਂ ਇਹ ਉਹ ਚੱਲਦੀ ਵਹੀਰ ਨੇ ਜਿਹਨਾਂ ਨੇ ਸਮਿਆਂ ਦੀਆਂ ਮੁਹਾਰਾਂ ਨੂੰ ਮੋੜਨਾ ਏ।

ਇਹ ਜੋ ਬੀਬੀਆਂ ਗੋਦੀਆਂ ਵਿਚ ਬਾਲ ਕੇ ਬੈਠੀਆਂ ਨਜ਼ਰ ਆਉਂਦੀਆਂ ਨੇ, ਅਸਲ ਵਿਚ ਇਹ ਆਪਣੇ ਬਾਲਕਾਂ ਨੂੰ ਗੁੱੜਤੀ ਦਿਵਾਉਣ ਆਈਆਂ ਨੇ ਕਿ ਕਿਵੇਂ ਇਤਿਹਾਸ ਸਿਰਜਿਆ ਜਾਂਦਾ ਹੈ? ਕਿਵੇਂ ਸੜਕਾਂ ਤੇ ਉਗਦੇ ਨੇ ਸ਼ਹਿਰ? ਕਿਵੇਂ ਸੜਕਾਂ ਦੇ ਕਿਨਾਰਿਆਂ ਤੇ ਫੈਲਦੇ ਨੇ ਖੇਤ? ਕਿਵੇਂ ਸੁੰਨੀਆਂ ਜੂਹਾਂ ਵਿਚ ਵੀ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਜਾ ਸਕਦੀ? ਕਿਵੇਂ ਦੋ ਦਿਨ ਦੇ ਧਰਨੇ ਨੂੰ ਮਹੀਨਿਆਂ ਤੀਕ ਵਧਾਇਆ ਜਾ ਸਕਦਾ? ਕਿਵੇਂ ਹਮਦਰਦੀ, ਹਮਜ਼ੋਲਤਾ ਅਤੇ ਸਾਂਝੀ-ਵਾਲਤਾ ਵਿਚੋਂ ਇਕ ਦੂਜੇ ਲਈ ਸੁਖਨ ਤੇ ਸਹਿਜ ਉਪਜਾਇਆ ਜਾ ਸਕਦਾ? ਇਹ ਉਹ ਔਰਤਾਂ ਨੇ ਜੋ ਸਿਰ ਤੇ ਮੰਢਾਸਾ ਬੰਨ, ਟਰੈਕਟਰ ਵੀ ਚਲਾਉਂਦੀਆਂ, ਨੱਕੇ ਵੀ ਮੋੜਦੀਆਂ ਅਤੇ ਨਰਮਾ ਚੁੱਗਦੀਆਂ ਜੀਵਨ ਦੇ ਗੀਤ ਵੀ ਗਾਉਂਦੀਆਂ ਨੇ। ਇਹਨਾਂ ਦੀ ਰਗ ਰਗ ਵਿਚ ਜ਼ਿੰਦਗੀ ਮੌਲਦੀ। ਉਹ ਤਾਂ ਦੁਸ਼ਵਾਰੀਆਂ ਵਿਚੋਂ ਦੁਆਵਾਂ ਅਤੇ ਔਕੜਾਂ ਵਿਚੋਂ ਅਰਦਾਸਾਂ ਨੂੰ ਜਨਮ ਦੇਂਦੀਆਂ, ਨਵੀਆਂ ਪੇਸ਼ਬੰਦੀਆਂ ਦੀ ਪ੍ਰਕਰਮਾ ਕਰਦੀਆਂ ਨੇ। ਇਹਨਾਂ ਵਿਚੋਂ ਕਦੇ ਕੋਈ ਰਾਣੀ ਝਾਂਸੀ ਬਣੀ ਸੀ। ਇਹਨਾਂ ਦੀਆਂ ਸੁਲੱਖਣੀਆਂ ਕੁੱਖਾਂ ਨੇ ਹੀ ਭਵਿੱਖ ਦੇ ਸੂਰਬੀਰਾਂ ਤੇ ਯੋਧਿਆਂ ਲਈ ਜਨਮਦਾਤੀ ਬਣਨਾ ਏ ਜਿਹਨਾਂ ਨੇ ਕਦੇ ਅਟਕ ਨੂੰ ਵੀ ਅਟਕਾਉਣਾਅਤੇ ਕਦੇ ਸਰਸਾ ਨਦੀ ਦੇ ਪਾਣੀ ਨੂੰ ਠਹਿਰ ਜਾਣ ਲਈ ਕਹਿਣਾ ਏ। ਇਹਨਾਂ ਜਾਗੀਆਂ ਔਰਤਾਂ ਨੇ ਹੁਣ ਨਹੀਂ ਸੌਣਾ। ਨਾ ਹੀ ਉਹਨਾਂ ਦੀ ਚੇਤਨਾ ਵਿਚੋਂ ਅਮੀਰ ਪ੍ਰੰਪਰਾਵਾਂ ਨੇ ਮਨਫ਼ੀ ਹੋਣਾ। ਇਤਿਹਾਸ ਦੇ ਵਰਕੇ ਫਰੋਲਦਿਆਂ, ਆਉਣ ਵਾਲੀਆਂ ਨਸਲਾਂ ਇਹਨਾਂ ਮਾਵਾਂ ’ਤੇ ਫ਼ਖਰ ਜਰੂਰ ਕਰਿਆ ਕਰਨਗੀਆਂ।

ਇਹ ਜੋ ਸਾਬਕਾ ਫੌਜੀ ਸੀਨਿਆਂ ’ਤੇ ਤਮਗੇ ਸਜਾ ਕੇ ਬੈਠੇ ਨੇ, ਕਦੇ ਇਹਨਾਂ ਦੇ ਦੀਦਿਆਂ ਵਿਚ ਝਾਕਣ ਦੀ ਹਿੰਮਤ ਕਰਨਾ!ਉਹ ਜਵਾਨੀ ਦੇਸ਼ ਲਈ ਅਰਪਿੱਤ ਕਰਨ ਤੋਂ ਬਾਅਦ ਹੁਣ ਆਪਣੀ ਹੀ ਜਮੀਂਦੀ ਰਾਖੀ ਲਈ ਆਏ ਨੇ। ਉਹਨਾਂ ਦੇ ਚੇਤਿਆਂ ਵਿਚ ਸੱਜਰਾ ਹੈ ਜਰਨਲ ਅਰੋੜਾ ਦੇ ਸਾਹਵੇਂ ਸਵਾ ਲੱਖ ਪਾਕਿਸਤਾਨੀ ਫੌਜੀਆਂ ਵਲੋਂ ਆਤਮ ਸਮਰਪੱਣ। ਇਹ ਤਾਂ ਅਜ਼ਾਦ ਹਿੰਦ ਫੌਜੀਆਂ ਦੀ ਕੁੱਲ ਵਿਚੋਂ ਨੇ ਜਿਹਨਾਂ ਨੇ ਦੇਸ਼ ਨੂੰ ਅਜਾਦ ਕਰਵਾਉਣ ਹਿੱਤ, ਕਾਲੇ ਪਾਣੀਆਂ ਵਿਚ ਸੁਡੌਲ ਜਿੰਦਾਂ ਨੂੰ ਗਾਲਿਆ। ਇਹਨਾਂ ਨੂੰ ਸਿੱਖ ਜਰਨੈਲਾਂ ਦੀਆਂ ਉਹ ਕਹਾਣੀਆਂ ਹੁਣ ਵੀ ਯਾਦ ਨੇ ਕਿ ਕਿਵੇਂ ਕੱਲੇ ਕੱਲੇ ਜੰਗਜੂਆਂ ਨੇ ਸੈਂਕੜੇ ਦੁਸ਼ਮਣਾਂਨੂੰ ਚਿੱਤ ਕੀਤਾ? ਫੌਜੀਆਂ ਦਾ ਮਾਣਮੱਤਾ ਇਤਿਹਾਸ ਆਪਣੀ ਵਰਦੀ ’ਤੇ ਉਕਰਾ ਅਤੇ ਖੁਦ ਨੂੰ ਦਾਅ ਤੇ ਲਾਉਣ ਵਾਲਿਆਂ ਵਿਚੋਂ ਦਲੇਰੀ, ਅਣਖ, ਜ਼ਜਬਾਤ ਅਤੇ ਸਿੱਦਕਦਿਲੀ ਨੂੰ ਕਿਵੇਂ ਕੰਮਜ਼ੋਰ ਕੀਤਾ ਜਾ ਸਕਦਾ?ਬਰਫ਼ੀਲੀ ਵਾਦੀਆਂ ਵਿਚ ਸਰਹੱਦਾਂ ਤੇ ਪਹਿਰੇ ਦੇਣ ਵਾਲਿਆਂ ਲਈ ਇਹਨਾਂ ਕਠਿਆਈਆਂ ਦੇ ਕੋਈ ਅਰਥ ਨਹੀਂ। ਇਹ ਤਾਂ ਮੁਸ਼ਕਲਾਂ ਵਿਚੋਂ ਹੀ ਜੀਵਨ ਨੂੰ ਨਵੀਂ ਦ੍ਰਿਸਾ ਅਤੇ ਦਸ਼ਾ ਦੇਣ ਦੇਆਦੀ ਨੇ।

ਇਹ ਜੋ ਨਿੱਕੇ ਨਿੱਕੇ ਜੁਆਕ ਆਪਣੇ ਮਾਪਿਆਂ ਨਾਲ ਬੈਠੈ ਦਿੱਸਦੇ ਨੇ ਦਰਅਸਲ ਇਹ ਜਗਦੀਆਂ ਮਸ਼ਾਲਾਂ ਦੇ ਸੂਚਕ ਨੇ। ਇਹਨਾਂ ਦੇ ਅਵਚੇਤਨ ਵਿਚ ਇਸ ਇਕੱਠ ਨੇ ਕੁਝ ਅਜੇਹਾ ਧਰ ਦਿਤਾ ਏ ਜਿਸਨੇ ਇਹਨਾਂ ਦੇ ਵਿਅਕਤੀਤੱਵ, ਵਰਤੋਂ-ਵਿਵਹਾਰ,ਚੱਜ-ਅਚਾਰ ਅਤੇ ਸਦਾਚਾਰ ਨੂੰ ਅਜੇਹਾ ਲਹਿਜ਼ਾ ਪ੍ਰਦਾਨ ਕਰਨਾ ਏ ਜਿਸਨੇ ਨਵੇਂ ਸਮਾਜ ਦਾ ਸ਼ੀਸ਼ਾ ਬਣ ਜਾਣਾ। ਇਹ ਹੀ ਆਪਣੀ ਪੁਰਾਤਨ ਵਿਰਾਸਤ ਨੂੰ ਜਾਗਦੀ ਜ਼ਮੀਰ ਬਣਾ ਕੇ, ਆਉਣ ਵਾਲੀ ਸਦੀ ਦੇ ਨਾਮ ਕਰਨਗੇ। ਕੌਣ ਕੱਢ ਸਕਦਾ ਏ ਇਹਨਾਂ ਦੇ ਮਨਾਂ ਵਿਚੋਂ ਮਾਪਿਆਂ ਵਲੋਂ ਇਸ ਸਮੇਂ ਦੌਰਾਨ ਹੰਢਾਈਆਂ ਤੰਗੀਆਂ ਤੇ ਤੁੱਰਸ਼ੀਆਂ? ਮਾਂ-ਪਿਉ ਦੇ ਮੁੱਖੜੇ ’ਤੇ ਆਏ ਜਲਾਲ ਨੂੰ, ਚੜਦੀ ਕਲਾ ਵਿਚ ਰਹਿਣ ਨੂੰ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨੂੰ? ਇਹਨਾਂ ਬੱਚਿਆਂ ਨੂੰ ਸਦਾ ਯਾਦ ਰਹੇਗਾ ਕਿ ਕਿਵੇਂ ਬਜੁਰਗਾਂ ਨੇ ਪੁਲਸ ਕੋਲੋਂ ਲਾਠੀਆਂਖਾ ਕੇ ਵੀ ਉਹਨਾਂ ਨੂੰ ਭੁੱਖੇ ਸਮਝ ਕੇ ਲੰਗਰ ਛਕਾਇਆ? ਕਿਵੇਂ ਕਿਸੇ ਦੀ ਪੀੜਾ ਵਿਚ ਉਹਨਾਂ ਦੀਆਂ ਅੱਖਾਂ ਨਮ ਹੋਈਆਂ? ਕਿਵੇਂ ਚਾਰ ਜਣਿਆਂ ਨੇ ਇਕ ਰੋਟੀ ਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਰੱਜਤਾ ਦਾ ਡਕਾਰ ਮਾਰਿਆ? ਕਿਵੇਂ ਅੰਬਰ ਹੇਠ ਪੋਹ ਦੀਆਂ ਯੱਖ ਰਾਤਾਂ ਵਿਚ, ਹਮਉਮਰ ਸਾਹਿਬਜਾਦਿਆਂ ਦੀ ਸ਼ਹੀਦੀ ਦੀ ਕਥਾ ਸੁਣਦਿਆਂ,ਕਹਿਰ ਦੀ ਠੰਢ ਦਾ ਅਹਿਸਾਸ ਰੱਜ ਕੇ ਮਾਣਿਆ? ਇਹ ਬੱਚੇ ਹੀ ਇਸ ਇਤਿਹਾਸ ਦੇ ਚਸ਼ਮਦੀਦ ਗਵਾਹ ਹੋਣਗੇ ਅਤੇ ਖੋਜ਼ਕਾਰ ਇਹਨਾਂ ਬੱਚਿਆਂ ਵਿਚੋਂ ਇਸ ਅੰਦੋਲਨ ਦੀਆਂ ਕਈ ਪਰਤਾਂ ਦੀ ਨਿਸ਼ਾਨਦੇਹੀ ਕਰਨਗੀਆਂ।

ਇਹ ਜੋ ਬੈਠੇ ਲੱਗਦੇ ਆ ਦਰਅਸਲ ਇਹ ਤਾਂ ਤੁੱਰ ਰਹੇ ਨੇ ਸੁਰਜੀ-ਸੋਚ ਦੇ ਮਾਰਗੀਂ। ਸਾਂਝੀਵਾਲਤਾ ਦੀ ਪੌੜੀ ਚੜਦੇ। ਇਹਨਾਂ ਨੂੰ ਪਤਾ ਹੈ ਕਿ ਸਫ਼ਰ ਸਦਾ ਜਾਰੀ ਰਹਿੰਦਾ। ਨਿਰੰਤਰਤਾ ਦੇ ਚਸ਼ਮਦੀਦ ਗਵਾਹ ਨੇ, ਬੈਠੇ ਹੋਏ ਨਜ਼ਰ ਆਉਂਦੇ ਇਹ ਅਦਭੁੱਤ ਲੋਕ। ਇਹ ਜੋ ਬੈਠੇ ਹੋਏ ਨੇਇਹ ਤਾਂ ਉਹਨਾਂ ਮਿੱਥਾਂ ਨੂੰ ਤੋੜਨ ਵੀ ਆਏ ਨੇ ਜੋ ਸਮੇਂ ਦੇ ਹਾਕਮਾਂ ਨੇ ਲੋਕ-ਮਨਾਂ ਵਿਚ ਸਿਰਜ ਦਿਤੀਆਂ ਸਨ। ਉਸ ਪਾੜ ਨੂੰ ਮਿਟਾਉਣਆਏ ਨੇ ਜੋ ਹਕੂਮਤ ਨੇ ਪਾਏ। ਇਹਨਾਂ ਨੇ ਕੁਰਸੀ ਦੇ ਪਾਵੇ ਬਣੇ ਲੋਕਾਂ ਨੂੰ ਨੰਗਿਆ ਕੀਤਾ ਏ ਜੋ ਆਪਣੀ ਜ਼ਮੀਰ ਗਹਿਣੇ ਧਰ, ਖੁਦ ਦੀ ਬੋਲੀ ਲਾਉਂਦੇ ਆ। ਇਹਨਾਂ ਨੇ ਦਿਖਾ ਦਿਤਾ ਕਿ ਕਹਿਣੀ ਤੇ ਕਥਨੀ ਵਿਚ ਕਿੰਨਾ ਅੰਤਰ ਹੁੰਦਾ? ਕਿਵੇਂ ਮਿਰਗ-ਤ੍ਰਿਸ਼ਨਾ ਰਾਹੀਂ ਸਿਰਜੇ ਬਿੰਬ ਤਿੱੜਕਦੇ ਨੇ? ਕਿਵੇਂ ਸਪੱਸ਼ਟ ਹੋ ਜਾਂਦੀਆਂ ਨੇ ਕਿਸੇ ਵਿਸ਼ੇਸ਼ ਵਰਗ ਲਈ ਪੈਦਾ ਕੀਤੀਆਂ ਗਲਤਫ਼ਹਿਮੀਆਂ? ਇਹਨਾਂ ਨੇ ਸਮੇਂ ਨੂੰ ਇਹ ਵੀ ਦਰਸਾ ਦਿਤਾ ਕਿ ਸਭ ਤੋਂ ਅਹਿਮ ਹੁੰਦੇ ਨੇ ਲੋਕ ਅਤੇ ਇਹਨਾਂ ਦੀ ਅਗਵਾਈ ਵਿਚ ਨਿੱਜੀ ਰੋਸੇ, ਗਿੱਲੇ ਜਾਂ ਸ਼ਿਕਵੇ ਕੋਈ ਥਾਂ ਨਹੀਂ ਰੱਖਦੇ। ਇਹਨਾਂ ਤਾਂ ਇਹ ਵੀ ਦਰਸਾ ਦਿਤਾ ਕਿ ਸੰਘਰਸ਼ ਨੂੰ ਕੌਮਾਂ, ਮਜ਼ਹਬਾਂ ਜਾਂ ਖਿੱਤਿਆਂ ਵਿਚ ਵੰਡਿਆ ਨਹੀਂ ਜਾ ਸਕਦਾ। ਹੱਕਾਂ ਲਈ ਵਿਢਿਆ ਸੰਘਰਸ਼ ਸਿਰਫ਼ ਲੋਕਾਂ ਦਾ ਅਤੇ ਲੋਕਾਂ ਲਈ ਹੀ ਹੁੰਦਾ।

ਇਹ ਜੋ ਨੀਲੇ ਬਾਨਿਆਂ ਤੇ ਦੁਮਾਲਿਆਂ ਵਿਚ ਸੱਜੇ ਬੈਠੇ ਨੇ, ਇਹਨਾਂ ਦੇ ਚਿਹਰਿਆਂ ਤੇ ਸ਼ਾਂਤ ਰੋਹ ਦਾ ਜਲਾਲ ਹੈ। ਇਹਨਾਂ ਦੀ ਪਿੱਠ ਤੇ ਹੈ ਚਮਕੌਰ ਦੀ ਗੜੀ, ਮੁੱਕਤਸਰ ਦੀ ਜੰਗ, ਛੋਟਾ ਤੇ ਵੱਡਾ ਘਲੂਘਾਰਾ, ਚੱਪੜਚਿੱੜੀ ਦੇ ਮੈਦਾਨ ਵਿਚ ਦਿਖਾਈ ਬਹਾਦਰੀ ਅਤੇ ਜ਼ਾਂਬਾਜ਼ੀ। ਇਹਨਾਂ ਦੇ ਘੋੜਿਆਂ ਦੀਆਂ ਟਾਪਾਂ ਸੁਣ ਕੇ ਹੁਣ ਵੀ ਗਜ਼ਨਵੀ ਅਤੇ ਅਬਦਾਲੀ ਦੀਆਂ ਪੀਹੜੀਆਂ ਤ੍ਰਭਕਦੀਆਂ ਨੇ। ਇਹਨਾਂ ਦੇ ਘੋੜਿਆਂ ਦੀਆਂ ਕਾਠੀਆਂ ਹੀ ਇਹਨਾਂ ਦਾ ਰੈਣ-ਬਸੇਰਾ ਅਤੇ ਛੋਲਿਆ ਦੀ ਮੁੱਠ ਚੱਬ ਕੇ ਜਿੰਦਾ ਰਹਿਣ ਦੀ ਜ਼ਿੰਦਾਦਿਲੀ, ਇਹਨਾਂ ਦੀ ਤਵਾਰੀਖ਼। ਇਹਨਾਂ ਦੀਆਂ ਉਚੀਆਂ ਨਜ਼ਰਾਂ ਵਿਚ ਅਬਦਾਲੀ ਵਲੋਂ ਅਗਵਾ ਕੀਤੀਆਂ ਧੀਆਂ-ਭੈਣਾਂ ਨੂੰ ਛੁਡਾ ਕੇ, ਆਦਰ-ਸਹਿਤ ਉਹਨਾਂ ਦੇ ਘਰੀਂ ਪਹੁੰਚਣ ਦਾ ਸ਼ਰਫ਼ ਵੀ ਸ਼ਾਮਲ ਹੈ।

ਕਦੇ ਵੀ ਇਹਨਾਂ ਬੈਠੈ ਹੋਇਆਂ ਨੂੰ ਬੈਠੇ ਹੋਏ ਨਹੀਂ ਸਮਝਣਾ। ਇਹ ਤਾਂ ਸੁਚੇਤ ਹੋਏ ਉਹ ਲੋਕ ਨੇ ਜਿਹਨਾਂ ਨੇ ਬੋਲੇ ਕੰਨਾਂ ਨੂੰ ਲੋਕ-ਅਵਾਜ਼ ਸੁਣਨ ਲਈ ਮਬਜੂਰ ਕੀਤਾ। ਜਿਹਨਾਂ ਦੀ ਪੈੜਚਾਲ ਸੁਣ ਕੇ ਹਾਕਮ ਤ੍ਰਭਕ ਕੇ ਉਠਿਆ। ਜਿਹਨਾਂ ਦੀ ਗੁਫ਼ਤਗੂ ਸੁਣਕੇ ਹਾਕਮ ਨੂੰ ਪੈਰਾਂ ਹੇਠੋਂ ਜਮੀਂ ਖਿਸਕਦੀ ਨਜ਼ਰ ਆਈ। ਜਿਹਨਾਂ ਨੇ ਦੱਸ ਦਿਤਾ ਕਿ ਜਦ ਕੋਈ ਜਾਗਦਾ ਏ ਤਾਂ ਫਿਰ ਕੋਈ ਉਸਦੇ ਹੱਕਾਂ ਨੂੰ ਹੱਥਿਆ ਨਹੀਂ ਸਕਦਾ।

ਜਾਗਦੀ ਜ਼ਮੀਰ, ਜੋਸ਼, ਜਜ਼ਬਾਤ ਅਤੇ ਰੋਹੀਲੇ ਹੌਕਰਿਆਂ ਨਾਲ ਭਰੇ ਹੋਏ ਇਹਨਾਂ ਲੋਕਾਂ ਨੂੰ ਸਲਾਮ। ਇਤਿਹਾਸ ਸਦਾ ਇਹਨਾਂ ਦਾ ਸ਼ੁਕਰਗੁਜਾਰ ਰਹੇਗਾ ਕਿਉਂਕਿ ਅਜੇਹੇ ਲੋਕਾਂ ਕਰਕੇ ਹੀ ਇਤਿਹਾਸ ਸਿਰਜੇ ਜਾਂਦੇ ਨੇ।

ਇਹ ਜੋ ਬੈਠੇ ਨੇ ਇਹਨਾਂ ਨੇ ਦਿਲ ਤੋਂ ਦਿੱਲੀ ਤੀਕ ਦਾ ਸਫ਼ਰ ਕਰਲਿਆ ਏ। ਇਸ ਸਫ਼ਰ ਨੇ ਹੀ ਜ਼ਿੰਦਗੀ ਦੀ ਤਵਾਰੀਖ਼ ਨੂੰ ਨਵੇਂ ਅਰਥ ਦੇਣੇ ਨੇ।

ਫੋਨ # 001-216-556-2080


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224





KAMAL SANDHU
Sales Representative
647.891.0143

RE/MAX GOLD
realtorkamalsandhu@gmail.com
www.arearealtor.com

Looking For a Nest..? Call the Best

### ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ

Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.




### 3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ

Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.




### ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ

Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station



# ਜਿਸ ਸਿਸਟਮ ਵਿੱਚ ਲੋਕਾਂ ਦਾ ਘਾਤ ਹੋ ਰਿਹੈ, ਕੀ ਉਸ ਦਾ ਕੋਈ ਬਦਲ ਵੀ ਸੋਚਿਆ ਜਾ ਸਕਦੈ!



ਜਤਿੰਦਰ ਪੰਨੂ

ਇਨਸਾਨ ਜੰਗਲਾਂ ਦੀ ਜ਼ਿੰਦਗੀ ਤੋਂ ਨਗਰਾਂ ਤੱਕ ਪੁੱਜਾ ਤਾਂ ਅਜੇ ਉਸ ਨੂੰ ਨਾਗਰਿਕ ਹੋਣ ਦੀ ਸੋਝੀ ਨਹੀਂ ਸੀ ਆਈ, ਜਦੋਂ ਪਹਿਲਾਂ ਗੁਲਾਮਾਂ ਅਤੇ ਉਨ੍ਹਾਂ ਦੇ ਮਾਲਕਾਂ ਵਾਲਾ ਤੇ ਫਿਰ ਰਾਜਿਆਂ-ਜਗੀਰਦਾਰਾਂ ਦਾ ਸਿਸਟਮ ਉਸ ਦੇ ਸਿਰ ਪੈ ਗਿਆ ਸੀ। ਓਦੋਂ ਜਗੀਰਦਾਰੀ ਵਾਲਾ ਪ੍ਰਬੰਧ ਵੀ ਬੜਾ ਚੰਗਾ ਜਾਪਦਾ ਹੋਵੇਗਾ, ਪਰ ਪਿੱਛੋਂ ਸਮਝ ਪਈ ਕਿ ਇਹ ਵੀ ਇਨਸਾਨਾਂ ਨੂੰ ਗੁਲਾਮ ਬਣਾ ਕੇ ਰੱਖਣ ਦਾ ਪ੍ਰਬੰਧ ਹੀ ਹੈ। ਸਨਅਤੀ ਇਨਕਲਾਬ ਨਾਲ ਜਦੋਂ ਕਾਰਖਾਨੇ ਲੱਗਣ ਦੇ ਦਿਨ ਆਏ ਤੇ ਲੋਕਾਂ ਨੂੰ ਤਨਖਾਹ ਜਾਂ ਦਿਹਾੜੀ ਪਹਿਲਾਂ ਦੱਸ ਕੇ ਕੰਮ ਉੱਤੇ ਰੱਖਿਆ ਜਾਣ ਲੱਗਾ, ਉਸ ਵਿੱਚੋਂ ਲੋਕ-ਰਾਜ ਦੀ ਧਾਰਨਾ ਵਾਲੇ ਅਜੋਕੇ ਪ੍ਰਬੰਧ ਦੀ ਕਲਮ ਫੁੱਟ ਪਈ ਤੇ ਫਿਰ ਇੱਕ-ਇੱਕ ਕਰ ਕੇ ਸਮੁੱਚੀ ਦੁਨੀਆ ਦੇ ਦੇਸ਼ਾਂ ਵਿੱਚ ਲੋਕਤੰਤਰ ਦਾ ਅਜੋਕਾ ਪ੍ਰਬੰਧ ਉੱਨੀ-ਇੱਕੀ ਦੇ ਫਰਕ ਨਾਲ ਲਾਗੂ ਕੀਤਾ ਜਾਣ ਲੱਗ ਪਿਆ ਸੀ। ਬਹੁਤ ਵਧੀਆ ਕਿਹਾ ਜਾ ਰਿਹਾ ਇਹ ਸਿਸਟਮ ਅਜੋਕੇ ਪੜਾਅ ਉੱਤੇ ਆ ਕੇ ਏਦਾਂ ਦਾ ਹੋ ਗਿਆ ਹੈ ਕਿ ਆਮ ਲੋਕਾਂ ਦੇ ਭਲੇ ਲਈ ਕਿਹਾ ਜਾਂਦਾ ਸੀ, ਪਰ ਇਹ ਆਮ ਲੋਕਾਂ ਵਿੱਚ ਹੀ ਹਾਹਾਕਾਰ ਮਚਾਉਣ ਵਾਲਾ ਬਣਦਾ ਜਾਂਦਾ ਹੈ। ਜਿਸ ਲੀਡਰ ਨੂੰ ਕਮਾਨ ਮਿਲ ਜਾਂਦੀ ਹੈ, ਉਹ ਖੁਦ ਨੂੰ ਖੁਦਾਈ ਫੌਜਦਾਰ ਅਤੇ ਬਾਕੀ ਸਾਰੇ ਲੋਕਾਂ ਨੂੰ ਕੀੜੇ-ਮਕੌੜੇ ਸਮਝ ਕੇ ਮਨ-ਆਈਆਂ ਕਰਨ ਲਈ ਬੇਲ-ਗਾਮ ਹੋ ਜਾਂਦਾ ਹੈ।

ਦੁਨੀਆ ਦੇ ਲੋਕਾਂ ਨੂੰ, ਜਿਨ੍ਹਾਂ ਵਿੱਚ ਭਾਰਤ ਵੀ ਹੈ, ਇਹ ਸਮਝਾਇਆ ਜਾਂਦਾ ਸੀ ਕਿ ਅਮਰੀਕਾ ਇਸ ਸੰਸਾਰ ਵਿੱਚ ਲੋਕਤੰਤਰ ਦਾ ਬਹੁਤ ਵੱਡਾ ਝੰਡਾ-ਬਰਦਾਰ ਹੈ। ਇਸ ਝੰਡਾ-ਬਰਦਾਰੀ ਦਾ ਜਲੂਸ ਉਸ ਦੇ ਲੋਕਾਂ ਦੀ ਭੁੱਲ ਨਾਲ ਚੁਣੇ ਗਏ ਇੱਕ ਬੇ-ਸਿਰੇ ਤੇ ਬੇ-ਸੁਰੇ ਲੀਡਰ ਡੋਨਾਲਡ ਟਰੰਪ ਨੇ ਇਸ ਹਫਤੇ ਕੱਢ ਦਿੱਤਾ ਹੈ। ਬਦ-ਦਿਮਾਗ ਬੰਦੇ ਹੱਥ ਕਮਾਨ ਆ ਜਾਣ ਨਾਲ ਜਿਹੋ ਜਿਹਾ ਉਸ਼ਟੰਡ ਕੋਈ ਵਿਗੜਿਆ ਆਗੂ ਕਰ ਸਕਦਾ ਹੈ, ਉਸ ਦਾ ਰਾਹ ਰੋਕ ਸਕਣਾ ਲੋਕਤੰਤਰ ਦੇ ਵੱਸ ਦਾ ਨਹੀਂ ਰਿਹਾ। ਕੁਰਸੀ ਕਾਇਮ ਰੱਖਣ ਖਾਤਰ ਉਸ ਦੀ ਉਕਸਾਹਟ ਉੱਤੇ ਲੋਕਤੰਤਰ ਦੇ ਸਿਖਰਲੇ ਮੰਦਰ, ਪਾਰਲੀਮੈਂਟ, ਉੱਤੇ ਲੋਕਾਂ ਦੀ ਭੀੜ ਨੇ ਹਮਲਾ ਕਰ ਦਿੱਤਾ ਤੇ ਲੋਕਤੰਤਰ ਡੌਰ-ਭੌਰਾ ਹੋਇਆ ਵੇਖਦਾ ਰਹਿ ਗਿਆ। ਕੁਝ ਲੋਕਾਂ ਨੂੰ ਲੱਗੇਗਾ ਕਿ ਅਮਰੀਕਾ ਵਿੱਚ ਸਾਰੀ ਕਮਾਨ ਰਾਸ਼ਟਰਪਤੀ ਦੇ ਹੱਥ ਹੋਣ ਕਾਰਨ ਇਹ ਕੁਝ ਵਾਪਰਿਆ ਹੈ, ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਭੀੜਾਂ ਭੜਕਾਉਣ ਦਾ ਮਾਹਰ ਲੀਡਰ ਕਿਤੇ ਵੀ ਕੁਝ ਵੀ ਕਰਵਾਉਣ ਤੱਕ ਜਾ ਸਕਦਾ ਹੈ।



ਮੈਂ ਇਸ ਧਾਰਨਾ ਨਾਲ ਕਦੇ ਵੀ ਸਹਿਮਤ ਨਹੀਂ ਹੋਇਆ ਕਿ ਲੋਕਤੰਤਰ ਵਿੱਚ 'ਇੱਕਵੰਜਾ ਗਧੇ ਮਿਲ ਕੇ ਉਨੰਜਾ ਘੋੜਿਆਂ ਉੱਤੇ ਰਾਜ ਕਰਨ ਦਾ ਹੱਕ ਜਿੱਤ ਲੈਂਦੇ ਹਨ', ਪਰ ਪਿਛਲੇ ਸਮੇਂ ਦਾ ਤਜਰਬਾ ਇਹੋ ਹੈ ਕਿ ਲੋਕਤੰਤਰ ਦੇ ਅਜੋਕੇ ਪ੍ਰਬੰਧ ਹੇਠ ਮਾੜੀ ਨੀਤ ਵਾਲੇ ਬੰਦੇ ਆਪੋ ਵਿੱਚ ਅੱਖ ਮਿਲਾ ਲੈਣ ਤਾਂ ਬਾਕੀ ਸਭ ਦੀ ਭੁਆਂਟਣੀ ਭੰਵਾ ਸਕਦੇ ਹਨ। ਭਾਰਤ ਦੇ ਕਈ ਰਾਜਾਂ ਵਿੱਚ ਅਸੀਂ ਚੁਣੇ ਹੋਏ ਆਗੂਆਂ ਨੂੰ ਨੰਗੀ-ਚਿੱਟੀ ਖਰੀਦੋ-ਫਰੋਖਤ ਕਰਦੇ ਅਤੇ ਏਦਾਂ ਦੀ ਸੌਦੇਬਾਜ਼ੀ ਨਾਲ ਬਦਨਾਮ ਭ੍ਰਿਸ਼ਟਾਚਾਰੀ ਬੰਦਿਆਂ ਨੂੰ ਰਾਜਾਂ ਦੇ ਮੁੱਖ ਮੰਤਰੀ ਬਣਦੇ ਵੇਖ ਚੁੱਕੇ ਹਾਂ। ਕਰਨਾਟਕ ਵਿੱਚ ਮੁੱਖ ਮੰਤਰੀ ਬਣਨ ਦੇ ਬਾਅਦ ਲੋਕਪਾਲ ਵੱਲੋਂ ਭ੍ਰਿਸ਼ਟਾਚਾਰ ਦਾ ਦੋਸ਼ੀ ਠਹਿਰਾਇਆ ਗਿਆ ਯੇਦੀਯੁਰੱਪਾ ਫਿਰ ਉੱਪਰਲੀ ਅਦਾਲਤ ਤੋਂ ਬਰੀ ਹੋਣ ਮਗਰੋਂ ਓਸੇ ਰਾਜ ਦਾ ਮੁੱਖ ਮੰਤਰੀ ਬਣ ਗਿਆ ਹੈ ਅਤੇ ਬਣਨ ਲਈ ਵਿਧਾਇਕਾਂ ਨੂੰ ਜਿਸ ਤਰ੍ਹਾਂ ਖਰੀਦਿਆ, ਉਹ ਵੀ ਹਰ ਕਿਸੇ ਨੂੰ ਪਤਾ ਹੈ। ਮੱਧ ਪ੍ਰਦੇਸ਼ ਵਿੱਚ ਵਿਆਪਮ ਘੋਟਾਲੇ ਵਿੱਚ ਸਿਖਰਾਂ ਦੇ ਬਦਨਾਮੀ ਖੱਟਣ ਪਿੱਛੋਂ ਸ਼ਿਵਰਾਜ ਚੌਹਾਨ ਜਦੋਂ ਚੋਣਾਂ ਵਿੱਚ ਹਾਰ ਗਿਆ ਤਾਂ ਦਲ-ਬਦਲੀਆਂ ਕਰਵਾ ਕੇ ਫਿਰ ਮੁੱਖ ਮੰਤਰੀ ਬਣ ਗਿਆ ਹੈ। ਲਾਲੂ ਪ੍ਰਸਾਦ ਕਈ ਸਾਲ ਏਸੇ ਤਰ੍ਹਾਂ ਮੁੱਖ ਮੰਤਰੀ ਬਣਦਾ ਰਿਹਾ ਤੇ ਉਸ ਦੀ ਪਤਨੀ ਵੀ ਬਣੀ ਰਹੀ ਸੀ। ਇਹ ਖੇਡ ਹਰਿਆਣੇ ਵਿੱਚ ਚੌਧਰੀ ਭਜਨ ਲਾਲ ਤੋਂ ਸ਼ੁਰੂ ਹੋਈ ਸੀ ਤੇ ਫਿਰ ਤਾਮਿਲ ਨਾਡੂ ਵਿੱਚ ਜੈਲਲਿਤਾ ਤੇ ਕਰੁਣਾਨਿਧੀ ਦੋਵਾਂ ਵਿੱਚ ਭ੍ਰਿਸ਼ਟਾਚਾਰ ਕਰਨ ਦਾ ਮੁਕਾਬਲਾ ਚੱਲਦਾ ਰਿਹਾ ਸੀ। ਭਾਰਤ ਦੇ ਕਿਸੇ ਵੀ ਰਾਜ ਦਾ ਕਿਹੜਾ ਨੇਤਾ ਇਸ ਤੋਂ ਬਚਿਆ ਹੈ, ਕਹਿ ਸਕਣਾ ਔਖਾ ਹੈ। ਇਨ੍ਹਾਂ ਸਭਨਾਂ ਤੋਂ ਮਾੜੀ ਗੱਲ ਇਹ ਹੈ ਕਿ ਜੇ ਕੋਈ ਲੀਡਰ ਕਿਸੇ ਵੱਡੇ ਲੁਟੇਰੇ ਨਾਲ ਸੈਨਤ ਮਿਲਾ ਕੇ ਸਾਰੇ ਦੇਸ਼ ਦੇ ਲੋਕਾਂ ਨੂੰ ਉਸ ਲੁਟੇਰੇ ਦੀ ਦੌਲਤ ਕਮਾਉਣ ਦੀ ਹਵਸ ਦੀ ਬਲੀ ਚਾੜ੍ਹਨ ਤੁਰ ਪਵੇ ਤਾਂ ਲੋਕਤੰਤਰ ਉਸ ਆਗੂ ਨੂੰ ਇਸ ਕੰਮ ਤੋਂ ਵਰਜਣ ਜੋਗਾ ਨਹੀਂ ਲੱਭਦਾ। ਲੀਡਰ ਕੋਲ ਬਹੁ-ਗਿਣਤੀ ਹੋਣੀ ਚਾਹੀਦੀ ਹੈ, ਇਸ ਨਾਲ ਫਰਕ ਨਹੀਂ ਪੈਂਦਾ ਕਿ ਬਹੁ-ਗਿਣਤੀ ਲੋਕਾਂ ਨੂੰ ਬੇਵਕੂਫ ਬਣਾ ਕੇ ਜਿੱਤੀ ਹੈ ਜਾਂ ਪੈਸਾ ਖਰਚ ਕਰ ਕੇ ਬਣਾਈ ਹੈ, ਲੋਕਤੰਤਰ ਦਾ ਚੁਣਿਆ ਗਿਆ ਹਾਕਮ ਵੀ ਆਪਣੀ ਆਈ ਉੱਤੇ ਆ ਜਾਵੇ ਤਾਂ ਸਿਰੇ ਦੇ ਬੇਰਹਿਮ ਰਾਜਿਆਂ ਨੂੰ ਮਾਤ ਪਾ ਸਕਦਾ ਹੈ। ਅੱਜ ਦੇ ਵਕਤਾਂ ਵਿੱਚ ਭਾਰਤ ਵਿੱਚ ਕਿਸਾਨੀ ਲਹਿਰ ਦਾ ਜਿਹੜਾ ਸੰਘਰਸ਼ ਚੱਲ ਰਿਹਾ ਹੈ, ਉਹ ਬੇਰਹਿਮ ਹਾਕਮਾਂ ਦੀ ਏਸੇ ਨੀਤੀ ਦਾ ਨਮੂਨਾ ਹੈ, ਜਿਸ ਵਿੱਚ ਦੋ ਵੱਡੇ ਘਰਾਣਿਆਂ ਦੀ ਖਿਦਮਤ ਕਰਨ ਲਈ ਲੱਖਾਂ ਕਿਸਾਨਾਂ ਦੀ ਹੋਣੀ ਨਾਲ ਖਿਲਵਾੜ ਕੀਤਾ ਗਿਆ ਹੈ। ਭਾਰਤ ਦਾ ਕਿਸਾਨ ਇਸ ਵੇਲੇ ਜਿਹੜੀ ਲੜਾਈ ਲੜਦਾ ਪਿਆ ਹੈ, ਉਹ ਉਸ ਦੇ ਅੱਜ ਦੀ ਨਹੀਂ, ਉਸ ਦੀ ਅਗਲੀ ਪੀੜ੍ਹੀ ਦੀ ਹੋਂਦ ਨੂੰ ਬਚਾਉਣ ਦੀ ਹੈ ਅਤੇ ਇਸ ਵਿੱਚ ਮੱਥਾ ਉਸ ਹਾਕਮ ਨਾਲ ਲੱਗਾ ਹੈ, ਜਿਹੜਾ ਖੁਦ ਤਾਂ ਲੋਕਾਂ ਮੂਹਰੇ ਸਿਰਫ ਭਾਸ਼ਣ ਝਾੜਨ ਵੇਲੇ ਆਉਂਦਾ ਹੈ, ਅੱਗੋਂ ਪਿੱਛੋਂ ਆਪਣੇ ਏਲਚੀਆਂ ਅਤੇ ਪਿਆਦਿਆਂ ਦੇ ਰਾਹੀਂ ਸ਼ਤਰੰਜੀ ਖੇਡਾਂ ਖੇਡਦਾ ਹੈ। ਲੀਡਰ ਦੇ ਕੋਲ ਬਹੁ-ਗਿਣਤੀ ਪਾਰਲੀਮੈਂਟ ਵਿੱਚ ਵੀ ਹੈ ਤੇ ਦੇਸ਼ ਦੇ ਲੋਕਾਂ ਵਿਚਲੀ ਧਾਰਮਿਕ ਬਹੁ-ਗਿਣਤੀ ਨੂੰ ਪਿੱਛੇ ਲਾਉਣ ਵਾਲੇ ਦਾਅ ਜਾਣਦਾ ਹੈ, ਇਸ ਲਈ ਲੋਕਤੰਤਰ ਦੀ ਇਸ ਕਮਜ਼ੋਰੀ ਦਾ ਫਾਇਦਾ ਲੈਣ ਤੋਂ ਉਸ ਨੂੰ ਰੋਕਣਾ ਮੁਸ਼ਕਲ ਹੈ। ਉਹ ਸਿਰਫ ਝੂਠ ਵੀ ਬੋਲੀ ਜਾਵੇ, ਅਸਲੋਂ ਫੋਕੇ ਦਾਅਵੇ ਕਰਦਾ ਰਹੇ, ਤਦ ਵੀ ਇੱਕ ਖਾਸ ਭਾਈਚਾਰੇ ਦੀ ਧਾਰਮਿਕਤਾ ਦਾ ਸਹਾਰਾ ਲੈ ਕੇ ਰਾਜ ਕਰੀ ਜਾਵੇਗਾ ਅਤੇ ਲੋਕਤੰਤਰ ਨੂੰ ਦੋ-ਚਾਰ ਵੱਡੇ ਘਰਾਣਿਆਂ ਦੀ ਖਿਦਮਤ ਕਰਨ ਵਿੱਚ ਲਾਈ ਰੱਖੇਗਾ।

ਜਿਨ੍ਹਾਂ ਲੋਕਾਂ ਨੇ ਲੋਕਤੰਤਰ ਦੀ ਨੀਂਹ ਰੱਖੀ ਸੀ, ਜਿਨ੍ਹਾਂ ਨੇ ਇਸ ਦੇ ਸਰਬ ਉੱਚ ਪ੍ਰਬੰਧ ਹੋਣ ਦਾ ਝੰਡਾ ਚੁੱਕਿਆ ਤੇ ਆਮ ਲੋਕਾਂ ਨੂੰ ਇਸ ਲੀਹੇ ਪਾਇਆ ਸੀ, ਉਨ੍ਹਾਂ ਨੂੰ ਕਦੇ ਸੁਫਨਾ ਵੀ ਨਹੀਂ ਆਇਆ ਹੋਣਾ ਕਿ ਇਸ ਪ੍ਰਬੰਧ ਦੀ ਦੁਰਵਰਤੋਂ ਹੋਣ ਲੱਗੀ ਤਾਂ ਓਦੋਂ ਲੋਕਤੰਤਰ ਵਿੱਚ ਆਮ ਲੋਕਾਂ ਨਾਲ ਕੀ ਹੋਵੇਗਾ? ਅੱਜ ਇਹੋ ਹੋ ਰਿਹਾ ਹੈ। ਲੋਕਤੰਤਰ ਨੂੰ 'ਲੋਕਾਂ ਵੱਲੋਂ, ਲੋਕਾਂ ਲਈ, ਲੋਕਾਂ ਵਾਸਤੇ' ਚਲਾਇਆ ਜਾਂਦਾ ਰਾਜ ਕਿਹਾ ਜਾਂਦਾ ਹੈ, ਪਰ ਇਹ ਕਿਤਾਬਾਂ ਵਿਚਲੀ ਸੋਚਣੀ ਹੈ, ਜਿਸ ਦੀ ਝਲਕ ਆਮ ਜ਼ਿੰਦਗੀ ਵਿੱਚ ਨਹੀਂ ਮਿਲਦੀ। ਕਿਸੇ ਹੋਰ ਦੇਸ਼ ਵਿੱਚ ਮਿਲਦੀ ਹੋਵੇ ਤਾਂ ਪਤਾ ਨਹੀਂ, ਪਰ ਭਾਰਤ ਦੇ ਲੋਕਾਂ ਨੂੰ ਜਿੱਦਾਂ ਦਾ ਲੋਕਤੰਤਰ ਮਿਲਿਆ ਹੈ ਤੇ ਜਿਸ ਦਾ ਦਬਾਅ ਅਦਾਲਤੀ ਫੈਸਲਿਆਂ ਉੱਤੇ ਵੀ ਸਾਫ ਵੇਖਿਆ ਜਾ ਰਿਹਾ ਹੈ, ਉਸ ਦੇਸ਼ ਦੇ ਰਾਜ ਪ੍ਰਬੰਧ ਨੂੰ ਸਿਰਫ ਕਹਿਣ ਲਈ ਲੋਕਤੰਤਰੀ ਕਿਹਾ ਜਾ ਸਕਦਾ ਹੈ, ਅਮਲ ਵਿੱਚ ਇਸ ਨੂੰ ਲੋਕਤੰਤਰ ਆਖਣਾ ਕਿਸੇ ਹਕੀਕੀ ਲੋਕਤੰਤਰ ਦੀ ਹਸਤੀ ਚਿੜਾਉਣ ਵਾਂਗ ਜਾਪਣ ਲੱਗ ਪਿਆ ਹੈ। ਹਾਲਾਤ ਦਾ ਦੁਖਾਂਤ ਹੈ ਕਿ ਸਿਆਣੇ ਸਮਝੇ ਜਾਂਦੇ ਸਿਰ ਮੁੜ-ਮੁੜ ਲੋਕਤੰਤਰ ਅਤੇ 'ਨਿਆਂ ਪ੍ਰਣਾਲੀ ਉੱਤੇ ਪੂਰਾ ਭਰੋਸਾ' ਕਹਿਣ ਤੋਂ ਅੱਗੇ ਨਹੀਂ ਵਧਦੇ, ਉਨ੍ਹਾਂ ਵਿੱਚੋਂ ਕਦੇ ਕੋਈ ਇਹ ਸੋਚਦਾ ਹੀ ਨਹੀਂ ਕਿ ਇਹੋ ਜਿਹੇ ਸਿਸਟਮ ਦਾ ਕੋਈ ਹੋਰ ਬਦਲ ਵੀ ਹੋਣਾ ਚਾਹੀਦਾ ਹੈ।

## ਆਪਣੇ ਜੀਵਨ ਨੂੰ ਵਾਪਸ ਪਾਉਣ ਦੀ ਉਮੀਦ ਕਰ ਰਹੇ ਲੋਕ -ਕਰਣ ਥਾਪਰ

ਇੱਕ ਗੱਲ ਦਾ ਮੈਨੂੰ ਪੂਰਾ ਯਕੀਨ ਹੈ ਕਿ ਨਵੇਂ ਸਾਲ ਦੇ ਸਵੇਰੇ ਤੁਸੀਂ ਜਿੰਨੀਆਂ ਵੀ ਅਖਬਾਰਾਂ ਚੁੱਕੀਆਂ ਹੋਣਗੀਆਂ, ਉਨ੍ਹਾਂ ਸਾਰੀਆਂ ਨੇ ਪਿਛਲੇ ਸਾਲ ਨੂੰ ਦੇਖਣ ਦੇ ਵੱਖ-ਵੱਖ ਤਰੀਕਿਆਂ ਬਾਰੇ ਦੱਸਿਆ ਹੋਵੇਗਾ। ਇਹ ਇੱਕ ਰਵਾਇਤੀ ਚੀਜ਼ ਹੈ। ਵੱਖ-ਵੱਖ ਕਾਲਮ ਨਵੀਸ ਇਸ ਨੂੰ ਵੱਖ-ਵੱਖ ਤਰੀਕਿਆਂ ਨਾਲ ਦੇਖਦੇ ਹਨ। ਕੁਝ ਆਪਣੀਆਂ ਇੱਛਾਵਾਂ ਅਤੇ ਖਾਹਿਸ਼ਾਂ ਬਾਰੇ ਲਿਖਦੇ ਅਤੇ ਕੁਝ ਆਪਣੇ ਡਰ ਤੇ ਸ਼ੱਕਾਂ ਬਾਰੇ ਲਿਖਦੇ ਹਨ। ਆਮ ਵਿਚਾਰ ਹੈ ਕਿ ਇਹ ਕਿਹੋ ਜਿਹਾ ਸਾਲ ਹੋਵੇਗਾ, ਜਿਸ ਬਾਰੇ ਲਿਖਿਆ ਜਾਵੇ। ਇਸ ਹਫਤੇ ਵਿੱਚ ਸਿਰਫ ਇਸੇ ਤਰ੍ਹਾਂ ਦੀਆਂ ਕਿਆਸ-ਅਰਾਈਆਂ ਪ੍ਰਵਾਨ ਹਨ। ਖੈਰ, ਮੈਂ ਵੱਖਰਾ ਹੋਣ ਲਈ ਦ੍ਰਿੜ੍ਹ ਹਾਂ। ਮੈਂ ਇੱਕ ਵਿਰੋਧਾਭਾਸੀ ਗੱਲ 'ਤੇ ਹਮਲਾ ਕਰਨ ਜਾ ਰਿਹਾ ਹਾਂ। ਖਤਮ ਹੋ ਚੁੱਕੇ ਸਾਲ ਨੂੰ ਯਾਦ ਕਰਨ ਜਾ ਰਿਹਾ ਹਾਂ।

ਬਹੁਤ ਸਾਰੇ ਲੋਕ ਆਪਣੇ ਜੀਵਨ ਨੂੰ ਵਾਪਸ ਲਿਆਉਣ ਦੀ ਆਸ ਕਰ ਰਹੇ ਹਨ। ਅਸਲ ਵਿੱਚ ਅਨੇਕ ਲੋਕ ਇਸ ਦੇ ਲਈ ਦਰਦ ਮਹਿਸੂਸ ਕਰ ਰਹੇ ਹਨ। ਮੈਂ ਇੰਨਾ ਨਿਸ਼ਚਿਤ ਨਹੀਂ ਹਾਂ। ਅਸੀਂ ਇੰਨੇ ਲੰਮੇ ਸਮੇਂ ਤੱਕ ਚੱਲੇ ਇਸ ਸਾਲ ਨੂੰ ਵਿਦਾਅ ਕੀਤਾ ਹੈ। ਮੈਨੂੰ ਸ਼ੱਕ ਹੈ ਕਿ ਅਸੀਂ ਇੱਕ ਵਾਰ ਫਿਰ ਵਾਪਸ ਜਾਣਾ ਚਾਹੁੰਦੇ ਹਾਂ। ਅਜਿਹਾ ਨਹੀਂ ਹੈ ਕਿ ਮੈਂ ਪੁਰਾਣੀ ਜ਼ਿੰਦਗੀ ਨੂੰ ਯਾਦ ਨਹੀਂ ਕਰਦਾ। ਇਹ ਗੱਲ ਵੱਖਰੀ ਹੈ ਕਿ ਮੈਂ ਵੱਖਰਾ ਜਿਹਾ ਵਿਅਕਤੀ ਬਣ ਗਿਆ ਹਾਂ। ਮੇਰੇ ਅਤੇ ਮੇਰੇ ਦੋਸਤਾਂ 'ਚ ਕਾਫੀ ਵੱਡਾ ਫਰਕ ਹੈ। ਮੈਨੂੰ ਜਾਪਦਾ ਹੈ ਕਿ ਅਸੀਂ ਦੋ ਵੱਖ-ਵੱਖ ਲੋਕ ਹਾਂ। ਇਹੀ ਮੇਰਾ ਸ਼ੁਰੂਆਤੀ ਬਿੰਦੂ ਹੈ।

ਪੁਰਾਣੇ ਦਿਨਾਂ ਵਿੱਚ ਮੈਂ ਖਿੜਿਆ ਵਿਅਕਤੀ ਸੀ। ਮੇਰਾ ਕੁਦਰਤੀ ਝੁਕਾਅ ਮਰਦਾਂ ਨਾਲ ਮੁਲਾਕਾਤ ਕਰਨ ਤੇ ਉਨ੍ਹਾਂ ਨੂੰ ਗਲੇ ਲਾਉਣ ਦਾ ਸੀ ਅਤੇ ਸਭ ਤੋਂ ਸੁੰਦਰ ਔਰਤਾਂ ਦੀ ਗੱਲ੍ਹ ਚੁੰਮਣ ਦਾ ਸੀ। ਹੱਥ ਮਿਲਾਉਣਾ ਮੇਰੇ ਵਿੱਚ ਸੁਭਾਵਿਕ ਸੀ ਅਤੇ ਨਮਸਤੇ ਕਰਨਾ ਘੱਟ, ਪਰ ਕੋਰੋਨਾ ਵਾਇਰਸ ਨੇ ਮੈਨੂੰ ਬਹੁਤ ਕੁਝ ਸਿਖਾਇਆ ਹੈ। ਅੱਜ ਮੈਨੂੰ ਯਕੀਨ ਨਹੀਂ ਕਿ ਮੈਂ ਉਸ ਹਰ ਵਿਅਕਤੀ ਨੂੰ ਹੱਥ ਮਿਲਾਉਣਾ ਚਾਹੁੰਦਾ ਹਾਂ, ਜੋ ਗੱਲ੍ਹਾਂ ਉੱਤੇ ਹੱਥ ਲਾਉਂਦਾ ਹੈ। ਨਮਸਤੇ ਕਰਨਾ ਮੇਰਾ ਪਸੰਦੀਦਾ ਗਰੀਟਿੰਗ ਹੈ ਅਤੇ ਮੈਂ ਕੁਝ ਚੁੰਬਨ ਨਹੀਂ ਲੈ ਸਕਦਾ।

ਇੱਕ ਵੱਡੀ ਚਿੰਤਾ ਸਾਡੀ ਪਹਿਲਾਂ ਦੀ ਹੋਂਦ ਦੀ ਵਿਆਪਕਤਾ ਹੈ। ਇਥੇ ਬਹੁਤ ਸਾਰੀਆਂ ਪਾਰਟੀਆਂ ਸਨ, ਜੋ ਸਮੇਂ ਦੀ ਬਰਬਾਦੀ ਸੀ। ਕਿਤਾਬਾਂ ਜੋ ਮੈਂ ਪੜ੍ਹੀਆਂ ਜਾਂ ਫਿਲਮਾਂ ਜਾਂ ਸੀਰੀਅਲ ਜੋ ਮੈਂ ਦੇਖੇ, ਅੱਜ ਮੈਨੂੰ ਹੋਰ ਜ਼ਿਆਦਾ ਮਨੋਰੰਜਕ ਲੱਗਦੇ ਹਨ। ਉਹ ਨਿਸ਼ਚਿਤ ਤੌਰ 'ਤੇ ਜ਼ਿਆਦਾ ਗਿਆਨ ਵਧਾਊ ਸਨ। ਮੈਨੂੰ ਲੱਗਦਾ ਹੈ ਕਿ ਇਹ ਊਲ-ਜਲੂਲ ਹੈ।

ਸੱਚ ਤਾਂ ਇਹ ਹੈ ਕਿ ਮੈਂ ਖੁਦ ਦਾ ਆਦੀ ਹੋ ਗਿਆ ਹਾਂ। ਪੁਰਾਣੇ ਨੇ ਮੈਨੂੰ ਪਸੰਦ ਨਹੀਂ ਕੀਤਾ। ਨਵੇਂ ਵਿੱਚ ਵੀ ਘੱਟ ਰੁਚੀ ਹੈ। ਅੱਜ ਮੈਨੂੰ ਆਪਣੀ ਕੰਪਨੀ ਲੈਣਾ ਮੁਸ਼ਕਲ ਹੈ। ਖੁਦ 'ਤੇ ਹੋਣ ਵਾਲੀ ਚੁੱਪ ਅਤੇ ਇਕੱਲਾਪਣ ਅੱਜ ਡਰਾਉਣ ਵਾਲਾ ਨਹੀਂ ਹੈ। ਅਸਲ ਵਿੱਚ ਮੈਂ ਜਾਣਦਾ ਹਾਂ ਕਿ ਮੈਂ ਥੋੜ੍ਹਾ ਭੈੜਾ ਜਿਹਾ ਲੱਗਦਾ ਹਾਂ।

ਕੁਝ ਲਾਕਡਾਊਨ ਦੀਆਂ ਆਦਤਾਂ ਮੇਰੇ 'ਚ ਅਜੇ ਵੀ ਹਨ, ਜਿਨ੍ਹਾਂ ਨੂੰ ਸਾਂਭ ਕੇ ਰੱਖਣਾ ਚਾਹੁੰਦਾ ਹਾਂ। ਜ਼ੂਮ ਬਾਰਬਰ ਸ਼ਾਪ ਤੋਂ ਬਚਣ ਲਈ ਮੈਂ ਖੁਸ਼ ਹਾਂ। ਮੈਂ ਜ਼ੂਮ ਕਾਕਟਰ ਲਾਂਜ 'ਚ ਰਹਿਣਾ ਪਸੰਦ ਕਰਾਂਗਾ। ਕਿਸੇ ਵੱਲੋਂ ਦਿੱਤੀ ਗਈ ਡਰਿੰਕ ਪਾਰਟੀ ਵਿੱਚ ਫਸਣ ਦੀ ਤੁਲਨਾ ਵਿੱਚ ਚੰਗਾ ਹੈ ਕਿ ਤੁਹਾਨੂੰ ਨਾਪਸੰਦ ਕਰ ਦੇਣ। ਸਾਨੂੰ ਹੋਮ ਡਿਲਵਰੀ ਨੂੰ ਭੁੱਲਣਾ ਨਹੀਂ ਚਾਹੀਦਾ। ਕੋਈ ਇੱਕ ਵਾਰ ਸ਼ਾਪਿੰਗ ਲਈ ਬਾਹਰ ਕਿਉਂ ਜਾਵੇਗਾ, ਜਦ ਕਿ ਇੱਕ ਫੋਨ ਕਾਲ ਅਤੇ ਕ੍ਰੈਡਿਟ ਕਾਰਡ ਦੇ ਨਾਲ ਤੁਸੀਂ ਆਪਣੀ ਦਹਿਲੀਜ਼ 'ਤੇ ਸਭ ਕੁਝ ਹਾਸਲ ਕਰ ਲਵੋਗੇ, ਜਿਸ ਨੂੰ ਤੁਸੀਂ ਚਾਹੁੰਦੇ ਹੋ। ਇਮਾਨਦਾਰ ਸੱਚਾਈ ਇਹ ਹੈ ਜਾਂ ਤੁਸੀਂ ਅੰਦਾਜ਼ਾ ਲਾਇਆ ਹੈ ਕਿ ਮੈਂ ਘਬਰਾਹਟ ਦੇ ਨਾਲ 2021 'ਚ ਪ੍ਰਵੇਸ਼ ਕਰ ਚੁੱਕਾ ਹਾਂ। ਮਹੀਨਿਆਂ ਬਾਅਦ ਪੁਰਾਣੀ ਦੁਨੀਆ 'ਚ ਪਰਤਣ ਨਾਲ ਇਹ ਜਾਪਦਾ ਹੈ ਕਿ ਸਾਰਾ ਕੁਝ ਸੰਭਵ ਹੈ। ਮੈਂ ਸ਼ੱਕ ਅਤੇ ਪੁੱਛਗਿੱਛ ਨਾਲ ਭਰਿਆ ਹੋਇਆ ਹੈ। ਤੁਹਾਨੂੰ ਸਾਰਿਆਂ ਨੂੰ ਮੇਰੇ ਵੱਲੋਂ ਨਵਾਂ ਸਾਲ ਮੁਬਾਰਕ ਹੋਵੇ।

## ਤਾਨਾਸ਼ਾਹੀ ਸੱਤਾ ਦੇ ਵਿਰੁੱਧ ਲੋਕ-ਕ੍ਰਾਂਤੀਆਂ ਹੋਣੀਆਂ ਸੰਭਵ

-ਦੀਪਿਕਾ ਅਰੋੜਾ

ਕੁਝ ਸਾਲਾਂ ਤੋਂ ਲੋਕਤੰਤਰੀ ਵਿਸਵਥਾਵਾਂ ਵਿੱਚ ਵੱਡੀ ਤਬਦੀਲੀ ਦੇਖਣ ਵਿੱਚ ਆਈ ਹੈ। 1990 ਦੇ ਦਹਾਕੇ ਵਿੱਚ ਸੋਵੀਅਤ ਯੂਨੀਅਨ ਦੇ ਖਾਤਮੇ ਉਪਰੰਤ ਵਿਸ਼ਵ ਦੇ ਕਈ ਦੇਸ਼ਾਂ ਦਾ ਰੁਝਾਨ ਲੋਕਤੰਤਰ ਵੱਲ ਵਧਿਆ ਹੈ, ਪਰ ਪਿਛਲੇ ਸਮੇਂ ਦੇ ਸਰਵੇਖਣ ਦੱਸਦੇ ਹਨ ਕਿ ਵਿਸ਼ਵ ਦੀਆਂ ਵੱਕਾਰੀ ਲੋਕਤੰਤਰੀ ਵਿਵਸਥਾਵਾਂ ਵਿੱਚ ਤਾਨਾਸ਼ਾਹਾਂ ਦੀ ਚਾਲ ਸਾਫ ਸੁਣਾਈ ਦੇਣ ਲੱਗੀ ਹੈ। ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਭਾਰਤ ਵੀ ਇਸ ਮਾਮਲੇ ਵਿੱਚ ਵੱਖਰਾ ਨਹੀਂ। ਸਵੀਡਨ ਦੀ ਪ੍ਰਮੁੱਖ ਸੰਸਥਾ ਵੀ-ਡੇਮ ਇੰਸਟੀਚਿਊਟ ਨੇ ਅਕਤੂਬਰ ਦੇ ਅੰਤ ਵਿੱਚ ਦੁਨੀਆ ਭਰ ਦੇ ਲੋਕਤੰਤਰਾਂ ਬਾਰੇ ਜਾਰੀ ਕੀਤੀ ਲੋਕਤੰਤਰ ਸੂਚਕ ਅੰਕ ਰਿਪੋਰਟ ਵਿੱਚ ਭਾਰਤ ਨੂੰ ਆਬਾਦੀ ਮਾਮਲੇ ਵਿੱਚ ਤਾਨਾਸ਼ਾਹ-ਵਿਵਸਥਾ ਵੱਲ ਵਧਣ ਵਾਲਾ ਸਭ ਤੋਂ ਵੱਡਾ ਦੇਸ਼ ਕਿਹਾ ਹੈ। ਰਿਪੋਰਟ ਦੇ ਉਦਾਰ ਲੋਕਤੰਤਰ ਸੂਚਕ ਅੰਕ ਵਿੱਚ 179 ਦੇਸ਼ਾਂ ਵਿੱਚ ਭਾਰਤ ਨੂੰ 90ਵਾਂ ਸਥਾਨ ਮਿਲਿਆ, ਜਦ ਕਿ ਗੁਆਂਢੀ ਦੇਸ਼ ਸ੍ਰੀਲੰਕਾ ਅਤੇ ਨੇਪਾਲ 70ਵੇਂ ਅਤੇ 72ਵੇਂ ਸਥਾਨ ਉੱਤੇ ਰਹੇ ਹਨ। ਸਾਲ 2019 ਦੀ ਸਾਲਾਨਾ ਸਥਿਤੀ ਉੱਤੇ ਜਨਵਰੀ ਮਹੀਨੇ ਵਿੱਚ ਬਣੀ ਇਕਾਨੋਮਿਸਟ ਇੰਟੈਲੀਜੈਂਸ ਦੀ ਰਿਪੋਰਟ ਅਨੁਸਾਰ ਵੀ ਲੋਕਤੰਤਰ ਸੂਚਕ ਅੰਕ ਵਿੱਚ ਭਾਰਤ 10ਵਾਂ ਸਥਾਨ ਗੁਆ ਕੇ 51ਵੇਂ ਸਥਾਨ ਉੱਤੇ ਜਾ ਪੁੱਜਾ।

ਭਾਰਤ ਦੇ ਲੋਕਤੰਤਰ ਦੀ ਸਥਿਤੀ ਬਾਰੇ ਅਦਾਲਤਾਂ ਵੀ ਸਰਕਾਰ ਨੂੰ ਚਿਤਾਵਨੀ ਦਿੰਦੀਆਂ ਰਹੀਆਂ ਹਨ। 2018 ਵਿੱਚ ਭੀਮਾ-ਗੋਰੇਗਾਂਵ ਹਿੰਸਾ ਕੇਸ ਦੀ ਸੁਣਵਾਈ ਦੌਰਾਨ ਜਸਟਿਸ ਡੀ ਵਾਈ ਚੰਦਰਚੂੜ ਨੇ ਸਰਕਾਰ ਵਿਰੋਧੀ ਆਵਾਜ਼ਾਂ ਦੇ ਘਾਣ ਉੱਤੇ ਕਿਹਾ ਸੀ: 'ਅਸਹਿਮਤੀ ਲੋਕਤੰਤਰ ਲਈ ਸੇਫਟੀ ਵਾਲਵ ਹੈ।' ਲੱਗਦਾ ਹੈ ਕਿ ਇਹ ਸੇਫਟੀ ਵਾਲਵ ਵੱਖ-ਵੱਖ ਤਬਦੀਲੀਆਂ ਨਾਲ ਹਟਾਇਆ ਜਾ ਰਿਹਾ ਹੈ। ਲੋਕਤੰਤਰ ਨਾਲ ਸੰਬੰਧਤ ਸੰਸਥਾਵਾਂ ਦੀ ਨਿਰਪੱਖਤਾ ਅਤੇ ਆਜ਼ਾਦੀ ਦਾ ਲਗਾਤਾਰ ਹੋ ਰਿਹਾ ਘਾਣ ਸਵਾਲ ਪੈਦਾ ਕਰਨ ਲੱਗਾ ਹੈ ਕਿ ਕੀ ਭਾਰਤ ਦੀ ਉਦਾਰ ਲੋਕਤੰਤਰਿਕ ਵਿਵਸਥਾ ਤਾਨਾਸ਼ਾਹ ਸ਼ਾਸਨ ਵਿਵਸਥਾ ਵੱਲ ਧੱਕੀ ਜਾ ਰਹੀ ਹੈ? ਪੱਤਰਕਾਰਾਂ ਦੇ ਵਿਰੁੱਧ ਦੇਸ਼ਧਰੋਹ, ਮਾਣਹਾਨੀ ਤੇ ਹੱਤਿਆ ਦੇ ਮਾਮਲੇ ਵਧਣੇ ਚਿੰਤਾ ਜਨਕ ਹਨ। ਗੁੜ੍ਹਾ ਚੋਣ ਮੁਕਾਬਲਾ ਭਾਰਤੀ ਸਿਆਸਤ ਵਿੱਚ ਇੱਕ ਤਾਜ਼ਾ ਵਰਤਾਰਾ ਹੈ। ਆਜ਼ਾਦੀ ਦੇ ਪਹਿਲੇ ਦੋ ਦਹਾਕਿਆਂ ਵਿੱਚ ਚੋਣਾਂ ਹੁੰਦੀਆਂ ਸਨ, ਪਰ ਡੂੰਘੀ ਚੋਣ ਪ੍ਰਕਿਰਿਆ ਨਹੀਂ ਸੀ। 1989 ਤੋਂ 2019 ਤੱਕ ਦੇ ਸਮੇਂ ਵਿੱਚ ਚੋਣ ਮੁਕਾਬਲੇ ਨੇ ਰਾਜਨੀਤੀ ਦਾ ਵਿਆਕਰਣ ਅਤੇ ਉਸ ਦੀ ਮੂਲ ਵਿਵਸਥਾ ਬਦਲ ਦਿੱਤੀ। 2019 ਨੂੰ ਇਸ ਪੜਾਅ ਦੇ ਨਤੀਜੇ ਵਜੋਂ ਦੇਖਿਆ ਜਾ ਸਕਦਾ ਹੈ। ਤਾਨਾਸ਼ਾਹ ਖਾਹਿਸ਼ਾਂ ਦੇ ਕਾਰਨ ਵਿਸ਼ਵ ਦੇ ਕਈ ਨੇਤਾ ਅਤੇ ਸਰਕਾਰਾਂ ਖੁਦ ਤੋਂ ਉਲਟ ਜਾਂ ਵੱਖਰੀ ਸੋਚ ਰੱਖਣ ਵਾਲੇ ਵਿਅਕਤੀਆਂ ਜਾਂ ਪਾਰਟੀਆਂ ਨੂੰ ਵਿਰੋਧੀ ਮੰਨਦੀਆਂ ਹੋਈਆਂ ਉਨ੍ਹਾਂ ਉੱਤੇ ਨਿਸ਼ਾਨਾ ਲਾਉਣ ਲੱਗ ਜਾਂਦੀਆਂ ਹਨ। ਜਨਤਾ ਦੇ ਦਰਮਿਆਨ ਉਨ੍ਹਾਂ ਵਿਰੋਧੀਆਂ ਦਾ ਨਾਂਹ ਪੱਖੀ ਅਕਸ ਬਣਾ ਦਿੱਤਾ ਜਾਂਦਾ ਹੈ। ਸਰਕਾਰ ਸਮਰਥਕ ਇਹ ਮੰਨਣ ਤੋਂ ਸਾਫ ਇਨਕਾਰ ਕਰਦੇ ਹਨ ਕਿ ਮੌਜੂਦਾ ਸਰਕਾਰ ਦੇ ਕਾਰਜਕਾਲ ਵਿੱਚ ਲੋਕਤੰਤਰ ਕਮਜ਼ੋਰ ਹੋਇਆ, ਪਰ ਹਕੀਕਤ ਇਹ ਹੈ ਕਿ ਮੌਜੂਦਾ ਭਾਰਤ ਵਿੱਚ ਰਾਜ ਤੇ ਸਿਆਸੀ ਸੱਤਾ ਉੱਤੇ ਤਾਨਾਸ਼ਾਹ ਸੋਚ ਪ੍ਰਭਾਵੀ ਹੋ ਰਹੀ ਹੈ।

ਸਾਲ 2020 ਦੇ ਮਾਨਸੂਨ ਸੈਸ਼ਨ ਵਿੱਚ ਕੋਰੋਨਾ ਸੰਕਟ ਵੇਲੇ ਤਿੰਨ ਨਵੇਂ ਖੇਤੀਬਾੜੀ ਕਾਨੂੰਨ ਪਾਸ ਕਰਨ, ਵਿਰੋਧੀ ਧਿਰ ਦੇ ਵਿਚਾਰਾਂ ਦੀ ਅਣਦੇਖੀ ਕਰ ਕੇ ਪਾਰਲੀਮੈਂਟ ਦਾ ਅਹਿਮ ਹਿੱਸਾ ਪ੍ਰਸ਼ਨ ਕਾਲ ਰੱਦ ਕਰਨਾ ਅਤੇ ਕੋਰਨਾ ਦੀ ਆੜ ਵਿੱਚ ਸਰਦ ਰੁੱਤ ਸੈਸ਼ਨ ਦੀ ਅਣਦੇਖੀ ਕਰਨੀ, ਸੰਵਿਧਾਨਕ ਪੱਖ ਤੋਂ ਕਿੰਨਾ ਸਹੀ ਹੈ? ਪਾਰਲੀਮੈਂਟ ਵਿੱਚ ਲੋਕਾਂ ਨਾਲ ਜੁੜੇ ਮੁੱਦਿਆਂ ਉੱਤੇ ਸਵਾਲ ਪੁੱਛਣ ਦੀ ਆਜ਼ਾਦੀ ਦਾ ਘਾਣ ਕੀ ਸੱਤਾ ਵਿੱਚ ਪੈਦਾ ਹੋ ਰਹੀ ਤਾਨਾਸ਼ਾਹ ਸੋਚ ਦਾ ਸਬੂਤ ਨਹੀਂ ਹੈ?

ਸੰਵਿਧਾਨਕ, ਸੰਸਥਾਗਤ ਅਤੇ ਲੋਕਤੰਤਰੀ ਨਿਯਮ ਦਰੜੇ ਜਾ ਰਹੇ ਹਨ। ਵਿਵਸਥਾ ਤੇ ਸਮਾਜ ਦੋਵਾਂ ਖੇਤਰਾਂ ਵਿੱਚ ਕੀਤੀ ਜਾ ਰਹੀ ਧੱਕੇਸ਼ਾਹੀ ਦੇਖੀ ਜਾ ਸਕਦੀ ਹੈ। ਇੱਕ ਪਾਸੇ ਸੱਤਾਧਿਰ ਦੇ ਪ੍ਰਸਿੱਧ ਪੱਤਰਕਾਰ ਦੀ ਜ਼ਮਾਨਤ ਉੱਤੇ ਤੁਰੰਤ ਸੁਣਵਾਈ ਹੁੰਦੀ ਹੈ, ਦੂਸਰੇ ਪਾਸੇ ਅਦਾਲਤਾਂ ਵਿੱਚ 60 ਹਜ਼ਾਰ ਕੇਸ ਜ਼ਮਾਨਤ ਦੇ ਲਈ ਪੈਂਡਿੰਗ ਹਨ। ਜੰਮੂ-ਕਸ਼ਮੀਰ ਦੇ 550 ਲੋਕਾਂ ਦੀਆਂ ਹੈਬੀਅਸ ਕਾਰਪਸ ਰਿਟਾਂ ਸੁਣਵਾਈ ਦੀ ਉਡੀਕ ਵਿੱਚ ਹਨ। ਚੋਣਾਂ ਦੇ ਬਾਂਡ ਦੀ ਜਾਇਜ਼ਤਾ, ਜੰਮੂ-ਕਸ਼ਮੀਰ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ, ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੇ ਵਿਰੁੱਧ 140 ਰਿੱਟਾਂ ਸਮੇਤ ਹੋਰ ਕਈ ਮਾਮਲੇ ਅਜੇ ਵੀ ਵਿਚਾਰ ਅਧੀਨ ਹਨ।

ਵਿਰੋਧੀ ਪਾਰਟੀਆਂ ਨੂੰ ਸੌਖਿਆਂ ਹੀ ਤੰਗ ਪ੍ਰੇਸ਼ਾਨ ਕੀਤਾ ਜਾ ਸਕਦਾ ਹੈ, ਜਦੋਂ ਉਨ੍ਹਾਂ ਦਾ ਲੋਕ ਆਧਾਰ ਸੁੰਗੜ ਰਿਹਾ ਹੋਵੇ। ਜਿਵੇਂ ਅੱਜਕੱਲ੍ਹ ਕਾਂਗਰਸ ਪਾਰਟੀ ਦੇ ਸੰਬੰਧ ਵਿੱਚ ਦੇਖਣ ਵਿੱਚ ਆ ਰਿਹਾ ਹੈ। ਘੱਟ ਪ੍ਰਸਿੱਧ ਨੇਤਾ ਆਸਾਨੀ ਨਾਲ ਜੇਲ੍ਹਾਂ ਵਿੱਚ ਸੁੱਟੇ ਜਾ ਸਕਦੇ ਹਨ। ਅੱਤਵਾਦੀ, ਹਿੰਸਕ, ਵੱਖਵਾਦੀ ਜਾਂ ਦੇਸ਼ਧ੍ਰੋਹੀ ਕਰਾਰ ਦੇਣ ਕਾਰਨ ਸਿਆਸੀ, ਸਮਾਜਕ ਤੇ ਵਿਚਾਰ ਦੇ ਵਖਰੇਵੇਂ ਵਿੱਚ ਸੁੱਟ ਦਿੱਤੇ ਗਏ ਅੰਦੋਲਨ ਬੜੇ ਜ਼ਾਲਮਾਨਾ ਢੰਗ ਨਾਲ ਦਰੜੇ ਜਾ ਸਕਦੇ ਹਨ। ਤਾਨਾਸ਼ਾਹੀ ਦੇ ਲੋਕ ਸਮਰਥਨ ਦਾ ਇਹ ਦੂਸਰਾ ਪੱਖ ਹੈ ਜਿਸ ਨੂੰ ਲੋਕ ਸਮਰਥਨ ਨਹੀਂ, ਉਸ ਦੇ ਪ੍ਰਤੀ ਆਸਾਨੀ ਨਾਲ ਤਾਨਾਸ਼ਾਹ ਹੋਇਆ ਜਾ ਸਕਦਾ ਹੈ। ਵਿਰੋਧੀ ਧਿਰ ਵਿੱਚ ਸਮਰਥ ਲੀਡਰਸ਼ਿਪ ਦੀ ਘਾਟ ਸਰਕਾਰ ਦੀ ਮਨਮਰਜ਼ੀ ਦਾ ਸਭ ਤੋਂ ਵੱਡਾ ਕਾਰਨ ਹੈ।

ਲੋਕਤੰਤਰ ਸਿਆਸੀ ਸੱਤਾ ਦਾ ਗਠਨ ਕਰਦਾ ਹੈ, ਪਰ ਉਸ ਨੂੰ ਤਾਨਾਸ਼ਾਹ ਹੋਣ ਦਾ ਅਧਿਕਾਰ ਕਦੀ ਨਹੀਂ ਦਿੰਦਾ। ਜੇ ਕਿਸੇ ਲੋਕਤੰਤਰੀ ਵਿਵਸਥਾ ਅਧੀਨ ਤਾਨਾਸ਼ਾਹ ਸੱਤਾ ਦਾ ਉਦੈ ਹੁੰਦਾ ਹੈ ਤਾਂ ਉਸ ਨੂੰ ਲੋਕਤੰਤਰ ਸ਼ਕਤੀਹੀਣ, ਵਿਕਾਰ ਜਾਂ ਕਿਸੇ ਬਾਹਰੀ ਦਖਲ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ। ਲੋਕਤੰਤਰ ਦਾ ਅਰਥ ਹੈ ਕਿ ਸੱਤਾ ਦੇ ਸਰੋਤ ਲੋਕਾਂ ਵਿੱਚ ਹਨ, ਇਸ ਲਈ ਲੋਕਤੰਤਰੀ ਸੱਤਾ ਤਾਨਾਸ਼ਾਹ ਨਹੀਂ ਹੋ ਸਕਦੀ। ਲੋਕਤੰਤਰ ਦਾ ਮੂਲ ਲੋਕ ਹਿੱਤ ਵਿੱਚ ਹੈ ਜਿਸ ਵਿੱਚ ਤਾਨਾਸ਼ਾਹੀ ਕਿਸੇ ਵੀ ਪੱਧਰ ਉੱਤੇ ਪ੍ਰਵਾਨ ਨਹੀਂ, ਤਾਨਾਸ਼ਾਹੀ ਸੱਤਾ ਦੇ ਵਿਰੁੱਧ ਲੋਕ ਵਿਦਰੋਹ ਤੇ ਲੋਕ-ਕ੍ਰਾਂਤੀਆਂ ਹੋਣੀਆਂ ਸੰਭਵ ਹਨ। ਸੋਚਣਾ ਇਹ ਹੈ ਕਿ ਇਸ ਲੋਕਤੰਤਰੀ ਤਾਨਾਸ਼ਾਹੀ ਦਾ ਵਿਰੋਧ ਕਿਵੇਂ ਕੀਤਾ ਜਾਵੇ।

## ਏਸ਼ੀਆ ਵਿਚ ਅਮਨ ਦਾ ਪੈਗਾਮ ਦਿੰਦਾ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ

-ਹਰਕੀਰਤ ਕੌਰ

ਸ੍ਰੀ ਗੁਰੂ ਨਾਨਕ ਸਾਹਿਬ ਦੇ ਜੀਵਨ ਦੇ ਅੰਤਿਮ ਪੜਾਅ ਵਜੋ ਬਣੀ ਯਾਦਗਾਰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਕਿਸਤਾਨ ਸਰਕਾਰ ਵੱਲੋ ਬਣਾਇਆ ਗਿਆ ਕੋਰੀਡੋਰ ਏਸ਼ੀਆ ਵਿਚ ਅਮਨ ਤੇ ਸ਼ਾਤੀ ਦੇ ਪ੍ਰਤੀਕ ਵਜੋ ਉਭਰ ਕੇ ਸਾਹਮਣੇ ਆ ਰਿਹਾ ਹੈ। ਇਹ ਅਜਿਹਾ ਅਸਥਾਨ ਹੈ ਜਿਥੇ ਸਿੱਖ ਆਪਣੇ ਰੂਹਾਨੀ ਆਗੂ ਅਤੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣੇ ਗੁਰੂ ਘਰ ਮੱਥਾ ਟੇਕਦੇ ਹਨ ਅਤੇ ਸਿੱਖ ਰਿਵਾਇਤਾ ਮੁਤਾਬਿਕ ਪਾਠ ਪੂਜਾ ਕਰਦੇ ਹਨ ਤੇ ਮੁਸਲਮਾਨ ਹਜ਼ਰਤ ਬਾਬਾ ਗੁਰੂ ਨਾਨਕ ਦੀ ਮਜਾਰ ਉੱਤੇ ਸਜਦਾ ਕਰਦੇ ਹਨ। ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦੀ ਸਿੱਖ ਧਰਮ ਵਿਚ ਇਕ ਵੱਖਰੀ ਅਹਿਮੀਅਤ ਹੈ। ਇਹ ਉਹ ਅਸਥਾਨ ਹੈ ਜਿਥੇ ਗੁਰੂ ਬਾਬੇ ਨੇ ਮਨੁੱਖਤਾ ਨੂੰ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਸੰਦੇਸ਼ ਦਿੱਤਾ। ਬਾਬੇ ਦੇ ਉਸ ਸੰਦੇਸ਼ ਨੂੰ ਅੱਜ ਵੀ ਉਨ੍ਹਾਂ ਦੇ ਪੈਰੋਕਾਰਾਂ ਨੇ ਆਪਣੇ ਜੀਵਨ 'ਤੇ ਲਾਗੂ ਕਰਕੇ ਰਖਿਆ ਹੋਇਆ ਹੈ। ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਵਿਖੇ ਰੋਜ਼ ਵੱਡੀ ਗਿਣਤੀ ਵਿਚ ਭਾਰਤੀ ਯਾਤਰੀ ਕੋਰੀਡੋਰ ਰਾਹੀਂ ਜਾਂਦੇ ਹਨ ਤੇ ਉਧਰ ਪਾਕਿ-ਸਤਾਨ ਵੱਲੋ ਵੀ ਸੈਕੜਿਆਂ ਦੀ ਗਿਣਤੀ ਵਿਚ ਬਾਬੇ ਨਾਨਕ ਦੇ ਪੈਰੋਕਾਰ ਆ ਕੇ ਸਿੱਖ ਮੁਸਲਿਮ ਦੋਸਤੀ ਦੀ ਬੁਨਿਆਦ ਨੂੰ ਮਜਬੂਤ ਕਰਦੇ ਹਨ।

ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰ-ਪੁਰ ਸਾਹਿਬ ਕੋਰੀਡੋਰ ਦਾ ਸੁਫਨਾ ਤਾਂ ਉਸੇ ਦਿਨ ਪਾਕਿਸਤਾਨੀ ਫੌਜ ਦੇ ਮੁਖੀ ਜਰਨਲ ਬਾਜਵਾ ਅਤੇ ਪੰਜਾਬੀਆਂ ਦੇ ਚਹੇਤੇ ਆਗੂ ਨਵਜੋਤ ਸਿੰਘ ਸਿੱਧੂ ਨੇ ਦੇਖਿਆ ਸੀ ਜਿਸ ਦਿਨ ਇਮਰਾਨ ਖਾਨ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਸੌਂਹ ਚੁੱਕੀ ਸੀ। ਬੇਸ਼ਕ ਰਾਜਨੀਤੀ ਤੇ ਘਾਗ ਖਿਡਾਰੀਆਂ ਨੇ ਇਸ ਜੱਫੀ ਨੂੰ ਕਈ ਨਾਮ ਦਿੱਤੇ, ਪਰ ਇਹ ਜੱਫੀ ਬਾਬੇ ਨਾਨਕ ਦੇ ਪੈਰੋਕਾਰਾਂ ਨੂੰ ਇਕ ਕਰ ਗਈ। 9 ਨਵੰਬਰ 2019 ਦਾ ਦਿਨ ਦੁਨੀਆਂ ਦੇ ਇਤਿਹਾਸ ਵਿਚ ਖਾਸਕਰ ਏਸ਼ੀਆ ਦੇ ਇਤਿਹਾਸ ਵਿਚ ਬੇਹਦ ਖਾਸ ਦਿਨ ਰਿਹਾ। ਇਸ ਦਿਨ ਦੁਨੀਆਂ ਨੇ ਉਸ ਸੁਫਨੇ ਨੂੰ ਹਕੀਕਤ ਵਿਚ ਬਦਲਦਾ ਦੇਖਿਆ। ਪਾਕਿਸਤਾਨੀ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਦੀ ਇਸ ਪਹਿਲ ਕਦਮੀ ਨੂੰ ਦੁਨੀਆਂ ਭਰ ਦੇ ਸਿੱਖਾਂ ਨੇ ਸਲਾਹਿਆ। ਅੱਜ ਵੀ ਸਿੱਖ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਜਾਂਦੇ ਹਨ ਤਾਂ ਦਿੱਲ ਵਿੱਚੋ ਇਮਰਾਨ ਖਾਨ ਦੀ ਸਲਾਮਤੀ ਦੀ ਅਰਦਾਸ ਆਪ ਮੁਹਾਰੇ ਹੀ ਨਿਕਲਦੀ ਹੈ।



ਜਿਵੇ ਯਾਤਰੀ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨਾਂ ਲਈ ਜਾਂਦੇ ਹਨ ਤਾਂ ਪਾਕਿਸਤਾਨ ਸਰਕਾਰ ਵੱਲੋ ਤੈਨਾਤ ਬੀਬੀ ਪੂਰੋ ਕੌਰ ਅਤੇ ਅਦਲੀਪ ਕੌਰ ਸ਼ਰਧਾਲੂਆਂ ਨੂੰ ਜੀ ਆਇਆਂ ਕਹਿ ਕੇ ਸੁਆਗਤ ਕਰਦੀਆਂ ਮਿਲਦੀਆਂ ਹਨ। ਇਹ ਬੀਬੀਆਂ ਦਰਸ਼ਨੀ ਡਿਉਂਢੀ 'ਤੇ ਖੜੋ ਕੇ ਪਹਿਲਾਂ ਗੁਰਦਵਾਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦਾ ਇਤਿਹਾਸ ਤੇ ਗੁਰਦਵਾਰਾ ਸਾਹਿਬ ਦੀ ਜਾਣਕਾਰੀ ਦੇਂਦੀਆਂ ਹਨ।

ਗੁਰੂ ਘਰ ਵਿਚ ਦਾਖਲ ਹੋਣ ਤੋ ਪਹਿਲਾਂ ਬਾਬੇ ਨਾਨਕ ਦੀ ਮਜਾਰ ਹੈ। ਇਹ ਧਰਮ ਦੀ ਖੂਬਸੂਰਤੀ ਹੈ ਜਾਂ ਮਨੁੱਖਤਾ ਨੂੰ ਪਿਆਰ ਦਾ ਸੰਦੇਸ਼ ਦੇਣ ਦੀ ਗਲ, ਸਿੱਖ ਹੋਵੇ ਜਾਂ ਹਿੰਦੂ ਜਾਂ ਫਿਰ ਮੁਸਲਮਾਨ ਉਹ ਪਹਿਲਾਂ ਬਾਬੇ ਨਾਨਕ ਦੀ ਮਜਾਰ ਤੇ ਸਿਜਦਾ ਅਤੇ ਫਿਰ ਉਸ ਸਥਾਨ ਨੂੰ ਨਮਸ਼ਕਾਰ ਕਰਦਾ ਹੈ ਜਿਥੇ ਗੁਰੂ ਬਾਬੇ ਦਾ ਸਸਕਾਰ ਹੋਇਆ ਸੀ। ਇਸ ਅਸਥਾਨ ਦੇ ਹੈਡ ਗ੍ਰੰਥੀ ਗਿਆਨੀ ਗੋਬਿੰਦ ਸਿੰਘ ਬਾਰੇ ਉਥੋ ਦੇ ਲੋਕ ਦਸਦੇ ਹਨ ਕਿ ਇਹ ਪਿਛਲੇ 25 ਸਾਲ ਤੋ ਇਸ ਸਥਾਨ ਦੀ ਸੇਵਾ ਕਰਦੇ ਆ ਰਹੇ ਹਨ। ਉਸ ਸਮੇਂ ਇਥੇ ਜੰਗਲ ਸੀ, ਸ਼ਾਇਦ ਪਰਿੰਦੇ ਹੀ ਇਸ ਸਥਾਨ 'ਤੇ ਆ ਕੇ ਆਪਣੀ ਚਹਿਚਹਾਟ ਹੀ ਸੁਣਾਉਂਦੇ ਸਨ। ਦਰਬਾਰ ਸਾਹਿਬ ਕਰਤਾਰਪੁਰ ਵਿਖੇ ਪਾਕਿਸਤਾਨੀ ਸ਼ਰਧਾਲੂ ਭਾਰਤੀ ਯਾਤਰੀਆਂ ਨਾਲ ਘੁਲ-ਮਿਲ ਜਾਂਦੇ ਹਨ। ਦੋਹਾਂ ਪਾਸਿਆਂ ਤੋ ਆਏ ਯਾਤਰੂ ਇਕ ਦੂਜੇ ਨਾਲ ਸੈਲਫੀਆਂ ਲੈਦੇ ਹਨ। ਦੇਖ ਕੇ ਲਗਦਾ ਨਹੀਂ ਕਿ ਇਹ ਦੋ ਦੇਸ਼ਾਂ ਦੇ ਨਾਗਰਿਕ ਹਨ। ਇਉਂ ਲਗਦਾ ਹੈ ਕਿ ਇਕ ਪਰਵਾਰ ਦੇਰ ਬਾਅਦ ਮਿਲਿਆ ਤੇ ਆਪਣੇ ਦੁੱਖ-ਸੁਖ ਸਾਂਝੇ ਕਰ ਰਹੇ ਹੋਣ।

ਪਾਕਿਸਤਾਨ ਵੱਲੋ ਆਈਆਂ ਬੁਰਕਾਧਾਰੀ ਔਰਤਾਂ ਤੇ ਲੜਕੀਆਂ ਨੂੰ ਭਾਰਤੀ ਪਾਸੇ ਵੱਲੋਂ ਗਈਆਂ ਬੀਬੀਆਂ ਬੜੇ ਹੈਰਾਨੀ ਨਾਲ ਦੇਖ ਕੇ ਆਪ ਮੁਹਾਰੇ ਕਹਿੰਦੀਆਂ ਕਿ ਇਨਾਂ ਅੱਜ ਵੀ ਆਪਣਾ ਵਿਰਸਾ ਸੰਭਾਲ ਕੇ ਰਖਿਆ ਹੋਇਆ ਹੈ। ਸ਼ਾਮ ਹੋਣ ਤਕ ਯਾਤਰੀ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਰਹਿ ਸਕਦੇ ਹਨ ਪਰ ਉਥੇ ਜੋ ਕਸ਼ਿਸ਼ ਹੈ ਉਹ ਯਾਤਰੀਆਂ ਨੂੰ ਰੁਕਣ ਲਈ ਮਜਬੂਰ ਕਰਦੀ ਹੈ।

## ਮਾਂ ਦੀ ਯਾਦ

-ਊਸ਼ਾ ਚੋਪੜਾ

ਮਾਂ ਵਰਗਾ ਘਣਛਾਵਾਂ ਬੂਟਾ ਲੱਭਿਆਂ ਵੀ ਨਾ ਲੱਭਦਾ। ਅੱਜ ਬੈਠਿਆਂ-ਬੈਠਿਆਂ ਮਾਂ ਦੀਆਂ ਗੱਲਾਂ ਯਾਦ ਕਰ ਕੇ ਮਨ ਭਰ ਆਇਆ। ਵੈਸੇ ਮਾਂ-ਬਾਪ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਜਦੋਂ ਮਾਂ ਚੇਤੇ ਆਉਂਦੀ ਹੈ, ਦਿਲ ਵਿੱਚ ਚੀਸ ਜਿਹੀ ਉਠਦੀ ਹੈ ਅਤੇ ਦਿਲ ਤੜਫ ਕੇ ਰਹਿ ਜਾਂਦੈ।

ਅੱਜ ਸਾਨੂੰ ਮਾਂ ਵਿਹੂਣੇ ਹੋਇਆਂ ਨੂੰ 13-14 ਸਾਲ ਹੋ ਗਏ ਹਨ, (ਤਿੰਨ ਜਨਵਰੀ 2007 ਨੂੰ ਸਾਡੀ ਮਾਂ ਦੁਨੀਆ ਤੋਂ ਰੁਖ਼ਸਤ ਹੋ ਗਈ ਅਤੇ ਉਸ ਤੋਂ ਚਾਰ ਸਾਲ ਬਾਅਦ ਸਾਡੇ ਪਾਪਾ ਵੀ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਕਾਰਨ ਗੁਜ਼ਰ ਗਏ।) ਕੋਈ ਦਿਨ ਅਜਿਹਾ ਨਹੀਂ ਗਿਆ ਜਿਸ ਦਿਨ ਮੈਂ ਮਾਂ (ਅਸੀਂ ਆਪਣੀ ਮਾਂ ਨੂੰ ਝਾਈ ਕਹਿੰਦੇ ਹੁੰਦੇ ਸੀ) ਨੂੰ ਯਾਦ ਨਾ ਕੀਤਾ ਹੋਵੇ। ਮੈਂ ਆਪਣੇ ਦਾਦਕਿਆਂ-ਨਾਨਕਿਆਂ ਵਿੱਚ ਲਾਡਲੀ ਸੀ, ਇਸ ਦਾ ਮਤਲਬ ਇਹ ਨਹੀਂ ਕਿ ਮੈਂ ਮਾਪਿਆਂ ਦੀ ਇਕੱਲੀ ਔਲਾਦ ਸੀ, ਸਗੋਂ ਇਸ ਲਈ ਕਿ ਮੇਰੇ ਤੋਂ ਬਾਅਦ ਮੇਰੇ ਤਿੰਨੇ ਭਰਾ ਪੈਦਾ ਹੋਏ ਸਨ। ਮੈਂ ਤਾਂ ਆਪਣੇ ਪਾਪਾ ਦੀ ਵੀ ਲਾਡਲੀ ਸੀ। ਬਚਪਨ ਵਿੱਚ ਜਦੋਂ ਵੀ ਕਦੇ ਮਾਂ ਨੇ ਝਿੜਕਣਾ ਤਾਂ ਦੌੜ ਕੇ ਪਾਪਾ ਦੀ ਬੁੱਕਲ ਵਿੱਚ ਜਾ ਵੜਨਾ। ਬਚਪਨ ਵਿੱਚ ਮਾਂ ਕੋਲੋਂ ਸਭ ਤੋਂ ਵੱਧ ਝਿੜਕਾਂ ਵੀ ਸ਼ਾਇਦ ਮੈਂ ਹੀ ਖਾਧੀਆਂ ਹਨ, ਝਿੜਕਾਂ ਵੀ ਪੜ੍ਹਾਈ ਪੱਖੋਂ ਨਹੀਂ, ਇਸ ਲਈ ਕਿ ਕੁੜੀਆਂ ਨੂੰ ਪੜ੍ਹਾਈ ਦੇ ਨਾਲ ਘਰੇਲੂ ਕੰਮ ਵੀ ਆਉਣੇ ਚਾਹੀਦੇ ਹਨ। ਚੁੰਨੀ ਨਾਲ ਸਿਰ ਢੱਕ ਕੇ ਰੱਖਣਾ, ਰੋਟੀ ਖਾਣ ਵੇਲੇ ਵੀ ਚੁੰਨੀ ਸਿਰ ਉੱਤੇ ਲੈ ਕੇ ਬੈਠਣਾ। ਮੈਨੂੰ ਸਿਰ 'ਤੇ ਚੁੰਨੀ ਲੈਣਾ ਬਿਲਕੁਲ ਵੀ ਚੰਗਾ ਨਹੀਂ ਸੀ ਲੱਗਦਾ। ਜੇ ਮੈਂ ਰੋਟੀ ਖਾਣ ਬੈਠਣਾ ਤਾਂ ਮਾਂ ਨੇ ਕਹਿਣਾ, ਸਿਰ 'ਤੇ ਚੁੰਨੀ ਲੈ-ਲੈ। ਮੈਂ ਖਿਝ ਜਾਣਾ ਤਾਂ ਪਾਪਾ ਨੇ ਝਾਈ ਨੂੰ ਕਹਿਣਾ ਜਾਂ ਉਹਨੂੰ ਰੋਟੀ ਖਾਣ ਲੈਣ ਦੇ ਜਾਂ ਫਿਰ ਚੁੰਨੀ ਦਿਵਾ ਲੈ। ਮਾਂ (ਝਾਈ) ਨੇ ਝੱਟ ਕਹਿਣਾ, ''ਸਿਰ ਤੇ ਚੜ੍ਹਾ ਲੈ ਇਸ ਨੂੰ, ਕੱਲ੍ਹ ਨੂੰ ਬਿਗਾਨੇ ਘਰ ਵੀ ਜਾਣਾ ਏ, ਉਥੇ ਗੱਲਾਂ ਸੁਣੇਗੀ, ਬਿਗਾਨਿਆਂ ਤੋਂ।''

ਇੱਕ ਹੋਰ ਗੱਲ ਚੇਤੇ ਆਉਂਦੀ ਹੈ, ਮੈਂ ਆਪਣੇ ਘਰ ਤੋਂ ਨੌਕਰੀ ਕਰਨ ਵਾਲੀ ਪਹਿਲੀ ਕੁੜੀ ਸਾਂ। ਜਦੋਂ ਮੈਂ ਨਵੀਂ-ਨਵੀਂ ਨੌਕਰੀ ਲੱਗੀ (ਨੌਕਰੀ ਭਾਵੇਂ ਪ੍ਰਾਈਵੇਟ ਸੀ) ਤਾਂ ਮਾਂ ਨੂੰ ਬਹੁਤ ਚਾਅ ਚੜ੍ਹਿਆ, ਮਾਂ ਨੇ ਹੀ ਮੇਰਾ ਟਿਫਨ ਪੈਕ ਕਰਨਾ, ਮੇਰੀਆਂ ਦੋ ਵੱਡੀਆਂ ਭੈਣਾਂ ਵੀ ਸਨ, ਦੋਵੇਂ ਵਿਆਹੀਆਂ ਹੋਈਆਂ ਸਨ, ਇਸ ਲਈ ਮਾਂ ਦਾ ਸਾਰਾ ਲਾਡ ਮੇਰੇ ਵਾਸਤੇ ਸੀ। ਭਰਾਵਾਂ ਨੂੰ ਵੀ ਬਰਾਬਰ ਪਿਆਰ ਕਰਦੀ ਸੀ, ਪਰ ਮੈਨੂੰ ਕੁਝ ਜ਼ਿਆਦਾ ਕਰਦੀ ਸੀ।

ਦਫਤਰ ਜਾਣ ਲਈ ਸਵੇਰੇ ਉਠਾਉਣ ਤੋਂ ਪਹਿਲਾਂ ਨਿੰਬੂ ਪਾਣੀ ਬਣਾ ਕੇ ਦੇਣਾ। ਫੇਰ ਕਹਿਣਾ, ਉਠ, ਅਖਬਾਰ ਵੀ ਆ ਗਈ ਏ, ਪੜ੍ਹ ਲੈ ਤੇ ਦਫਤਰ ਜਾਣ ਨੂੰ ਤਿਆਰ ਹੋ ਜਾ। ਮੈਨੂੰ ਦਫਤਰ ਭੇਜਣਾ ਤੇ ਪਿੱਛੋਂ ਮੈਨੂੰ ਜਾਂਦੀ ਨੂੰ ਦੇਖਣਾ। ਸ਼ਾਮ ਨੂੰ ਮੇਰੀ ਉਡੀਕ ਕਰਨੀ ਅਤੇ ਕਹਿਣਾ ਕਿ ਉਸ ਦੇ ਘਰ ਆਉਣ ਦਾ ਟਾਈਮ ਹੋ ਗਿਆ ਹੈ। ਸਾਡੇ ਸਾਰੇ ਭੈਣ ਭਰਾਵਾਂ ਦੀ ਇੱਕੋ ਗੱਲ ਸੀ ਕਿ ਅਸੀਂ ਜਦੋਂ ਵੀ ਘਰ ਆਈਏ ਤਾਂ ਸਾਡੀ ਝਾਈ ਸਾਨੂੰ ਕਮਰੇ ਵਿੱਚ ਦਿੱਸੇ। ਜਦੋਂ ਕਦੇ ਝਾਈ ਨੇ ਗਲੀ ਵਿੱਚ ਕਿਸੇ ਕੋਲ ਬੈਠੇ ਹੋਣਾ ਤਾਂ ਸਾਨੂੰ ਤਰਲੋਮੱਛੀ ਲੱਗ ਜਾਣੀ ਕਿ ਝਾਈ ਕਿੱਥੇ ਗਈ ਏ। ਜਦੋਂ ਝਾਈ ਨੇ ਘਰ ਆਉਣਾ ਤਾਂ ਅਸੀਂ ਪੁੱਛਣਾ। ਝਾਈ ਨੇ ਕਹਿਣਾ, ''ਇਥੇ ਹੀ ਸੀ, ਕਿਤੇ ਮਰ ਨਹੀਂ ਗਈ ਸੀ''। ਇਹ ਸੁਣ ਕੇ ਦਿਲ ਕੰਬ ਜਾਂਦਾ ਸੀ ਕਿ ਝਾਈ ਇਹ ਕੀ ਕਹਿ ਰਹੀ ਏ। ਅੱਜ ਜਦੋਂ ਉਸ ਨੂੰ ਦੁਨੀਆ ਤੋਂ ਗਿਆਂ ਐਨਾ ਸਮਾਂ ਗੁਜ਼ਰ ਗਿਆ ਹੈ, ਸਾਡਾ ਦਿਲ ਅੱਜ ਵੀ ਉਨ੍ਹਾਂ ਨੂੰ ਲੱਭਦਾ ਹੈ। ਦਿਲ ਨੂੰ ਯਕੀਨ ਨਹੀਂ ਆਉਂਦਾ ਕਿ ਉਹ ਅੱਜ ਸਾਡੇ ਕੋਲ ਨਹੀਂ ਹਨ। ਮੇਰਾ ਆਪਣੇ ਪੇਕੇ ਵੀ ਜਾਣ ਨੂੰ ਦਿਲ ਨਹੀਂ ਕਰਦਾ। ਭਰਾ-ਭਰਜਾਈਆਂ ਕਹਿੰਦੇ ਨੇ; ਦੀਦੀ ਆਇਆ ਕਰੋ, ਤੁਸੀਂ ਆਉਣਾ ਘੱਟ ਕਰ ਦਿੱਤਾ, ਪਰ ਉਨ੍ਹਾਂ ਨੂੰ ਕੀ ਦੱਸੀਏ, ਜਦੋਂ ਘਰ ਆਈਏ ਤਾਂ ਅੱਗੋਂ ਮਾਂ-ਬਾਪ ਨਜ਼ਰ ਨਹੀਂ ਆਉਂਦੇ ਅਤੇ ਮਨ ਪਸੀਜ ਕੇ ਰਹਿ ਜਾਂਦਾ ਹੈ। ਭਰਾ ਛੋਟੇ ਨੇ, ਉਨ੍ਹਾਂ ਅੱਗੇ ਅੱਖਾਂ ਭਰ ਆਉਣ ਤਾਂ ਉਹ ਸੋਚਣਗੇ ਕਿ ਭੈਣ ਪਤਾ ਨਹੀਂ ਕਿੰਨੀ ਕੁ ਦੁਖੀ ਏ।

ਇਹ ਲੇਖ ਲਿਖਣ ਲੱਗਿਆਂ ਮਨ ਬੜਾ ਭਾਰੀ ਹੋ ਗਿਆ ਏ। ਯਾਦਾਂ ਬਹੁਤ ਨੇ, ਪਰ ਲਿਖਣ ਲਈ ਹਿੰਮਤ ਚਾਹੀਦੀ ਹੈ। ਇਹ ਦੋ ਲਫਜ਼ ਲਿਖਣ ਲੱਗਿਆਂ ਵੀ ਹੰਝੂ ਰੁਕਣ ਦਾ ਨਾਂਅ ਨਹੀਂ ਲੈ ਰਹੇ। ਮਨ ਤਾਂ ਵਾਰ-ਵਾਰ ਬੱਸ ਇਹੀ ਆਖਦੈ-'ਕਬਰਾਂ ਵਿੱਚੋਂ ਬੋਲ ਨੀਂ ਮਾਏਂ, ਦੁੱਖ ਸੁੱਖ ਧੀ ਨਾਲ ਫੋਲ ਨੀ ਮਾਏਂ।'

# ਇੰਡੋ-ਪਾਕਿ ਜੰਗ ਵਿੱਚ ਸ਼ਹੀਦ ਹੋਏ ਫ਼ੌਜੀ ਦਾ ਭਰਾ ਗ੍ਰਾਂਟ ਦੀ ਮੰਗ ਲਈ ਹਾਈ ਕੋਰਟ ਪੁੱਜਾ

ਚੰਡੀਗੜ੍ਹ, 14 ਜਨਵਰੀ (ਪੋਸਟ ਬਿਊਰੋ)- ਲੁਧਿਆਣੇ ਦਾ ਸੋਹਨ ਸਿੰਘ 1971 ਦੀ ਇੰਡੋ-ਪਾਕਿ ਜੰਗ ਵਿੱਚ ਸ਼ਹੀਦ ਹੋ ਗਿਆ ਸੀ, ਜਿਸ ਦੇ ਮਾਂ-ਬਾਪ ਨੇ ਸਰਕਾਰ ਤੋਂ ਉਨ੍ਹਾਂ ਨੂੰ 10 ਏਕੜ ਜ਼ਮੀਨ ਦਿੱਤੇ ਜਾਣ ਦੀ ਮੰਗ ਕੀਤੀ ਤਾਂ ਸਰਕਾਰ ਨੇ ਗੱਲ ਨਹੀਂ ਸੀ ਸੁਣੀ। ਸ਼ਹੀਦ ਫੌਜੀ ਦੇ ਮਾਤਾ-ਪਿਤਾ ਸਰਕਾਰ ਨੂੰ ਅਪੀਲ ਕਰਦੇ ਹੋਏ ਸਾਲ 2011 ਅਤੇ 2009 ਵਿੱਚ ਗੁਜਰ ਗਏ। ਫਿਰ ਸਰਕਾਰ ਨੇ ਜੂਨ 2018 ਵਿੱਚ ਨੋਟੀਫਿਕੇਸ਼ਨ ਕਰ ਕੇ ਕਿਹਾ ਸੀ ਕਿ ਜੇ ਸ਼ਹੀਦ ਹੋਇਆ ਫ਼ੌਜੀ ਕੁਆਰਾ ਹੋਵੇ ਤਾਂ ਉਸ ਦੇ ਮਾਂ-ਬਾਪ ਸ਼ਹੀਦ ਦੇ ਪਰਵਾਰ ਨੂੰ ਮਿਲਣ ਵਾਲੇ ਲਾਭ ਦੇ ਹੱਕਦਾਰ ਹੋਣਗੇ।

ਪਟੀਸ਼ਨਰ ਦੇ ਇਕਲੌਤੇ ਭਰਾ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਖਲ ਕਰ ਕੇ ਕਲੇਮ ਕੀਤਾ ਹੈ ਕਿ ਉਸ ਦੇ ਭਰਾ ਦੀ ਸ਼ਹੀਦੀ ਦਾ ਲਾਭ ਉਸ ਨੂੰ ਮਿਲਣਾ ਚਾਹੀਦਾ ਹੈ, ਜਦੋਂ ਕਿ ਸਰਕਾਰ ਦਾ ਕਹਿਣਾ ਹੈ ਕਿ 2010 ਤੋਂ ਪਹਿਲਾਂ ਕਲੇਮ ਕਰਨ ਵਾਲੇ ਹੀ ਇਸ ਲਾਭ ਦੇ ਹੱਕਦਾਰ ਹਨ। ਕੋਰਟ ਨੂੰ ਦੱਸਿਆ ਗਿਆ ਕਿ ਮੌਤ ਹੋਣ ਤੋਂ ਪਹਿਲਾਂ ਸ਼ਹੀਦ ਫ਼ੌਜੀ ਦੇ ਪਿਤਾ ਅਤੇ ਭਰਾ ਨੇ ਸਰਕਾਰ ਨੂੰ ਮੰਗ ਪੱਤਰ ਦਿੱਤਾ ਸੀ, ਪਰ ਸਰਕਾਰ ਨੇ ਉਸ ’ਤੇ ਕਾਰਵਾਈ ਨਹੀਂ ਕੀਤੀ। ਇਸ ਲਈ ਉਹ ਭਰਾ ਦੇ ਸ਼ਹੀਦ ਹੋਣ ਦੇ ਲਾਭ ਲੈਣ ਦਾ ਹੱਕਦਾਰ ਹੈ। ਉਸ ਨੇ 50 ਲੱਖ ਰੁਪਏ ਦੀ ਗ੍ਰਾਂਟ ਦੇਣ ਦੀ ਮੰਗ ਕੀਤੀ ਹੈ। ਕੋਰਟ ਨੇ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਅਤੇ ਡਿਫੈਂਸ ਸਰਵਿਸ ਵੈਲਫੇਅਰ ਬੋਰਡ ਦੇ ਨਿਰਦੇਸ਼ਕ ਨੂੰ ਨੋਟਿਸ ਜਾਰੀ ਕਰਕੇ 19 ਅਪ੍ਰੈਲ ਤੱਕ ਜਵਾਬ ਦਾਖਲ ਕਰਨ ਨੂੰ ਕਿਹਾ ਹੈ।

# ਬਰਗਾੜੀ ਬੇਅਦਬੀ ਕੇਸ ਦੇ ਦਸਤਾਵੇਜ਼ ਸੀ ਬੀ ਆਈ ਨੇ ਪੰਜਾਬ ਪੁਲਸ ਨੂੰ ਨਹੀਂ ਦਿਤੇ

ਐਸ ਏ ਐਸ ਨਗਰ (ਮੁਹਾਲੀ), 14 ਜਨਵਰੀ (ਪੋਸਟ ਬਿਊਰੋ)- ਪਿੰਡ ਬਰਗਾੜੀ ਅਤੇ ਪੰਜਾਬ ਵਿੱਚ ਹੋਰ ਥਾਈਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਬਾਰੇ ਕੌਮੀ ਜਾਂਚ ਏਜੰਸੀ (ਸੀ ਬੀ ਆਈ) ਨੇ ਕੱਲ੍ਹ ਪੰਜਾਬ ਪੁਲਸ ਨੂੰ ਕੇਸ ਫਾਈਲ ਅਤੇ ਹੋਰ ਸਬੰਧਤ ਦਸਤਾਵੇਜ਼ ਨਹੀਂ ਦਿੱਤੇ।




ਬੇਅਦਬੀ ਕੇਸਾਂ (ਕਲੋਜ਼ਰ ਰਿਪੋਰਟ ਅਤੇ ਨਵੇਂ ਸਿਰਿਓਂ ਜਾਂਚ) ਬਾਰੇ ਕੱਲ੍ਹ ਮੁਹਾਲੀ ਵਿਚਲੀ ਸੀ ਬੀ ਆਈ ਕੋਰਟ ਦੇ ਵਿਸ਼ੇਸ਼ ਜੱਜ ਜੀ ਐਸ ਸੇਖੋਂ ਵੱਜੋਂ ਸੁਣਵਾਈ ਕੀਤੀ ਗਈ ਸੀ। ਇਸ ਤੋਂ ਪਹਿਲਾਂ ਬੀਤੇ ਦਿਨੀਂ ਸੀ ਬੀ ਆਈ ਅਦਾਲਤ ਨੇ ਸੀ ਬੀ ਆਈ ਦੇ ਜਾਂਚ ਅਧਿਕਾਰੀ ਨੂੰ ਕੇਸ ਦੀ ਫਾਈਲ ਲੈ ਕੇ ਪੇਸ਼ ਹੋਣ ਲਈ ਕਿਹਾ ਸੀ, ਪਰ ਕੱਲ੍ਹ ਜਾਂਚ ਅਧਿਕਾਰੀ ਅਦਾਲਤ ਵਿੱਚ ਪੇਸ਼ ਨਹੀਂ ਹੋਏ। ਸੁਣਵਾਈ ਦੌਰਾਨ ਸੀ ਬੀ ਆਈ ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਬੇਅਦਬੀ ਕੇਸਾਂ ਬਾਰੇ ਸੀ ਬੀ ਆਈ ਦੇ ਜਾਂਚ ਅਧਿਕਾਰੀ ਮਰਹੂਮ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੇ ਕਤਲ ਕੇਸ ਵਿੱਚ ਰੁੱਝੇ ਹੋਣ ਕਾਰਨ ਅਦਾਲਤ ਵਿੱਚ ਪੇਸ਼ ਨਹੀਂ ਹੋ ਸਕੇ, ਇਸ ਲਈ ਕੇਸ ਫਾਈਲ ਅਤੇ ਹੋਰ ਲੋੜੀਂਦੇ ਦਸਤਾਵੇਜ਼ ਪੰਜਾਬ ਪੁਲਸ ਦੇ ਸੌਂਪਣ ਲਈ ਜਾਂਚ ਏਜੰਸੀ ਨੂੰ 10 ਦਿਨ ਦਾ ਸਮਾਂ ਦਿੱਤਾ ਜਾਵੇ। ਸੀ ਬੀ ਆਈ ਦੀ ਇਸ ਦਲੀਲ ਦਾ ਵਿਰੋਧ ਕਰਦਿਆਂ ਜਾਇੰਟ ਡਾਇਰੈਕਟਰ ਰਾਜੇਸ਼ ਸਲਵਾਨ ਅਤੇ ਸਰਕਾਰੀ ਵਕੀਲ ਸੰਜੀਤ ਬੱਤਰਾ ਨੇ ਕਿਹਾ ਕਿ ਸੀ ਬੀ ਆਈ ਜਾਣਬੁੱਝ ਕੇ ਕੇਸ ਨੂੰ ਲਮਕਾ ਰਹੀ ਹੈ।ਉਨ੍ਹਾਂ ਕਿਹਾ ਕਿ ਬਿਨਾਂ ਦੇਰੀ ਤੋਂ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਕਰ ਕੇ ਕੇਸ ਫਾਈਲ ਅਤੇ ਹੋਰ ਦਸਤਾਵੇਜ਼ ਪੰਜਾਬ ਦੀ ਜਾਂਚ ਏਜੰਸੀ ਨੂੰ ਦਿੱਤੇ ਜਾਣ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਮਾਮਲੇ ਦੀ ਸੁਣਵਾਈ 21 ਜਨਵਰੀ ’ਤੇ ਪਾ ਦਿੱਤੀ। ਸਰਕਾਰੀ ਵਕੀਲ ਨੇ ਸੁਝਾਅ ਦਿੱਤਾ ਕਿ ਜੇ ਜਾਂਚ ਅਧਿਕਾਰੀ ਮਹਾਰਾਸ਼ਟਰ ਵਿੱਚ ਕਿਸੇ ਹੋਰ ਕੇਸ ਦੀ ਜਾਂਚ ਵਿੱਚ ਰੁੱਝੇ ਹਨ ਤਾਂ ਉਹ ਸਬੰਧਤ ਫਾਈਲ ਆਪਣੇ ਕਿਸੇ ਨੁਮਾਇੰਦੇ ਦੇ ਹੱਥ ਅਦਾਲਤ ਵਿੱਚ ਪੇਸ਼ ਸਕਦੇ ਹਨ। ਸੀ ਬੀ ਆਈ ਵਕੀਲ ਨੇ ਕਿਹਾ ਕਿ ਕੇਸ ਫਾਈਲ ਅਤੇ ਹੋਰ ਲੋੜੀਂਦੇ ਦਸਤਾਵੇਜ਼ ਸੀ ਬੀ ਆਈ ਦੇ ਮੁੱਖ ਦਫਤਰ ਨਵੀਂ ਦਿੱਲੀ ਵਿੱਚ ਹਨ। ਇਸ ਤੋਂ ਇਲਾਵਾ ਕੁਝ ਦਸਤਾਵੇਜ਼ ਅਦਾਲਤ ਵਿੱਚ ਹਨ। ਉਨ੍ਹਾਂਨੇ ਕਿਹਾ ਕਿ ਸਾਰੇ ਦਸਤਾਵੇਜ਼ ਇਕੱਠੇ ਕਰਕੇ ਇੱਕ ਫਾਈਲ ਤਿਆਰ ਕੀਤੀ ਜਾਵੇਗੀ ਤੇ ਸਾਰੇ ਪੰਨਿਆਂ ਦੀ ਨੰਬਰਿੰਗ ਕਰ ਕੇ ਪੰਜਾਬ ਪੁਲਸ ਦੇ ਜਾਂਚ ਅਧਿਕਾਰੀ ਨੂੰ ਦਿੱਲੀ ਸੱਦ ਕੇ ਪੂਰੀ ਫਾਈਲ ਦਿਤੀ ਜਾਵੇਗੀ।

# ਮੰਤਰੀ ਸਰਕਾਰੀਆ ਦੀ ਸਾਬਕਾ ਵਿਧਾਇਕ ਲੋਪੋਕੇ ਦੇ ਵਿਰੁੱਧ ਅਪੀਲ ਹਾਈਕੋਰਟ ਵੱਲੋਂ ਮਨਜ਼ੂਰ

ਚੰਡੀਗੜ੍ਹ, 14 ਜਨਵਰੀ (ਪੋਸਟ ਬਿਊਰੋ)- ਕੈਬਨਿਟ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਸਾਬਕਾ ਵਿਧਾਇਕ ਵੀਰ ਸਿੰਘ ਲੋਪੋਕੇ ਨੇ ਇੱਕ-ਦੂਜੇ ਨੂੰ ਧਿਰ ਬਣਾ ਕੇ ਸਾਲ 2018 ਵਿੱਚ 2 ਅਪੀਲ ਕੇਸ ਦਾਇਰ ਕੀਤੇ ਸਨ। ਇਨ੍ਹਾਂ ਕੇਸਾਂ ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਰਕਾਰੀਆ ਦੀ ਅਪੀਲ ਮਨਜ਼ੂਰ ਕਰ ਲਈ ਹੈ।

ਹਾਈਕੋਰਟ ਨੇ ਇਸ ਕੇਸ ਵਿੱਚ ਸਾਰੇ ਤੱਥਾਂ ਨੂੰ ਦੇਖਣ ਪਿੱਛੋਂ ਮੰਤਰੀਸੁਖਬਿੰਦਰ ਸਿੰਘ ਸਰਕਾਰੀਆ ਦੀ ਅਪੀਲ ਨੂੰ ਉਸ ਹੱਦ ਤੱਕ ਮਨਜ਼ੂਰ ਕਰ ਲਿਆ ਹੈ, ਜਿਸ ਵਿੱਚ ਸੈਸ਼ਨ ਅਦਾਲਤ ਵੱਲੋਂ ਵੀਰ ਸਿੰਘ ਲੋਪੋਕੇ ਨੂੰ ਐਡੀਸ਼ਨਲ ਚੀਫ ਜੁਡੀਸ਼ਲਮੈਜਿਸਟਰੇਟ ਵੱਲੋਂ ਸੁਣਾਈ ਸਜ਼ਾ ਦਾ ਫ਼ੈਸਲਾ ਰੱਦ ਕੀਤਾ ਗਿਆ ਸੀ।ਹਾਈਕੋਰਟ ਨੇ ਆਦੇਸ਼ ਵਿੱਚ ਕਿਹਾ ਕਿ ਅਪੀਲੀ ਅਦਾਲਤ ਦੋਵਾਂ ਕੇਸਾਂ ਦੀਆਂ ਫਾਈਲਾਂ ਉਤੇ ਟਰਾਇਲ ਕੋਰਟ ਵੱਲੋਂ ਐਡੀਸ਼ਨਲ ਸਬੂਤਾਂ ਦੀਰਿਪੋਰਟ ਦੇ ਆਧਾਰ ਤੋਂ ਬਾਅਦ ਇਨ੍ਹਾਂ ’ਤੇ ਕਾਨੂੰਨ ਅਨੁਸਾਰ ਫ਼ੈਸਲਾ ਲਵੇਗੀ। ਇਹ ਰਿਪੋਰਟ 2 ਮਹੀਨਿਆਂ ਵਿੱਚ ਟਰਾਇਲ ਅਦਾਲਤ ਵੱਲੋਂ ਅਪੀਲੀ ਅਦਾਲਤ ਨੂੰ ਦਿਤੀ ਜਾਵੇਗੀ। ਇਸ ਦੇ ਨਾਲ ਸਾਬਕਾ ਅਕਾਲੀ ਵਿਧਾਇਕਵੀਰ ਸਿੰਘ ਲੋਪੋਕੇ ਦੀ ਅਪੀਲ ਰੱਦ ਕਰ ਦਿੱਤੀ ਗਈ ਹੈ। ਸ਼ੈਸ਼ਨ ਕੋਰਟਅੰਮ੍ਰਿਤਸਰ ਨੇ 30 ਅਕਤੂਬਰ 2018 ਦੇ ਫ਼ੈਸਲੇ ਵਿੱਚ ਟਰਾਇਲ ਕੋਰਟ ਦਾ ਫ਼ੈਸਲਾ ਪਲਟ ਕੇ ਵੀਰ ਸਿੰਘ ਲੋਪੋਕੇ ਨੂੰ ਰਾਹਤ ਦਿੱਤੀ ਸੀ। ਇਹ ਕੇਸ ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਨਾਲ ਜੁੜਿਆ ਹੈ ਜਿਸ ਵਿੱਚ ਸੁਖਬਿੰਦਰ ਸਿੰਘ ਸਰਕਾਰੀਆ ਤੇ ਵੀਰ ਸਿੰਘ ਲੋਪੋਕੇ ਇੱਕ ਦੂਜੇ ਖ਼ਿਲਾਫ਼ ਖੜ੍ਹੇ ਸਨ। 13 ਫਰਵਰੀ 2007 ਨੂੰ ਚੋਣਾਂ ਵਾਲੇ ਦਿਨ ਇੱਕ ਅਖ਼ਬਾਰ ਵਿੱਚ ਸਰਕਾਰੀਆ ਦੇ ਖ਼ਿਲਾਫ਼ ਇਤਰਾਜ਼ਯੋਗ ਇਸ਼ਤਿਹਾਰ ਛਪਿਆ ਸੀ, ਜਿਸ ਕਾਰਨ ਸਰਕਾਰੀਆ ਨੇ ਲੋਪੋਕੇ ਅਤੇ ਹੋਰਨਾਂ ਦੇ ਖ਼ਿਲਾਫ਼ ਅਪਰਾਧਕ ਮਾਣਹਾਨੀ ਅਤੇ ਅਪਰਾਧਿਕ ਸਾਜਿਸ਼ ਰਚਣ ਦੀ ਸ਼ਿਕਾਇਤ ਕੀਤੀ ਸੀ। ਐਡੀਸ਼ਨਲ ਸੀ ਜੇ ਐਮ ਅੰਮ੍ਰਿਤਸਰ ਦੀ ਅਦਾਲਤ ਨੇ ਵੀਰ ਸਿੰਘ ਲੋਪੋਕੇ ਨੂੰ ਸਤੰਬਰ 2013 ਵਿੱਚ ਦੋਸ਼ੀ ਮੰਨ ਕੇ 1 ਸਾਲ ਕੈਦ ਦੀ ਸਜ਼ਾ ਅਤੇ 5 ਹਜ਼ਾਰ ਰੁਪਏ ਜੁਰਮਾਨਾ ਠੋਕਿਆ ਸੀ। ਇਸ ਪਿੱਛੋਂ ਇੱਕ ਪਾਸੇ ਵੀਰ ਸਿੰਘ ਲੋਪੋਕੇ ਨੇ ਸਜ਼ਾ ਨੂੰ ਚੁਣੌਤੀ ਦਿੱਤੀ ਅਤੇ ਦੂਜੇ ਪਾਸੇ ਸਰਕਾਰੀਆ ਨੇ ਸਜ਼ਾ ਵਿੱਚ ਵਾਧਾ ਕਰਨ ਦੀ ਅਪੀਲ ਸੈਸ਼ਨ ਕੋਰਟ ’ਚ ਦਾਇਰ ਕੀਤੀ ਸੀ। ਸਰਕਾਰੀਆ ਵੱਲੋਂ ਸਜ਼ਾ ਵਿੱਚ ਵਾਧਾ ਕਰਨ ਦੀ ਮੰਗ ਨੂੰ ਰੱਦ ਕਰ ਦਿੱਤਾ ਗਿਆ ਸੀ। ਹਾਈ ਕੋਰਟ ਨੇ ਇਸ ਦੇ ਉਲਟ ਸਰਕਾਰੀਆ ਦੀ ਅਰਜ਼ੀ ਨੂੰ ਮਨਜ਼ੂਰ ਕਰ ਲਿਆ ਸੀ, ਜਿਸ ਵਿੱਚ ਸੰਮਨ ਰਿਕਾਰਡ ਅਤੇ ਹੋਰ ਦਸਤਾਵੇਜ਼ਾਂ ਦੀ ਜਾਂਚ ਕਰਨ ਦੀ ਮਨਜ਼ੂਰੀ ਦੇ ਕੇ ਟਰਾਇਲ ਕੋਰਟ ਨੂੰ ਆਦੇਸ਼ ਦਿੱਤੇ ਸਨ। ਸਰਕਾਰੀਆ ਨੇ ਲੋਪੋਕੇ ਦੀ ਸਜ਼ਾ ਮੁਆਫ਼ ਕਰਨ ਦੇ ਆਦੇਸ਼ ਨੂੰ ਅਤੇ ਲੋਪੋਕੇ ਨੇ ਸਰਕਾਰੀਆ ਦੀ ਅਰਜ਼ੀ ਮਨਜ਼ੂਰ ਕਰਨ ਨੂੰ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਸੀ।

# ਆਈ ਜੀ ਉਮਰਾਨੰਗਲ ਦੀ ਅਰਜ਼ੀ ਉਤੇ ਪੰਜਾਬ ਸਰਕਾਰ ਅਤੇ ਸੀ ਬੀ ਆਈ ਨੂੰ ਹਾਈ ਕੋਰਟ ਦਾ ਨੋਟਿਸ

ਚੰਡੀਗੜ੍ਹ, 14 ਜਨਵਰੀ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਸਮੇਂ ਹੋਏ ਬੇਅਦਬੀ ਕਾਂਡ ਦੇ ਬਾਅਦ ਹੋਏ ਗੋਲੀ ਕਾਂਡ ਵਿੱਚ ਫਸੇ ਹੋਏ ਪੰਜਾਬ ਪੁਲਸ ਦੇ ਆਈ ਜੀ ਪਰਮ-ਰਾਜ ਸਿੰਘ ਉਮਰਾਨੰਗਲ ਨੇ ਆਪਣੇ ਖਿਲਾਫ ਦਰਜ ਇੱਕ ਕੇਸ ਅਤੇ ਜਾਂਚ ਰਿਪੋਰਟ ਨੂੰ ਰੱਦ ਕਰਨ ਅਤੇ ਇਸ ਕੇਸ ਦੀ ਜਾਂਚ ਸੀ ਬੀ ਆਈ ਤੋਂ ਕਰਾਉਣ ਦੇ ਨਾਲ ਉਸ ਦੇ ਖਿਲਾਫ ਜਾਂਚ ਕਰਦੀ ਐਸ ਆਈ ਟੀ ਵਿੱਚੋਂ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਹਟਾਉਣ ਦੀ ਮੰਗ ਬਾਰੇ ਹਾਈ ਕੋਰਟ ਨੂੰ ਅਰਜ਼ੀ ਪੇਸ਼ ਕੀਤੀ ਹੈ। ਇਸ ਅਰਜ਼ੀ ’ਤੇ ਜਸਟਿਸ ਗਿਰੀਸ਼ ਅਗਨੀਹੋਤਰੀ ਨੇ ਸੁਣਵਾਈ ਪਿੱਛੋਂ ਪੰਜਾਬ ਸਰਕਾਰ, ਸੀ ਬੀ ਆਈ ਅਤੇ ਹੋਰ ਧਿਰਾਂ ਨੂੰ 18 ਜਨਵਰੀ ਦੇ ਲਈ ਨੋਟਿਸ ਜਾਰੀ ਕਰਕੇ ਜਵਾਬ ਮੰਗ ਲਿਆ ਹੈ।




ਹਾਈ ਕੋਰਟ ਵਿੱਚ ਪੇਸ਼ ਪਟੀਸ਼ਨ ਵਿੱਚ ਉਮਰਾਨੰਗਲ ਨੇ ਕਿਹਾ ਹੈ ਕਿ ਉਹ ਜੁਲਾਈ 2015 ਤੋਂ ਮਾਰਚ 2016 ਤੱਕ ਲੁਧਿਆਣੇਦਾ ਪੁਲਸ ਕਮਿਸ਼ਨਰ ਸੀ।ਜਦੋਂ ਬਹਿਬਲ ਕਲਾਂ ਵਿੱਚ ਇਹ ਘਟਨਾ ਵਾਪਰੀ, ਉਸ ਸਮੇਂ ਉਹ ਲੁਧਿਆਣੇ ਦਾ ਪੁਲਸ ਕਮਿਸ਼ਨਰ ਸੀ ਅਤੇ ਸ਼ਿਕਾਇਤਕਰਤਾ ਨੇ ਕਿਤੇ ਵੀ ਉਸ ਦਾ ਨਾਂਅ ਨਹੀਂ ਲਿਆ। ਇਸ ਦੇ ਬਾਵਜੂਦ ਉਸ ਦੇ ਖਿਲਾਫ ਸੱਤ ਅਗਸਤ 2018 ਨੂੰ ਕੋਟਕਪੂਰਾ ਥਾਣੇ ਵਿੱਚ ਆਈ ਪੀ ਸੀ ਦੀ ਧਾਰਾ 307, 326, 324, 323, 341, 201, 218, 120 ਬੀ, 34 ਅਤੇ ਆਰਮਜ਼ ਐਕਟ ਦੀ ਧਾਰਾ 27 ਦਾ ਕੇਸ ਦਰਜ ਕਰ ਦਿੱਤਾ ਗਿਆ। ਉਸ ਦੇ ਬਾਅਦ 23 ਮਈ 2019 ਅਤੇ 15 ਨਵੰਬਰ 2019 ਨੂੰ ਰਿਪੋਰਟ ਪੇਸ਼ ਕੀਤੀ ਗਈ। ਉਮਰਾਨੰਗਲ ਨੇ ਇਸ ਕੇਸਤੇ ਰਿਪੋਰਟ ਨੂੰ ਰੱਦ ਕਰਨ ਅਤੇ ਇਨ੍ਹਾਂ ਕੇਸਾਂ ਦੀ ਜਾਂਚ ਸੀ ਬੀ ਆਈ ਨੂੰ ਸੌਂਪੇ ਜਾਣ ਦੀ ਮੰਗ ਕੀਤੀ ਤੇ ਵਿਸ਼ੇਸ਼ ਜਾਂਚ ਟੀਮ(ਐਸ ਆਈ ਟੀ) ਦੇ ਮੈਂਬਰ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ’ਤੇ ਰੰਜਿਸ਼ ਦੇ ਤਹਿਤ ਉਸ ਨੂੰ ਇਸ ਕੇਸ ਵਿੱਚ ਫਸਾਉਣ ਦੇ ਦੋਸ਼ ਲਾਉਂਦੇ ਹੋਏ ਉਨ੍ਹਾਂ ਨੂੰ ਐਸ ਆਈ ਟੀ ਤੋਂ ਹਟਾਉਣ ਦੀ ਮੰਗ ਕੀਤੀ ਹੈ। ਉਸ ਨੇ ਹਾਈ ਕੋਰਟ ਨੂੰ ਦੱਸਿਆ ਹੈ ਕਿ ਉਸ ਨੇ ਆਪਣੀ ਬਰਖਾਸਤਗੀ ਦੇ ਹੁਕਮਾਂ ਨੂੰ ਪਹਿਲਾਂ ਹੀ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੋਈ ਹੈ। ਇਸ ਦੌਰਾਨ ਉਸ ਨੂੰ ਬੀਤੇ ਸਾਲ ਸਤੰਬਰ ਮਹੀਨੇ ਵਿੱਚ ਚਾਰਜਸ਼ੀਟ ਕਰ ਦਿੱਤਾ ਗਿਆ ਹੈ। ਉਮਰਾਨੰਗਲ ਦਾ ਕਹਿਣਾ ਹੈ ਕਿ ਉਸ ਨੂੰ ਇਸ ਕੇਸ ਵਿੱਚ ਰਾਜਨੀਤਕ ਰੰਜਿਸ਼ ਹੇਠ ਫਸਾਇਆ ਗਿਆ ਹੈ ਅਤੇ ਜਾਂਚ ਸਹੀ ਤਰੀਕੇ ਨਾਲ ਨਹੀਂ ਕੀਤੀ ਜਾ ਰਹੀ। ਇਸ ਲਈ ਉਸ ਨੇ ਆਪਣੇ ਖਿਲਾਫ ਦਰਜ ਇਨ੍ਹਾਂ ਕੇਸਾਂ ਨੂੰ ਰੱਦ ਕਰਨ ਅਤੇ ਐਸ ਆਈ ਟੀ ਬਦਲਣ ਦੀ ਮੰਗ ਕੀਤੀ ਹੈ।

# ਵਪਾਰੀ ਦੀਆਂ ਅੱਖਾਂ ’ਚ ਮਿਰਚਾਂ ਪਾ ਕੇ ਲੁਟੇਰਿਆਂ ਨੇ 10 ਲੱਖ ਲੁੱਟੇ

ਬਠਿੰਡਾ, 14 ਜਨਵਰੀ (ਪੋਸਟ ਬਿਊਰੋ)- ਇਸ ਜ਼ਿਲੇ ਵਿੱਚ ਕੱਲ੍ਹ ਸਵੇਰੇ ਲੁਟੇਰਾ ਗਿਰੋਹ ਨੇ ਗੋਨਿਆਣਾ ਮੰਡੀ ਵਿੱਚ ਇੱਕ ਵਪਾਰੀ ਦੀਆਂ ਅੱਖਾਂ ਵਿੱਚ ਮਿਰਚਾਂ ਪਾ ਕੇ ਕਰੀਬ 10 ਲੱਖ ਰੁਪਏ ਨਕਦੀ ਤੇ ਜ਼ਰੂਰੀ ਕਾਗਜ਼ਾਤ ਲੁੱਟ ਲਏ।

ਵਰਨਣ ਯੋਗ ਹੈ ਕਿ ਗੋਨਿਆਣਾ ਮੰਡੀ ਵਿੱਚ ਤਿੰਨ ਮਹੀਨੇ ਪਹਿਲਾਂ ਮਾਲ ਰੋਡ ’ਤੇ ਲੱਖੀ ਜਿਊਲਰਜ਼ ਦੀ ਦੁਕਾਨ ਉਤੇ ਕੁਝ ਅਣਪਛਾਤੇ ਲੋਕਾਂ ਨੇ ਢਾਈ ਕਰੋੜ ਰੁਪਏ ਦੇ ਕਰੀਬ ਲੁੱਟ ਕੀਤੀ ਸੀ ਤੇ ਕੱਲ੍ਹ ਗੋਨਿਆਣਾ ਵਿੱਚ ਹੀ ਸਵੇਰੇ ਉਸ ਸਮੇਂ ਸਹਿਮ ਛਾ ਗਿਆ ਜਦ ਪਤਾ ਲੱਗਾ ਕਿ ਜਗਦੀਸ਼ ਰਾਏ, ਸੰਜੀਵ ਕੁਮਾਰ ਫਰਮ ਦੇ ਨਾਂਅ ਦੀ ਆੜ੍ਹਤ ਦੀ ਦੁਕਾਨ ’ਤੇ ਸੰਜੀਵ ਕੁਮਾਰ ਦੀਆਂ ਅੱਖਾਂ ਵਿੱਚ ਮਿਰਚਾਂ ਪਾ ਕੇ ਦੋ ਅਣਪਛਾਤੇ ਮੋਟਰ ਸਾਈਕਲ ਸਵਾਰਾਂ ਨੇ ਉਨ੍ਹਾਂ ਦੇ ਹੱਥੋਂ ਬੈਗ ਖੋਹ ਲਿਆ ਹੈ, ਜਿਸ ਵਿੱਚ ਤਕਰੀਬਨ ਦਸ ਲੱਖ ਰੁਪਏ ਅਤੇ ਬਹੀ ਖਾਤੇ ਸਨ।ਸੰਜੀਵ ਕੁਮਾਰ ਦੇ ਬੇਟੇ ਦੀਪਕ ਨੇ ਦੱਸਿਆ ਕਿ ਰੋਜ਼ ਵਾਂਗ ਉਸ ਦੇ ਪਾਪਾ ਸੰਜੀਵ ਕੁਮਾਰ ਸਵੇਰੇ ਕਰੀਬ ਸੱਤ ਵਜੇ ਆਪਣੀ ਦੁਕਾਨ ਖੋਲ੍ਹਣ ਗਏ ਤਾਂ ਜਦ ਦੁਕਾਨ ਖੋਲ੍ਹਣ ਹੀ ਲੱਗੇ, ਉਨ੍ਹਾਂ ਦਾ ਪਿੱਛਾ ਕਰ ਰਹੇ ਦੋ ਮੋਟਰ ਸਾਈਕਲ ਸਵਾਰ ਅਣਪਛਾਤੇ ਲੋਕਾਂ ਨੇ ਉਨ੍ਹਾਂ ਦੀਆਂ ਅੱਖਾਂ ਵਿੱਚ ਮਿਰਚਾਂ ਪਾ ਦਿੱਤੀਆਂ ਅਤੇ ਉਨ੍ਹਾਂ ਦੇ ਹੱਥ ਵਿੱਚੋਂ ਖੋਹ ਕੇ ਫਰਾਰ ਹੋ ਗਏ। ਐਸ ਐਚ ਓ ਬੂਟਾ ਸਿੰਘ ਨੇ ਦੱਸਿਆ ਕਿ ਟੈਕਨੀਕਲ ਟੀਮ ਬੁਲਾਈ ਗਈ ਹੈ ਅਤੇ ਮਾਲ ਰੋਡ ’ਤੇ ਕੈਮਰਿਆਂ ਦੀ ਜਾਂਚ ਹੋ ਰਹੀ ਹੈ ਅਤੇ ਪਰਿਵਾਰ ਦੇ ਕਹਿਣ ’ਤੇ ਅਣਪਛਾਤੇ ਲੋਕਾਂ ’ਤੇ ਪਰਚਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਏਗੀ।

# ਬਰਖਾਸਤ ਕੀਤੇ ਥਾਣੇਦਾਰ ਦੀ 1.07 ਕਰੋੜ ਦੀ ਜਾਇਦਾਦ ਫਰੀਜ਼

ਅੰਮ੍ਰਿਤਸਰ, 14 ਜਨਵਰੀ (ਪੋਸਟ ਬਿਊਰੋ)- ਨਸ਼ਾ ਸਮੱਗਲਿੰਗ ਮਾਮਲੇ ਵਿੱਚ ਲੁਧਿਆਣਾ ਜੇਲ੍ਹ ਵਿੱਚ ਬੰਦ ਪੰਜਾਬ ਪੁਲਸ ਦੇ ਬਰਖਾਸਤ ਏ ਐਸ ਆਈ ਰਣਜੀਤ ਸਿੰਘ ਉਰਫ ਮੋਦੇ ਦੀ 1.07 ਕਰੋੜ ਰੁਪਏ ਦੀ ਜਾਇਦਾਦ ਪੁਲਸ ਨੇ ਫਰੀਜ਼ ਕਰ ਦਿੱਤੀ ਹੈ। ਉਸ ਨੇ ਨਸ਼ੇ ਦੀ ਕਮਾਈ ਨਾਲ ਇਹ ਜਾਇਦਾਦ ਖਰੀਦ ਕੇ ਆਪਣੀ ਪਤਨੀ ਦੇ ਨਾਂਅ ਕੀਤੀ ਸੀ। ਐਸ ਐਸ ਪੀ ਧਰੁਵ ਦਹੀਆ ਨੇ ਦੱਸਿਆ ਕਿ ਦੋਸ਼ੀ ਰਣਜੀਤ ਸਿੰਘ ਮੋਦੇ ਦੀ ਹੋਰ ਜਾਇਦਾਦ ਦੀ ਜਾਂਚ ਕਰਵਾਈ ਜਾ ਰਹੀ ਹੈ। ਜਾਂਚ ਵਿੱਚ ਪਤਾ ਲੱਗਾ ਹੈ ਕਿ ਉਸ ਨੇ ਕੁਝ ਸਾਲਾਂ ਦੌਰਾਨ ਨਸ਼ੇ ਤੋਂ ਕੀਤੀ ਕਮਾਈ ਨਾਲ ਬੱਲੜਵਾਲ ਪਿੰਡ ਵਿੱਚ 53 ਕਨਾਲ 18 ਮਰਲੇ ਜ਼ਮੀਨ ਖਰੀਦ ਕੇ ਆਪਣੀ ਪਤਨੀ ਦੇ ਨਾਂਅ ਕਰ ਦਿੱਤੀ ਸੀ। ਵਰਨਣ ਯੋਗ ਹੈ ਕਿ ਉਕਤ ਦੋਸ਼ੀ ਲੁਧਿਆਣਾ ਜੇਲ੍ਹ ਵਿੱਚ ਬੰਦ ਹੈ। ਪੁਲਸ ਨੇ ਕੁਝ ਦਿਨ ਪਹਿਲਾਂ ਉਸ ਕੋਲੋਂ ਮੋਬਾਈਲ ਬਰਾਮਦ ਕੀਤਾ ਸੀ, ਜਿਸ ਤੋਂ ਉਸ ਨੇ ਕੁਝ ਦਿਨ ਪਹਿਲਾਂ ਪਾਕਿਸਤਾਨੀ ਸਮੱਗਲਰਾਂ ਤੋਂ ਸੱਤ ਕਿਲੋ ਹੈਰੋਇਨ ਮੰਗਵਾਈ ਤੇ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਗੁਰਦਾਸਪੁਰ ਨੇੜੇ ਭਾਰਤ-ਪਾਕਿ ਸਰਹੱਦ ’ਤੇ ਕੰਡਿਆਲੀ ਤਾਰ ਨੇੜਿਓਂ 31 ਦਸੰਬਰ 2020 ਨੂੰ ਬਰਾਮਦ ਕਰ ਲਈ ਸੀ। ਉਕਤ ਸੱਤ ਕਿਲੋ ਹੈਰੋਇਨ ਬਰਾਮਦਗੀ ਤੋਂ ਬਾਅਦ ਪੁਲਸ ਨੇ ਮੁਲਜ਼ਮ ਨੂੰ ਪ੍ਰੋਡਕਸ਼ਨ ਵਾਰੰਟ ’ਤੇ ਲਿਆ ਅਤੇ ਕਈ ਖੁਲਾਸੇ ਹੋਏ ਸਨ। ਸਾਲ 2012 ਵਿੱਚ ਡੀ ਆਰ ਆਈ (ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ) ਨੇ ਰਣਜੀਤ ਮੋਦੇ ਨੂੰ 23 ਕਿਲੋ ਹੈਰੋਇਨ ਸਮੱਗਲਿੰਗ ਵਿੱਚ ਗ੍ਰਿਫਤਾਰ ਕੀਤਾ ਸੀ। ਉਸ ਉੱਤੇ 16 ਅਪ੍ਰੈਲ 2018 ਵੀ ਨਸ਼ਾ ਸਮੱਗਲਿੰਗ ਦਾ ਕੇਸ ਦਰਜ ਕੀਤਾ ਗਿਆ ਅਤੇ ਪੰਜ ਨਵੰਬਰ 2018 ਨੂੰ ਪੁਲਸ ਨੇ ਅਸਲਾ ਐਕਟ ਵਿੱਚ ਉਸ ਨੂੰ ਨਾਮਜ਼ਦ ਕੀਤਾ ਸੀ।

# ਭਾਜਪਾ ਸਮੱਰਥਕਾਂ ਦੀ ਗੱਡੀ ਤੋਂ ‘ਬਚਾਅ ਲਈ’ ਪਾਰਟੀ ਝੰਡੀ ਲੁਹਾਈ

*** ਸਮਰਥਕਾਂ ਨੇ ਕਿਹਾ, ‘ਅੱਗ ਲੱਗੀ ਹੋਈ ਹੈ, ਕੋਈ ਗੱਡੀ ਤੋੜ ਦੇਵੇਗਾ’**

ਜਲੰਧਰ, 14 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਸੋਸ਼ਲ ਮੀਡੀਆ ਉੱਤੇ ਹੋ ਰਹੇ ਪ੍ਰਚਾਰ ਉੱਤੇ ਰਾਜਸੀ ਆਗੂਆਂ ਸਮੇਤ ਬਾਲੀਵੁੱਡ ਅਤੇ ਪੰਜਾਬੀ ਫ਼ਿਲਮ ਜਗਤ ਨਾਲ ਜੁੜੇ ਲੋਕਾਂ ਵਿੱਚ ਭਾਰੀ ਨੋਕ-ਝੋਕ ਚੱਲ ਰਹੀ ਹੈ। ਇਸ ਕ੍ਰਮ ਵਿੱਚ ਕਾਂਗਰਸ ਵਿਧਾਇਕ ਨਵਜੋਤ ਸਿੰਘ ਸਿੱਧੂ ਵੀ ਬੇਬਾਕੀ ਨਾਲ ਬੋਲ ਰਹੇ ਹਨ।

ਕੱਲ੍ਹ ਸ਼ਾਮ ਨਵਜੋਤ ਸਿੰਘ ਸਿੱਧੂ ਨੇ ਟਵੀਟ ਅਤੇ ਵੀਡੀਓ ਸ਼ੇਅਰ ਕੀਤੇ, ਜਿਸ ਵਿੱਚ ਭਾਜਪਾ ਸਮਰਥਕਾਂ ਦੀ ਗੱਡੀ ਤੋਂ ਭਾਜਪਾ ਦੀ ਝੰਡੀ ਨੂੰ ਉਤਾਰਿਆ ਗਿਆ ਤੇ ਇਹ ਇਸ ਲਈ ਕੀਤਾ ਗਿਆ ਤਾਂ ਕਿ ਉਨ੍ਹਾਂ ਲੋਕਾਂ ਨੂੰ ਕਿਸੇ ਵਿਰੁੱਧ ਦਾ ਸਾਹਮਣਾ ਨਾ ਕਰਨਾ ਪਵੇ। ਇਸ ਬਾਰੇ ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰਕੇ ਕਿਹਾ, ‘ਭਲਾਈ ਸਭ ਤੋਂ ਵੱਡਾ ਕਾਨੂੰਨ ਹੈ।’ ਇਹ ਟਵੀਟ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ’ਤੇ ਕਈ ਸਵਾਲ ਖੜ੍ਹੇ ਕਰਦਾ ਹੈ। ਸਿੱਧੂ ਦਾ ਟਵੀਟ ਸਿਰਫ 9 ਸ਼ਬਦਾਂ ਦਾ ਹੈ, ਪਰ ਇਸ ਦੀ ਗਹਿਰਾਈ ਵੱਡੀ ਹੈ, ਕਿਉਂਕਿ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਨੂੰ ਵਾਪਸ ਨਹੀਂ ਲੈ ਰਹੀ ਅਤੇ ਕਿਸਾਨ ਸਰਦੀ ਵਿੱਚ ਬੈਠੇ ਹਨ। ਨਵਜੋਤ ਸਿੱਧੂ ਭਲਾਈ ਨੂੰ ਸਭ ਤੋਂ ਵੱਡਾ ਕਾਨੂੰਨ ਕਹਿੰਦੇ ਹਨ। ਇਸ ਨਾਲ ਜੁੜਦੀ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਹਾਈਵੇ ਉੱਤੇ ਮੇਰਠ ਤੋਂ ਆਈ ਯੂ ਪੀ ਦੇ ਨੰਬਰ ਦੀ ਇੱਕ ਗੱਡੀ ਲੰਘਦੀ ਹੈ। ਉਸ ਗੱਡੀ ਵਿੱਚ ਸਵਾਰ ਲੋਕਾਂ ਨੂੰ ਡਰਾਈਵਰਾਂ ਦਾ ਪ੍ਰਧਾਨ ਨਰਿੰਦਰ ਸਿੰਘ ਕਹਿੰਦਾ ਹੈ ਕਿ ‘ਆਪਣੀ ਝੰਡੀ ਉਤਾਰ ਲਵੋ। ਅੱਗ ਲੱਗੀ ਹੋਈ, ਕਿਤੇ ਕੋਈ ਤੁਹਾਡੀ ਗੱਡੀ ਤੋੜ ਦੇਵੇਗਾ।’ ਫਿਰ ਉਹ ਪੁੱਛਦਾ ਹੈ ਕਿ ‘ਤੁਸੀਂ ਕਿਥੋਂ ਆ ਰਹੇ ਹਨ?’ ਉਹ ਆਦਮੀ ਕਹਿੰਦਾ ਹੈ ਕਿ ਅਸੀਂ ਮੇਰਠ ਤੋਂ ਆਏ ਹਾਂ। ਪ੍ਰਧਾਨ ਕਹਿੰਦਾ ਹੈ ਕਿ ‘ਕਿਸੇ ਨੇ ਤੁਹਾਨੂੰ ਦੱਸਿਆ ਨਹੀਂ ਕਿ ਇਥੇ ਇੰਨੀ ਅੱਗ ਲੱਗੀ ਹੋਈ ਹੈ ਅਤੇ ਤੁਸੀਂ ਇਹ (ਭਾਜਪਾ ਦੀ ਝੰਡੀ) ਲਾ ਕੇ ਘੁੰਮ ਰਹੇ ਹੋ।’ ਇਸ ਦੇ ਬਾਅਦ ਭਾਜਪਾ ਦੀ ਝੰਡੀ ਗੱਡੀ ਤੋਂ ਲਾਹੀ ਜਾਂਦੀ ਹੈ ਅਤੇ ਉਸ ਗੱਡੀ ਨੂੰ ਬਿਨਾਂ ਕੋਈ ਨੁਕਸਾਨ ਪੁਚਾਏ ਉਥੋਂ ਭੇਜ ਦਿੱਤਾ ਜਾਂਦਾ ਹੈ।

ਇਸ ਵੀਡੀਓ ’ਤੇ ਹੋਰ ਵੀ ਲੋਕਾਂ ਨੇ ਟਵੀਟ ਕੀਤਾ ਅਤੇ ਕਿਹਾ ਹੈ ਕਿ ‘ਕੇਂਦਰ ਦੀ ਤਾਨਾਸ਼ਾਹ ਸਰਕਾਰ ਦੇਖ ਲਵੇ। ਕਿਸਾਨਾਂ ਦੇ ਕਰੋੜਾਂ ਸਮਰਥਕ ਹਨ, ਫਿਰ ਵੀ ਕਿਸਾਨ ਸ਼ਾਂਤੀਮਈ ਢੰਗ ਨਾਲ ਆਪਣਾ ਵਿਰੋਧ ਪ੍ਰਗਟ ਕਰ ਰਹੇ ਹਨ ਅਤੇ ਸਰਕਾਰ ਆਪਣਾ ਹੱਠ ਛੱਡ ਨਹੀਂ ਰਹੀ।’

# ਸਰਹੱਦ ਪਾਰੋਂ ਨਸ਼ਾ ਤਸਕਰੀ ਦੇ ਕੇਸ ਦੀ ਜਾਂਚ ਸੀ ਬੀ ਆਈ ਕਰੇਗੀ

ਚੰਡੀਗੜ੍ਹ, 14 ਜਨਵਰੀ (ਪੋਸਟ ਬਿਊਰੋ)- ਸਰਹੱਦ ਪਾਰੋਂ ਨਸ਼ਾ ਤਸਕਰੀ ਕੇਸ ਦੇ ਦੋਸ਼ੀ ਨੂੰ ਝੂਠਾ ਫਸਾਉਣ ਦੇ ਇੱਕ ਕੇਸ ’ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੀ ਬੀ ਆਈ ਜਾਂਚ ਦੇ ਆਦੇਸ਼ ਦਿੱਤੇ ਹਨ। ਹਾਈ ਕੋਰਟ ਨੇ ਕਿਹਾ ਹੈ ਕਿ ਇਸ ਕੇਸ ਵਿੱਚ ਸਬੰਧਤ ਅਥਾਰਿਟੀ ਵੱਲੋਂ ਕੇਸ ਦੇ ਤੱਥ ਸਾਹਮਣੇ ਆਉਣ ਪਿੱਛੋਂ ਵੀ ਕੋਈ ਕਾਰਵਾਈ ਨਾ ਕਰਨ ਦੇ ਕਾਰਨ ਅਦਾਲਤ ਦੇ ਕੋਲ ਇਸ ਕੇਸ ਵਿੱਚ ਦਖ਼ਲ ਦੇਣ ਤੋਂ ਬਿਨਾਂ ਕੋਈ ਚਾਰਾ ਨਹੀਂ। ਇਸ ਕੇਸ ਵਿੱਚ ਪਟੀਸ਼ਨ ਕਰਤਾ (ਮੁਲਜ਼ਮ) ਨੇ ਦੋਸ਼ ਲਾਇਆ ਸੀ ਕਿ ਉਹ ਰਾਜਨੀਤੀ ਦਾ ਸ਼ਿਕਾਰ ਹੋਇਆ ਹੈ। ਹਾਈ ਕੋਰਟ ਦੇ ਜਸਟਿਸ ਅਨਿਲ ਛੇਤਰਪਾਲ ਨੇ ਸੀ ਬੀ ਆਈ ਨੂੰ ਦੋਸ਼ੀ ਅਧਿਕਾਰੀਆਂ ਉਤੇ ਕੇਸ ਦਰਜ ਨੂੰ ਲਈ ਕਿਹਾ ਹੈ। ਪਟੀਸ਼ਨ ਕਰਤਾ ਬਲਵਿੰਦਰ ਸਿੰਘ ਨੇ ਪੰਜਾਬ ਸਰਕਾਰ ਤੇ ਹੋਰਨਾਂ ਨੂੰ ਪਾਰਟੀ ਬਣਾ ਕੇ ਅਰਜ਼ੀ ਦਾਇਰ ਕੀਤੀ ਸੀ।




ਪੁਲਸ ਦੇ ਕੇਸ ਮੁਤਾਬਕ ਪਟੀਸ਼ਨਰ ਪਾਕਿਸਤਾਨ ਤੋਂ ਆਏ ਨਸ਼ੇ ਦੀ ਤਸਕਰੀ ’ਚ ਸ਼ਾਮਲ ਸੀ। ਅੰਮ੍ਰਿਤਸਰ ਪੁਲਸ ਨੇ ਇਸ ਬਾਰੇ ਚਾਰ ਅਗਸਤ 2017 ਨੂੰ ਇੱਕ ਅਪਰਾਧਿਕ ਕੇਸ ਦਰਜ ਕੀਤਾ ਸੀ। ਹਾਈ ਕੋਰਟ ਨੇ ਇਸ ਬਾਰੇ ਐਸ ਟੀ ਐਫ (ਸਪੈਸ਼ਲ ਟਾਸਕ ਫੋਰਸ) ਦੇ ਡੀ ਜੀ ਪੀ ਪੰਜਾਬ ਵੱਲੋਂ ਪੇਸ਼ ਐਫੀਡੇਵਿਟ ਬਾਰੇ ਕਿਹਾ ਕਿ ਇਸ ਵਿੱਚ ਕਈ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਗਏ। ਇਸ ਵਿੱਚ ਡਾਇਰੈਕਟਰ, ਬਿਊਰੋ ਆਫ ਇਨਵੈਸਟੀਗੇਸ਼ਨ, ਪ੍ਰਮੋਦ ਕੁਮਾਰ ਨੂੰ ਵੀ ਪੁਲਸ ਦਾਇਰਿਆਂ, ਸੀ ਸੀ ਟੀ ਵੀ ਫੁਟੇਜ, ਕਾਲ ਡੀਟੇਲ, ਪਟੀਸ਼ਨਰ ਅਤੇ ਪੁਲਸ ਅਫ਼ਸਰਾਂ ਦੇ ਫ਼ੋਨਜ਼ ਦੀ ਟਾਵਰ ਲੋਕੇਸ਼ਨ ਦੀ ਜਾਂਚ ਕਰਨ ਲਈ ਕਿਹਾ ਗਿਆ ਸੀ। ਰਿਪੋਰਟ 'ਚ ਬਲਵਿੰਦਰ ਸਿੰਘ ਦੀਆਂ ਕਹੀਆਂ ਗੱਲਾਂ ਦੀ ਸਬੂਤਾਂ ਨਾਲ ਪੁਸ਼ਟੀ ਹੋਈ ਸੀ ਅਤੇ ਸ਼ੁਰੂ ਦੇ ਪੱਧਰ ’ਤੇ ਦਰਜ ਕੇਸ ’ਚ ਸ਼ੱਕ ਪੈਦਾ ਹੋਇਆ ਸੀ। ਹਾਈ ਕੋਰਟ ਨੇ ਟਰਾਇਲ ਕੋਰਟ ਨੂੰ ਪਟੀਸ਼ਨਰ ਦੇ ਸਬੰਧ ’ਚ ਮੁਕੱਦਮੇ ਨੂੰ ਸੀ ਬੀ ਆਈ ਦੀ ਜਾਂਚ ਪੂਰੀ ਹੋਣ ਤੱਕ ਰੋਕ ਲਾਉਣ ਦੇ ਆਦੇਸ਼ ਵੀ ਦਿੱਤੇ ਹਨ।

# 738 ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲ ਬਣਾਉਣ ਲਈ ਚਾਰ ਕਰੋੜ ਪੰਜਾਬ ਸਰਕਾਰ ਵੱਲੋਂ ਜਾਰੀ



ਚੰਡੀਗੜ੍ਹ, 14 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲਾਂ ਵਿੱਚ ਬਦਲਣ ਦੀ ਮੁਹਿੰਮ ਹੇਠ ਸਿੱਖਿਆ ਵਿਭਾਗ ਨੇ ਚਾਰ ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਹੈ।

ਸਿੱਖਿਆ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਰਾਜ ਸਰਕਾਰ ਦੀ ‘ਸਮਾਰਟ ਸਕੂਲ ਮੁਹਿੰਮ’ ਹੇਠ ਇਨ੍ਹਾਂ ਸਰਕਾਰੀ ਸਕੂਲਾਂ ਨੂੰ ਸਮਾਰਟ ਬਣਾਉਣ ਲਈ ਲੋੜੀਂਦਾ ਆਧੁਨਿਕ ਤਕਨੀਕੀ ਸਾਜੋ ਸਮਾਨ ਦਿੱਤਾ ਜਾ ਰਿਹਾ ਹੈ ਅਤੇ ਇਹ ਰਕਮ ਇਨ੍ਹਾਂ ਕੰਮਾਂ ਲਈ ਵਰਤੀ ਜਾਵੇਗੀ। ਬੁਲਾਰੇ ਅਨੁਸਾਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਐਸ ਪੀ ਡੀ ਵੱਲੋਂ ਇਸ ਬਾਰੇ ਸਭ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ, ਜਿਸ ਅਨੁਸਾਰ 738 ਸਕੂਲਾਂ ਨੂੰ ਸਮਾਰਟ ਸਕੂਲਾਂ ਵਿੱਚ ਬਦਲਿਆ ਜਾਵੇਗਾ। ਇਨ੍ਹਾਂ ਵਿੱਚ 363 ਪ੍ਰਾਇਮਰੀ, 90 ਮਿਡਲ, 109 ਹਾਈ ਤੇ 176 ਸੀਨੀਅਰ ਸੈਕੰਡਰੀ ਸਕੂਲ ਸ਼ਾਮਲ ਹਨ। ਇਸ ਗ੍ਰਾਂਟ ਹੇਠ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਨੂੰ ਗੇਟਾਂ ਦੀ ਸੁੰਦਰਤਾ ਲਈ 15 ਹਜ਼ਾਰ ਪ੍ਰਤੀ ਸਕੂਲ, ਕਲਰ ਕੋਡਿੰਗ ਲਈ 25 ਹਜ਼ਾਰ ਪ੍ਰਤੀ ਸਕੂਲ ਅਤੇ ਸਿੱਖਿਆ ਪਾਰਕਾਂ ਲਈ 10 ਹਜ਼ਾਰ ਪ੍ਰਤੀ ਸਕੂਲ ਦਿੱਤੇ ਗਏ ਹਨ। ਸਰਕਾਰੀ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਲਈ 18 ਹਜ਼ਾਰ ਰੁਪਏ ਪ੍ਰਤੀ ਸਕੂਲ ਗੇਟਾਂ ਦੀ ਸੁੰਦਰਤਾ ਲਈ, ਕਲਰ ਕੋਡਿੰਗ ਲਈ ਹਾਈ ਸਕੂਲਾਂ ਨੂੰ 50 ਹਜ਼ਾਰ ਪ੍ਰਤੀ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ 75 ਹਜ਼ਾਰ ਪ੍ਰਤੀ ਸਕੂਲ ਅਤੇ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ 20 ਹਜ਼ਾਰ ਪ੍ਰਤੀ ਸਕੂਲ ਦਿੱਤੇ ਗਏ ਹਨ।

# ਐਸ ਸੀ ਕਮਿਸ਼ਨ ਦੇ ਦਖਲ ਨਾਲ ਜਾਤੀ ਸੂਚਕ ਗਾਲਾਂ ਕੱਢਣ ਦਾ ਕੇਸ ਦਰਜ

ਚੰਡੀਗੜ੍ਹ, 14 ਜਨਵਰੀ (ਪੋਸਟ ਬਿਊਰੋ)- ਪੰਜਾਬ ਰਾਜ ਅਨੁਸੂਚਿਤ ਜਾਤੀਆਂ (ਐਸ ਸੀ) ਕਮਿਸ਼ਨ ਦੇ ਦਖਲ ਦੇਣ ਨਾਲ ਕਪੂਰਥਲਾ ਜ਼ਿਲ੍ਹੇ ਦੇ ਫਗਵਾੜਾ ਤਹਿਸੀਲ ਦੇ ਪਿੰਡ ਰਾਣੀਪੁਰ ਰਾਜਪੂਤਾਂ ਦੇ ਸਾਬਕਾ ਸਰਪੰਚ ਪ੍ਰਕਾਸ਼ ਸਿੰਘ ਦੀ ਸ਼ਿਕਾਇਤ ’ਤੇ ਉਸ ਪਿੰਡ ਦੇ ਹਰਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਵਿਰੁੱਧ ਐੱਸ ਸੀ ਐਂਡ ਐੱਸ ਟੀ ਐਕਟ 2015 ਦੀਆਂ ਵੱਖ-ਵੱਖ ਧਰਾਵਾਂ ਅਧੀਨ ਕੇਸ ਦਰਜ ਕਰ ਲਿਆ ਗਿਆ ਹੈ।

ਇਸ ਬਾਰੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਬਾਰੇ ਕਮਿਸ਼ਨ ਦੀ ਚੇਅਰਪਰਸਨ ਤੇਜਿੰਦਰ ਕੌਰ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਪ੍ਰਕਾਸ਼ ਸਿੰਘ ਨੇ ਕਮਿਸ਼ਨ ਕੋਲ ਫਰਵਰੀ 2018 ਵਿੱਚ ਲਿਖਤੀ ਸ਼ਿਕਾਇਤ ਕੀਤੀ ਸੀ ਕਿ ਜਦੋਂ ਉਹ



ਸਰਪੰਚ ਹੋਣ ਕਾਰਨ ਪਿੰਡ ਦੇ ਵਿਕਾਸ ਕਾਰਜਾਂ ਬਾਰੇ ਪਿੰਡ ਵਿੱਚ ਘੁੰਮਦਾ ਸੀ ਤਾਂ ਹਰਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਹਰ ਵਾਰ ਉਸ ਨੂੰ ਜਾਤੀ ਸੂਚਕ ਗਾਲਾਂ ਕੱਢਦਾ ਸੀ। ਉਨ੍ਹਾਂ ਦੱਸਿਆ ਕਿ ਇਸ ਦੀ ਜਾਂਚ ਪੰਜਾਬ ਪੁਲਸ ਅਤੇ ਬਿਊਰੋ ਆਫ ਇੰਵੈਸਟੀਗੇਸ਼ਨ ਤੋਂ ਕਾਰਵਾਈ ਗਈ ਸੀ, ਪਰ ਇਨ੍ਹਾਂ ਵੱਲੋਂ ਇਸ ਬਾਰੇ ਕੇਸ ਨਾ ਦਰਜ ਕਰਨ ਦੀ ਸ਼ਿਫਾਰਿਸ਼ ਕੀਤੀ ਗਈ ਸੀ, ਜਿਸ ਦੀ ਪ੍ਰੋੜ੍ਹਤਾ ਡੀ ਏ ਲੀਗਲ ਨੇ ਵੀ ਕੀਤੀ ਸੀ। ਤੇਜਿੰਦਰ ਕੌਰ ਨੇ ਦੱਸਿਆ ਕਿ ਕਮਿਸ਼ਨ ਨੇ ਫਿਰ ਇਸ ਕੇਸ ਦੀ ਜਾਂਚ ਕਮਿਸ਼ਨ ਦੇ ਮੈਂਬਰ ਗਿਆਨ ਚੰਦ ਦੀਵਾਲੀ ਰਾਹੀ ਕਰਵਾਈ, ਜਿਸ ਪਿੱਛੋਂ ਸਬੰਧਤ ਜ਼ਿਲ੍ਹਾ ਪੁਲਸ ਨੂੰ ਇਸ ਬਾਰੇ ਐੱਸ ਸੀ/ ਐੱਸ ਟੀ ਐਕਟ ਕੇਸ ਦਰਜ ਕਰਨ ਲਈ ਕਿਹਾ ਗਿਆ ਤਾਂ ਪੁਲਸ ਨੇ ਕੇ ਦਰਜ ਕਰ ਲਿਆ ਹੈ।



# ਭਾਰਤ ਸਰਕਾਰ ਵੱਲੋਂ 48 ਹਜ਼ਾਰ ਕਰੋੜ ਰੁਪਏ ਦੇ 83 ਤੇਜਸ ਜਹਾਜ਼ ਖ਼ਰੀਦਣ ਨੂੰ ਪ੍ਰਵਾਨਗੀ

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ 48,000 ਕਰੋੜ ਰੁਪਏ ਦੀ ਲਾਗਤ ਨਾਲ ਭਾਰਤੀ ਹਵਾਈ ਸੈਨਾ (ਆਈ ਏ ਐਫ) ਲਈ 83 ਸਵਦੇਸ਼ੀ ਹਲਕੇ ਲੜਾਕੂ ਹਵਾਈ ਜਹਾਜ਼ 'ਤੇਜਸ' ਦੀ ਖਰੀਦ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਦੱਸਿਆ ਕਿ ਇਹ ਫ਼ੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੱਲ੍ਹ ਮੰਤਰੀ-ਮੰਡਲ ਸੁਰੱਖਿਆ ਕਮੇਟੀ (ਸੀ ਸੀ ਐਸ) ਦੀ ਬੈਠਕ 'ਚ ਲਿਆ ਗਿਆ ਹੈ।



ਰਾਜਨਾਥ ਸਿੰਘ ਨੇ ਟਵੀਟ ਕਰਕੇ ਕਿਹਾ ਕਿ ਇਹ ਸੌਦਾ ਭਾਰਤ ਦੇ ਰੱਖਿਆ ਨਿਰਮਾਣ ਵਿੱਚ ਸਵੈ-ਨਿਰਭਰਤਾ ਦੇ ਲਈ ਇੱਕ 'ਗੇਮ-ਚੇਂਜਰ' ਹੋਵੇਗਾ। ਦੇਸ਼ ਦੇ ਸਭ ਤੋਂ ਵੱਡੇ ਸਵਦੇਸ਼ੀ ਫੌਜੀ ਖਰੀਦ ਸੌਦੇ ਨੂੰ ਪ੍ਰਵਾਨਗੀ ਮਿਲਣ ਨਾਲ ਆਈ ਏ ਐਫ ਦੇ ਹਲਕੇ ਲੜਾਕੂ ਜਹਾਜ਼ 'ਐਲ ਸੀ ਏ-ਤੇਜਸ' ਦੇ ਬੇੜੇ ਨੂੰ ਮਜ਼ਬੂਤੀ ਮਿਲੇਗੀ। ਉਨ੍ਹਾਂ ਦੱਸਿਆ ਕਿ ਆਈ ਏ ਐਫ ਵੱਲੋਂ ਕਰੀਬ ਤਿੰਨ ਸਾਲ ਪਹਿਲਾਂ 83 ਲੜਾਕੂ ਤੇਜਸ ਹਵਾਈ ਜਹਾਜ਼ਾਂ ਦੀ ਖਰੀਦ ਲਈ ਸ਼ੁਰੂ ਦਾ ਟੈਂਡਰ ਜਾਰੀ ਕੀਤਾ ਗਿਆ ਸੀ। ਸਾਢੇ ਚਾਰ ਪੀੜ੍ਹੀਆਂ ਦੇ ਇਸ ਲੜਾਕੂ ਜਹਾਜ਼ 'ਤੇ ਵੱਡੀ ਗਿਣਤੀ 'ਚ ਨਵੀਂ ਤਕਨਾਲੋਜੀ ਦੀ ਵਰਤੋਂ ਕੀਤੀ ਗਈ ਹੈ, ਜਿਨ੍ਹਾਂ ਦੀ ਵਰਤੋਂ ਪਹਿਲਾਂ ਭਾਰਤ 'ਚ ਨਹੀਂ ਹੋਈ ਸੀ। ਰੱਖਿਆ ਮੰਤਰੀ ਨੇ ਦੱਸਿਆ ਕਿ ਐਲ ਸੀ ਏ-ਤੇਜਸ ਦੀ ਸਵਦੇਸ਼ੀ ਸਮੱਗਰੀ ਐਮ ਕੇ 1- ਏ ਰੂਪ ਵਿੱਚ 50 ਫ਼ੀਸਦੀ ਹੈ, ਜੋ ਵਧਾ ਕੇ 60 ਫ਼ੀਸਦੀ ਕੀਤੀ ਜਾਵੇਗੀ। ਇਨ੍ਹਾਂ ਹਵਾਈ ਜਹਾਜ਼ਾਂ ਦਾ ਨਿਰਮਾਣ ਕਰਨ ਵਾਲੀ ਹਿੰ-ਦੁਸਤਾਨ ਐਰੋਨੋਟਿਕਸ ਲਿਮਿਟਿਡ (ਐਚ ਏ ਐਲ) ਵੱਲੋਂ ਆਪਣੇ ਨਾਸਿਕ ਅਤੇ ਬੈਂਗਲੁਰੂ ਡਵੀਜ਼ਨਾਂ 'ਚ ਇਸ ਦੇ ਦੂਸਰੀ-ਕਤਾਰ ਦੇ ਨਿਰਮਾਣ ਦੀਆਂ ਸਹੂਲਤਾਂ ਸਥਾਪਤ ਕੀਤੀਆਂ ਹਨ।ਉਨ੍ਹਾਂ ਦੱਸਿਆ ਕਿ ਐਚ ਏ ਐਲ ਵੱਲੋਂ ਵਿਕਾਸਸ਼ੀਲ ਬੁਨਿਆਦੀ ਢਾਂਚੇ ਨਾਲ ਲੈਸ ਆਈ ਏ ਐਫ ਨੂੰ ਸਮੇਂ ਸਿਰ ਸੁਪਰਦਗੀ ਲਈ ਐਲ ਸੀ ਏ-ਐਮ ਕੇ 1 ਏ ਉਤਪਾਦਨ ਅੱਗੇ ਵਧਾਏਗੀ। ਉਨ੍ਹਾਂ ਕਿਹਾ ਕਿ ਤੇਜਸ ਪ੍ਰੋਗਰਾਮ ਭਾਰਤੀ ਹਵਾਈ ਪੁਲਾੜ ਨਿਰਮਾਣ ਵਾਤਾਵਰਨ ਪ੍ਰਣਾਲੀ ਨੂੰ ਸਰਗਰਮ ਤੇ ਸਵੈ-ਨਿਰਭਰਤਾ 'ਚ ਬਦਲਣ ਲਈ ਪ੍ਰੇਰਕ ਵਜੋਂ ਕੰਮ ਕਰੇਗਾ।

# ਮਨੀ ਲਾਂਡਰਿੰਗ ਕੇਸ ਵਿੱਚ ਟੀ ਐਮ ਸੀ ਦਾ ਸਾਬਕਾ ਪਾਰਲੀਮੈਂਟ ਮੈਂਬਰ ਕੇ ਡੀ ਸਿੰਘ ਗ੍ਰਿਫ਼ਤਾਰ

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਹੋਣ ਤੋਂ ਪਹਿਲਾਂ ਸਿਆਸੀ ਜੰਗ ਤੇਜ਼ ਹੋ ਗਈ ਹੈ। ਇਨਫ਼ੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਰਾਜ ਸਭਾ ਦੇ ਸਾਬਕਾ ਮੈਂਬਰ ਅਤੇ ਤ੍ਰਿਣਮੂਲ ਕਾਂਗਰਸ (ਟੀ ਐਮ ਸੀ) ਦੇ ਸੀਨੀਅਰ ਆਗੂ ਕੇ ਡੀ ਸਿੰਘ ਨੂੰ ਮਨੀ ਲਾਂਡਰਿੰਗ ਨਾਲ ਜੁੜੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਹੈ।



ਜਾਣਕਾਰ ਸੂਤਰਾਂ ਨੇ ਦੱਸਿਆ ਕਿ ਕੇ ਡੀ ਸਿੰਘ ਨੂੰ ਮਨੀ ਲਾਂਡਰਿੰਗ ਰੋਕੂ ਐਕਟ (ਪੀ ਐਮ ਐਲ ਏ) ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਦਿੱਲੀ ਦੀ ਰਾਊਜ ਐਵੀਨਿਊ ਕੋਰਟ ਨੇ ਕੇਡੀ ਸਿੰਘ ਨੂੰ 16 ਜਨਵਰੀ ਤੱਕ ਈ ਡੀ ਹਿਰਾਸਤ ਵਿੱਚ ਭੇਜ ਦਿੱਤਾ ਹੈ। ਟੀ ਐਮ ਸੀ ਦੇ ਸਾਬਕਾ ਪਾਰਲੀਮੈਂਟ ਮੈਂਬਰ ਵਿਰੁੱਧ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਗਿਆ ਹੈ। ਕੇ ਡੀ ਸਿੰਘ ਦੀ ਕੰਪਨੀ ਐਲਕੈਮਿਸਟ ਇਨਫ਼ਰਾ ਰਿਆਲਿਟੀ ਲਿਮਟਿਡ ਉਤੇ ਲੋਕਾਂ ਨੂੰ ਕਰੀਬ 1900 ਕਰੋੜ ਰੁਪਏ ਦਾ ਚੂਨਾ ਲਾਉਣ ਦਾ ਦੋਸ਼ ਹੈ। ਸਤੰਬਰ 2019 ਵਿੱਚ ਕੇਂਦਰੀ ਜਾਂਚ ਏਜੰਸੀ ਨੇ ਕੇ ਡੀ ਸਿੰਘ ਅਤੇ ਉਸ ਨਾਲ ਜੁੜੇ ਲੋਕਾਂ ਦੇ ਅਹਾਤੇ ਵਿੱਚ ਤਲਾਸ਼ੀ ਲਈ। ਏਜੰਸੀ ਨੇ ਇੱਥੋਂ 239 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਸੀ। ਇਨਫ਼ੋਰਸਮੈਂਟ ਅਨੁਸਾਰ ਸਾਬਕਾ ਪਾਰਲੀਮੈਂਟ ਮੈਂਬਰ ਦੀਆਂ ਕੰਪਨੀਆਂ ਵੱਲੋਂ ਨਿਵੇਸ਼ ਦੇ ਨਾਮ ਉੱਤੇ ਹਜ਼ਾਰਾਂ ਗਾਹਕਾਂ ਤੋਂ ਵੱਡੀ ਰਕਮ ਇਕੱਠੀ ਕੀਤੀ ਗਈ ਅਤੇ ਗਾਹਕਾਂ ਨੂੰ ਇਹ ਕਹਿੰਦੇ ਹੋਏ ਲਾਲਚ ਦਿੱਤਾ ਕਿ ਉਨ੍ਹਾਂ ਨੂੰ ਉਚਿਤ ਰਿਟਰਨ ਮਿਲੇਗੀ।

# ਬਦ-ਇਖਲਾਕੀ ਨੂੰ ਅਪਰਾਧ ਨਾ ਮੰਨਿਆ ਤਾਂ ਫੌਜ ਵਿੱਚ ਅਸਥਿਰਤਾ ਫੈਲਣ ਦਾ ਡਰ

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਸੁਪਰੀਮ ਕੋਰਟ ਨੂੰ ਆਪਣੇ ਉਸ ਖਾਸ ਫ਼ੈਸਲੇ ਉਤੇ ਸਪੱਸ਼ਟੀਕਰਨ ਦੇਣ ਦੀ ਬੇਨਤੀ ਕੀਤੀ ਹੈ, ਜਿਸ ਵਿੱਚ ਆਈ ਪੀ ਸੀ ਦੀ ਧਾਰਾ 497 ਰੱਦ ਕੀਤੀ ਗਈ ਸੀ। ਇਹ ਧਾਰਾ ਚਰਿਤਰਹੀਣਤਾ ਨੂੰ ਅਪਰਾਧ ਕਰਾਰ ਦਿੰਦੀ ਸੀ। ਅਦਾਲਤ ਨੇ ਇਸ ਧਾਰਾ ਨੂੰ ਇਸ ਆਧਾਰ 'ਤੇ ਰੱਦ ਕੀਤਾ ਸੀ ਕਿ ਇਹ ਧਾਰਾ ਔਰਤਾਂ ਨੂੰ ਮਰਦਾਂ ਦੀ ਤੁਲਨਾ ਵਿੱਚ ਕਮਜ਼ੋਰ ਹਾਲਤ ਵਿੱਚ ਰੱਖਦੀ ਹੈ।

ਇਸ ਕੇਸ ਵਿੱਚ ਅਦਾਲਤ ਨੇ ਇਹ ਵੀ ਕਿਹਾ ਸੀ ਕਿ ਜੇ ਕੋਈ ਵਿਅਕਤੀ ਵਿਆਹ ਤੋਂ ਬਾਅਦ ਕਿਸੇ ਹੋਰ ਔਰਤ ਨਾਲ ਸੰਬੰਧ ਬਣਾਉਂਦਾ ਹੈ ਤਾਂ ਉਹ ਤਲਾਕ ਦਾ ਆਧਾਰ ਹੋ ਸਕਦਾ ਹੈ, ਪਰ ਇਸ ਦੇ ਲਈ ਉਸ ਨੂੰ ਜੇਲ੍ਹ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਸੁਪਰੀਮ ਕੋਰਟ ਨੇ 2018 ਵਿੱਚ ਆਪਣੇ ਫੈਸਲੇ ਵਿੱਚ ਸਮਲਿੰਗੀ ਸੰਬੰਧ ਅਤੇ ਵਿਆਹ ਤੋਂ ਬਾਅਦ ਦੇ ਸੰਬੰਧਾਂ ਨੂੰ ਸਜ਼ਾਯੋਗ ਅਪਰਾਧ ਤੋਂ ਬਾਹਰ ਕਰ ਦਿੱਤਾ ਸੀ। ਸਰਕਾਰ ਨੇ ਲੱਗਭਗ ਸਵਾ 2 ਸਾਲ ਬਾਅਦ ਅਦਾਲਤ ਵਿੱਚ ਸ਼ੱਕ ਪ੍ਰਗਟ ਕੀਤਾ ਹੈ ਕਿ ਇਸ ਫੈਸਲੇ ਨਾਲ ਫੌਜ ਵਿੱਚ ਅਸਥਿਰਤਾ ਫੈਲ ਸਕਦੀ ਹੈ।

27 ਸਤੰਬਰ 2018 ਨੂੰ ਜੋਸੇਫ ਸ਼ਾਈਨ ਬਨਾਮ ਭਾਰਤ ਸਰਕਾਰ ਦੇ ਕੇਸ ਵਿੱਚ ਸੰਵਿਧਾਨਕ ਬੈਂਚ ਦੇ ਫੈਸਲੇ ਉਤੇ ਭਾਰਤ ਸਰਕਾਰ ਨੇ ਸਪੱਸ਼ਟੀਕਰਨ ਮੰਗਿਆ ਅਤੇ ਦਲੀਲ ਦਿੱਤੀ ਹੈ ਕਿ ਫੈਸਲਾ ਕਰਦੇ ਸਮੇਂ ਸੁਪਰੀਮ ਕੋਰਟ ਨੇ ਫ਼ੌਜ ਦੀ ਵੱਖਰੀ ਸਥਿਤੀ 'ਤੇ ਵਿਚਾਰ ਨਹੀਂ ਕੀਤਾ। ਹਥਿਆਰਬੰਦ ਫੋਰਸਿਜ਼ ਐਕਟ ਵਿੱਚ ਵਿਭਚਾਰ ਨੂੰ ਵੱਖਰਾ ਨਹੀਂ ਲਿਖਿਆ ਗਿਆ ਹੈ, ਪਰ ਜੇ ਕੋਈ ਫ਼ੌਜੀ ਅਧਿਕਾਰੀ ਕਿਸੇ ਦੂਜੇ ਅਧਿਕਾਰੀ ਦੀ ਪਤਨੀ ਨਾਲ ਸੰਬੰਧ ਬਣਾਉਂਦਾ ਹੈ ਤਾਂ ਉਸ ਨੂੰ ਬੇਲੋੜਾ ਕੰਮ ਮੰਨਿਆ ਗਿਆ ਹੈ। ਇਸ ਲਈ ਉਸ ਨੂੰ ਕੋਰਟ ਮਾਰਸ਼ਲ ਦੀ ਕਾਰਵਾਈ ਕਰਕੇ ਬਰਤਰਫ ਕੀਤਾ ਜਾ ਸਕਦਾ ਹੈ।ਸਰਕਾਰ ਨੇ ਦੱਸਿਆ ਕਿ ਫੌਜ ਦੀ ਸੇਵਾ ਅਜਿਹੀ ਹੈ, ਜਿੱਥੇ ਫ਼ੌਜੀ ਨੂੰ ਲੰਬਾ ਸਮਾਂ ਪਰਵਾਰ ਤੋਂ ਦੂਰ ਰਹਿਣਾ ਪੈਂਦਾ ਹੈ। ਇਸ ਲਈ ਜ਼ਮੀਨੀ, ਸਮੁੰਦਰੀ ਅਤੇ ਹਵਾਈ ਫੌਜ ਲਈ ਬਣਾਏਵੱਖ-ਵੱਖ ਕਾਨੂੰਨਾਂ ਵਿੱਚ ਇਹ ਜ਼ਿਕਰ ਹੈ ਕਿ ਜੇ ਕੋਈ ਅਧਿਕਾਰੀ ਦੂਜੇ ਦੀ ਪਤਨੀ ਨਾਲ ਸੰਬੰਧ ਬਣਾਏਗਾ ਤਾਂ ਉਸ ਨੂੰ ਨੌਕਰੀ ਤੋਂ ਹਟਾਇਆ ਜਾਏਗਾ। ਵਿਭਚਾਰ ਨੂੰ ਅਪਰਾਧ ਨਾ ਦੱਸਣ ਵਾਲੇ ਫੈਸਲੇ ਨੂੰ ਜੇ ਫ਼ੌਜ ਉਤੇ ਲਾਗੂ ਕੀਤਾ ਤਾਂ ਅਸਥਿਰਤਾ ਫੈਲ ਸਕਦੀ ਹੈ।ਸਰਕਾਰ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਸੰਵਿਧਾਨ ਦੀ ਧਾਰਾ 13 ਹੇਠ ਮੌਲਿਕ ਅਧਿਕਾਰਾਂ ਨੂੰ ਫ਼ੌਜ ਵਿੱਚ ਸੀਮਤ ਢੰਗ ਨਾਲ ਲਾਗੂ ਕੀਤਾ ਗਿਆ ਹੈ।

# ਭਾਰਤ ਦੀ ਫੌਜ ਵਿੱਚ ਵੀ ਔਰਤਾਂ ਪਾਇਲਟ ਬਣਨਗੀਆਂ

*** ਅਗਲੇ ਸਾਲ ਜੁਲਾਈ ਵਿੱਚ ਪਹਿਲਾ ਬੈਚ ਸਿਖਲਾਈ ਲਵੇਗਾ**

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਭਾਰਤ ਦੀ ਹਵਾਈ ਤੇ ਸਮੁੰਦਰੀ ਫੌਜ ਤੋਂ ਬਾਅਦ ਭਾਰਤ ਦੀ ਜ਼ਮੀਨੀ ਫੌਜ ਵੀ ਆਪਣੀ ਫਲਾਈਂਗ ਬ੍ਰਾਂਚ ਵਿੱਚ ਮਹਿਲਾ ਅਧਿਕਾਰੀਆਂ ਲਈ ਰਸਤਾ ਖੋਲ੍ਹਣ ਲਈ ਤਿਆਰ ਹੋ ਗਈ ਹੈ।

ਇਸ ਬਾਰੇ ਭਾਰਤੀ ਫੌਜ ਦੇ ਮੁਖੀ ਜਨਰਲ ਮਨੋਜ ਮੁਕੁੰਦ ਨਰਵਾਣੇ ਨੇ ਦੱਸਿਆ ਕਿ ਅਗਲੇ ਸਾਲ ਜੁਲਾਈ ਵਿੱਚ ਫੌਜ ਦੀਆਂ ਮਹਿਲਾ ਪਾਇਲਟਾਂ ਦਾ ਪਹਿਲਾ ਬੈਚ ਸਿਖਲਾਈ ਲੈ ਕੇ ਫਲਾਈਂਗ ਬ੍ਰਾਂਚ ਦਾ ਹਿੱਸਾ ਬਣ ਜਾਵੇਗਾ। ਇਸ ਕਦਮ ਨਾਲ ਅਗਲੇ ਸਾਲ ਫੌਜ ਦੇ ਤਿੰਨਾਂ ਅੰਗਾਂ 'ਚ ਮਹਿਲਾ ਪਾਇਲਟ ਜੰਗ ਲਈ ਉਡਾਣ ਲਈ ਯੋਗ ਹੋਣਗੀਆਂ। ਆਰਮੀ ਡੇਅ ਤੋਂ ਪਹਿਲਾਂ ਆਪਣੀ ਸਾਲਾਨਾ ਪ੍ਰੈੱਸ ਕਾਨਫਰੰਸ ਵਿੱਚ ਇਸ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਜਨਰਲ ਨਰਵਾਣੇ ਨੇ ਕਿਹਾ ਕਿ ਇੱਕ ਮਹੀਨਾ ਪਹਿਲਾਂ ਫੌਜ ਦੀ ਫਲਾਈਂਗ ਬ੍ਰਾਂਚ ਵਿੱਚ ਔਰਤਾਂ ਨੂੰਪਾਇਲਟ ਵਜੋਂ ਸ਼ਾਮਲ ਕਰਨ ਦੀ ਤਜਵੀਜ਼ ਉਨ੍ਹਾਂ ਨੇ ਮਨਜ਼ੂਰ ਕੀਤੀ ਹੈ। ਇਸ ਤੋਂ ਬਾਅਦ ਮਹਿਲਾ ਪਾਇਲਟਾਂ ਦੇ ਪਹਿਲੇ ਬੈਚ ਦੀ ਸਿਖਲਾਈ ਲਈ ਚੋਣ ਇਸ ਜੂਨ-ਜੁਲਾਈ ਵਿੱਚ ਹੋਵੇਗੀ। ਮਹਿਲਾ ਫੌਜੀ ਅਧਿਕਾਰੀ ਪਾਇਲਟ ਬਣਨ ਦੀ ਇਸ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਹੋ ਸਕਣਗੀਆਂ।ਫੌਜੀ ਕਮਾਂਡਰ ਨੇ ਕਿਹਾ ਕਿ ਜੁਲਾਈ 2022 ਵਿੱਚ ਫੌਜ ਦੀਆਂ ਮਹਿਲਾ ਪਾਇਲਟਾਂ ਦੇ ਪਹਿਲੇ ਬੈਚ ਦੀ ਟ੍ਰੇਨਿੰਗ ਪੂਰੀ ਹੋਵੇਗੀ। ਤੇ ਉਦੋਂ ਇਨ੍ਹਾਂ ਨੂੰ ਫੌਜ ਦੀ ਫਲਾਈਂਗ ਬ੍ਰਾਂਚ ਵਿੱਚ ਪਾਇਲਟ ਵਜੋਂ ਸ਼ਾਮਲ ਕੀਤਾ ਜਾਵੇਗਾ।



ਜਨਰਲ ਨਰਵਾਣੇ ਨੇ ਕਿਹਾ ਕਿ ਅਜੇ ਤੱਕਫਲਾਈਂਗ ਬ੍ਰਾਂਚ ਵਿੱਚ ਔਰਤਾਂ ਨੂੰ ਸਿਰਫ ਗਰਾਊਂਡ ਹੈਂਡਲਿੰਗ ਤੇ ਏਅਰ ਟਰੈਫਿਕ ਕੰਟਰੋਲ ਡਿਊਟੀ ਲਈ ਲਾਇਆ ਜਾਂਦਾ ਹੈ, ਪਰ ਅਗਲੇ ਸਾਲ ਦੇ ਅੱਧ ਤੋਂ ਉਹ ਫੌਜ ਦੇ ਜਹਾਜ਼ ਵੀ ਉਡਾਉਣਗੀਆਂ। ਉਂਜ ਇਸ ਤੋਂ ਪਹਿਲਾਂ ਭਾਰਤੀ ਹਵਾਈ ਫੌਜ 'ਚ ਔਰਤਾਂ ਪਾਇਲਟ ਕਾਫੀ ਸਮੇਂ ਤੋਂ ਲੜਾਕੂ ਜੈਟ ਜਹਾਜ਼ ਉਡਾ ਰਹੀਆਂ ਹਨ। ਕਾਰਗਿਲ ਜੰਗ ਦੌਰਾਨ ਇੱਕ ਮਹਿਲਾ ਪਾਇਲਟ ਦੇ ਲੜਾਕੂ ਜਹਾਜ਼ ਉਡਾਉਣ ਦੀ ਚਰਚਾ ਅੱਜ ਤੱਕ ਹੁੰਦੀ ਰਹੀ ਹੈ। ਹਵਾਈ ਫੌਜ ਨੇ ਪਿਛਲੇ ਸਾਲ ਦੱਸਿਆ ਸੀ ਕਿ ਉਸ ਕੋਲ 9 ਲੜਾਕੂ ਮਹਿਲਾ ਪਾਇਲਟ ਤੇ ਟਰਾਂਸਪੋਰਟ ਜਹਾਜ਼ ਲਈ ਤੀਹ ਤੇ ਹੈਲੀਕਾਪਟਰ ਲਈ 51 ਮਹਿਲਾ ਪਾਇਲਟ ਹਨ। ਇਸੇ ਤਰ੍ਹਾਂ ਸਮੁੰਦਰੀ ਫੌਜ ਨੇ ਵੀ ਦਸੰਬਰ 2019 ਵਿੱਚ ਆਪਣੀ ਏਵੀਏਸ਼ਨ ਵਿੰਗ ਵਿੱਚ ਮਹਿਲਾ ਪਾਇਲਟਾਂ ਦੇ ਪਹਿਲੇ ਬੈਚ ਨੂੰ ਸ਼ਾਮਲ ਕੀਤਾ ਹੈ।

# ਭਾਰਤ ਵਿੱਚ ਕੋਰੋਨਾ ਟੀਕਾਕਰਨ ਲਈ ਤਿਆਰੀਆਂ ਜ਼ੋਰਾਂ 'ਤੇ

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਦੱਸਿਆ ਹੈ ਕਿ ਉਸ ਨੂੰ 12 ਜਨਵਰੀ ਦੁਪਹਿਰ ਤੱਕ ਕੌਮੀ ਅਤੇ ਸੂਬਾ ਪੱਧਰ ਦੇ ਸਟੋਰ ਤੱਕ ਟੀਕੇ ਦੀਆਂ 54.72 ਲੱਖ ਖੁਰਾਕਾਂ ਮਿਲ ਚੁੱਕੀਆਂ ਹਨ ਅਤੇ 14 ਜਨਵਰੀ ਤੱਕ 1.1 ਕਰੋੜ ਖੁਰਾਕਾਂ ਸੀਰਮ ਇੰਸਟੀਚਿਊਟ ਅਤੇ 55 ਲੱਖ ਭਾਰਤ ਬਾਇਓਟੈਕ ਕੋਲੋਂ ਮਿਲ ਜਾਣਗੀਆਂ।



ਕੋਰੋਨਾ ਦੇ ਖ਼ਿਲਾਫ਼ ਫੈਸਲਾਕੁੰਨ ਲੜਾਈ ਲਈ 16 ਜਨਵਰੀ ਤੋਂ ਸ਼ੁਰੂ ਹੋ ਰਹੀ ਟੀਕਾਕਰਨ ਮਹਿੰਮ ਤੋਂ ਚਾਰ ਦਿਨ ਪਹਿਲਾਂ ਕੱਲ੍ਹ 'ਕੋਵੀਸ਼ੀਲਡ' ਟੀਕਿਆਂ ਦੀ ਖੁਰਾਕ ਪੁਣੇ ਤੋਂ ਦੇਸ਼ ਦੇ ਕਈ ਸ਼ਹਿਰਾਂ ਨੂੰ ਭੇਜੇ ਜਾਣ ਦੀ ਸ਼ੁਰੂਆਤ ਹੋਈ ਸੀ। ਇਸ ਮੌਕੇ ਕੇਂਦਰੀ ਸਿਹਤ ਸੈਕਟਰੀ ਰਾਜੇਸ਼ ਭੂਸ਼ਣ ਨੇ ਕਿਹਾ ਕਿ ਸੀਰਮ ਇੰਸਟੀਚਿਊਟ ਤੋਂ 1.1 ਕਰੋੜ ਖੁਰਾਕਾਂ ਲੈਣ ਤੋਂ ਇਲਾਵਾ ਸਰਕਾਰ 55 ਲੱਖ ਖੁਰਾਕਾਂ ਭਾਰਤ ਬਾਇਓਟੈਕ ਦੇ ਕੋਵੈਕਸੀਨ ਟੀਕੇ ਦੀਆਂ ਵੀ ਲਵੇਗੀ। ਇਨ੍ਹਾਂ ਵਿੱਚੋਂ 38.5 ਲੱਖ ਖੁਰਾਕਾਂ ਦੀ ਕੀਮਤ (ਸਾਰੇ ਟੈਕਸ ਪਾ ਕੇ) 295 ਰੁਪਏ ਪ੍ਰਤੀ ਖੁਰਾਕ ਬਣਦੀ ਹੈ, ਪਰ ਜਿਵੇਂ ਕਿ ਭਾਰਤ ਬਾਇਓਟੈਕ ਵੱਲੋਂ 16.5 ਲੱਖ ਖੁਰਾਕਾਂ ਮੁਫਤ ਦਿੱਤੀਆਂ ਜਾਣੀਆਂ ਹਨ, ਇਸ ਲਈ ਸਰਕਾਰ ਨੂੰ ਇੱਕ ਖੁਰਾਕ ਦੀ ਕੀਮਤ 206 ਰੁਪਏ ਪਵੇਗੀ। ਉਨ੍ਹਾਂ ਦੱਸਿਆ ਕਿ ਚੇਨਈ, ਕਰਨਾਲ, ਕੋਲਕਾਤਾ ਅਤੇ ਮੁੰਬਈ ਸਮੇਤ ਸਰਕਾਰ ਦੇ ਚਾਰ ਵੱਡੇ ਮੈਡੀਕਲ ਸਟੋਰ ਹਨ ਜਿੱਥੇ ਆਕਸਫੋਰਡ ਦੀ ਕੋਵੀਸ਼ੀਲਡ ਵੈਕਸੀਨ ਪੁੱਜ ਚੁੱਕੀ ਹੈ। ਇਸ ਤੋਂ ਇਲਾਵਾ ਸਾਰੇ ਸੂਬਿਆਂ ਕੋਲ ਘੱਟੋ-ਘੱਟ ਇੱਕ ਖੇਤਰੀ ਵੈਕਸੀਨ ਸਟੋਰ ਹੈ ਅਤੇ ਵੱਡੇ ਰਾਜਾਂ ਕੋਲ ਇੱਕ ਤੋਂ ਵੱਧ ਸਟੋਰ ਹਨ।ਨੀਤੀ ਅਯੋਗ ਮੈਂਬਰ ਡਾ. ਵੀ ਕੇ ਪੌਲ ਦੇ ਮੁਤਾਬਕ ਕੋਵੀਸ਼ੀਲਡ ਅਤੇ ਕੋਵੈਕਸੀਨ ਦਾ ਹਜ਼ਾਰਾਂ ਲੋਕਾਂ 'ਤੇ ਟੈਸਟ ਕੀਤਾ ਗਿਆ ਹੈ ਅਤੇ ਇਹ ਸਭ ਤੋਂ ਸੁਰੱਖਿਅਤ ਹੈ ਤੇ ਇਸ ਦਾ ਕੋਈ ਵੀ ਮਾੜਾ ਪ੍ਰਭਾਵ ਨਹੀਂ ਪਿਆ ਹੈ।

# ਭਾਰਤ ਦੇ ਛੋਟੇ ਸ਼ਹਿਰਾਂ 'ਚ ਆਨਲਾਈਨ ਪੇਮੈਂਟ 80 ਫ਼ੀਸਦੀ ਵਧੀ



ਬੇਂਗਲੁਰੂ, 14 ਜਨਵਰੀ (ਪੋਸਟ ਬਿਊਰੋ)- ਸਾਲ 2020 'ਚ ਕੋਰੋਨਾ ਦੀ ਮਹਾਮਾਰੀ ਕਾਰਨ ਲਾਏ ਗਏ ਲਾਕਡਾਊਨ ਅਤੇ ਸੋਸ਼ਲ ਡਿਸਟੈਂਸਿੰਗ ਕਾਰਨ ਸਾਲ 2019 ਦੇ ਮੁਕਾਬਲੇ ਆਨਲਾਈਨ ਲੈਣ-ਦੇਣ 'ਚ 80 ਫ਼ੀਸਦੀ ਤੱਕ ਵਾਧਾ ਦੇਖਣ ਨੂੰ ਮਿਲਿਆ ਹੈ। ਖਾਸ ਕਰ ਕੇ ਛੋਟੇ ਸ਼ਹਿਰਾਂ 'ਚ ਇਹ ਬਦਲਾਅ ਵੱਧ ਹੋਇਆ ਹੈ, ਜਿੱਥੇ ਕਾਰੋਬਾਰੀਆਂ ਤੋਂ ਖਰੀਦਦਾਰਾਂ ਤੱਕ ਸਭ ਨੇ ਜ਼ਿਆਦਾਤਰ ਡਿਜੀਟਲ ਪੇਮੈਂਟ ਕੀਤੀ ਹੈ। ਕੱਲ੍ਹ ਜਾਰੀ ਹੋਏ ਰਿਪੋਰਟ ਤੋਂ ਇਹ ਜਾਣਕਾਰੀ ਮਿਲੀ ਹੈ।

ਫਿਨਟੈਕ ਯੂਨੀਕਾਰਨ ਰੇਜ਼ਰਪੇ ਦੀ ਇੱਕ ਰਿਪੋਰਟ ਮੁਤਾਬਕ ਟੀਅਰ-2 ਅਤੇ ਟੀਅਰ-3 ਸ਼ਹਿਰਾਂ 'ਚ ਲੋਕਾਂ ਵੱਲੋਂ ਆਨਲਾਈਨ ਲੈਣ-ਦੇਣ ਨੂੰ ਵੱਧ ਅਪਣਾਏ ਜਾਣ ਕਾਰਨ ਇਸ 'ਚ 92 ਫ਼ੀਸਦੀ ਦਾ ਵਾਧਾ ਹੋਇਆ ਹੈ। ਬਿੱਲ ਆਦਿ ਭਰਨ ਲਈ ਲੋਕਾਂ ਨੇ ਪੈਸੇ ਦੇ ਲੈਣ-ਦੇਣ ਦੀ ਥਾਂ ਡਿਜੀਟਲ ਪੇਮੈਂਟ ਨੂੰ ਵੱਧ ਲਾਹੇਵੰਦ ਸਮਝਿਆ, ਜਿਸ ਕਾਰਨ ਯੂਟੀਲਿਟੀ ਪੇਮੈਂਟ ਅਤੇ ਆਨਲਾਈਨ ਬਿੱਲ ਪੇਮੈਂਟ ਵਿੱਚ 357 ਫ਼ੀਸਦੀ ਦਾ ਉਛਾਲ ਦੇਖਿਆ ਗਿਆ ਹੈ। ਇਸ ਰਿਪੋਰਟ 'ਚ ਇਹ ਜ਼ਿਕਰ ਵੀ ਕੀਤਾ ਗਿਆ ਕਿ ਇਸ ਦੌਰਾਨ ਕ੍ਰੈਡਿਟ /ਡੈਬਿਟ ਕਾਰਡ, ਨੈਟ ਬੈਂਕਿੰਗ ਤੇ ਵਾਲੇਟ ਪੇਮੈਂਟ ਦੇ ਮੁਕਾਬਲੇ ਯੂ ਪੀ ਆਈ ਰਾਹੀਂ ਵੱਧ ਲੈਣ-ਦੇਣ ਹੋਏ। ਸਾਲ 2019 ਦੇ ਮੁਕਾਬਲੇ ਸਾਲ 2020 ਵਿੱਚ ਯੂ ਪੀ ਆਈ ਟ੍ਰਾਂਜੈਕਸ਼ਨ ਨੂੰ ਲੋਕਾਂ ਨੇ ਪੇਮੈਂਟ ਕਰਨ ਦਾ ਜ਼ਿਆਦਾ ਚੰਗਾ ਢੰਗ ਮੰਨਿਆ ਅਤੇ ਇਸ ਕਾਰਨ ਸਿਰਫ਼ 1 ਸਾਲ 'ਚ 120 ਫ਼ੀਸਦੀ ਤੱਕ ਦਾ ਉਛਾਲ ਆਇਆ ਹੈ ਤੇ ਅਜਿਹਾ ਖਾਸ ਤੌਰ ਉੱਤੇ ਟੀਅਰ-2 ਅਤੇ ਟੀਅਰ-3 ਸ਼ਹਿਰਾਂ ਵਿੱਚ ਹੋਇਆ ਹੈ।ਰੇਜ਼ਰਪੇ ਦੇ ਕੋ-ਫਾਊਂਡਰ ਅਤੇ ਸੀ ਈ ਓ ਹਰਸ਼ਿਲ ਮਾਥੁਰ ਨੇ ਕਿਹਾ ਕਿ ਸਾਲ 2019 ਦੇ ਮੁਕਾਬਲੇ 2020 'ਚ ਟੋਟਲ ਆਨਲਾਈਨ ਟ੍ਰਾਂਜੈਕਸ਼ਨ ਵਿੱਚ ਉਛਾਲ ਦੇਖਣ ਨੂੰ ਮਿਲਿਆ, ਪਰ ਮੇਰੇ ਲਈ ਸਭ ਤੋਂ ਵੱਧ ਉਤਸ਼ਾਹ ਜਨਕ ਗੱਲ ਇਹ ਸੀ ਕਿ ਸਾਲ ਦੀ ਅੰਤਮ ਛਿਮਾਹੀ ਵਿੱਚ ਇਕੱਲੇ ਇਸ ਵਿੱਚ 73 ਫ਼ੀਸਦੀ ਦਾ ਵਾਧਾ ਹੋਇਆ। ਟੀਅਰ-2 ਅਤੇ ਟੀਅਰ-3 ਸ਼ਹਿਰਾਂ ਦੇ ਆਨਲਾਈਨ ਲੈਣ-ਦੇਣ 'ਚ ਲੱਗਭਗ 92 ਫ਼ੀਸਦੀ ਤੱਕ ਦਾ ਵਾਧਾ ਹੋਇਆ ਹੈ। ਭਾਰਤ ਦੇ ਇਨ੍ਹਾਂ ਹਿੱਸਿਆਂ ਵਿੱਚ ਆਨਲਾਈਨ ਪੇਮੈਂਟ ਦੇ ਖੇਤਰ 'ਚ ਇਸ ਤਰ੍ਹਾਂ ਦਾ ਵਾਧਾ ਸਾਨੂੰ ਪਹਿਲੀ ਵਾਰ ਦੇਖਣ ਨੂੰ ਮਿਲਿਆ ਹੈ।

# ਅੰਤਰ-ਧਾਰਮਿਕ ਵਿਆਹ ਕਰਾਉਣ ਤੋਂ ਤੀਹ ਦਿਨ ਪਹਿਲਾਂ ਨੋਟਿਸ ਦੇ ਲਈ ਕਹਿਣਾ ਪ੍ਰਾਈਵੇਸੀ ਦੀ ਉਲੰਘਣਾ

ਲਖਨਊ, 14 ਜਨਵਰੀ (ਪੋਸਟ ਬਿਊਰੋ)- ਇਲਾਹਾਬਾਦ ਹਾਈ ਕੋਰਟ ਨੇ ਅਲੱਗ-ਅਲੱਗ ਧਰਮਾਂ ਦੇ ਜੋੜਿਆਂ ਦੇ ਵਿਆਹਾਂਬਾਰੇ ਕੱਲ੍ਹ ਖਾਸ ਫੈਸਲਾ ਦਿੱਤਾ ਹੈ। ਕੋਰਟ ਨੇ ਕਿਹਾ ਕਿ ਉਤਰ ਪ੍ਰਦੇਸ਼ ਦੇ ਸਪੈਸ਼ਲ ਮੈਰਿਜ ਐਕਟ ਹੇਠ ਵਿਆਹ ਤੋਂ ਤੀਹ ਦਿਨ ਪਹਿਲਾਂ ਜ਼ਰੂਰੀ ਤੌਰ 'ਤੇ ਨੋਟਿਸ ਦੇਣ ਦੇ ਨਿਯਮ ਜ਼ਰੂਰੀ ਨਹੀਂ, ਇਸ ਨੂੰ ਆਪਸ਼ਨਲ ਬਣਾਉਣਾ ਚਾਹੀਦਾ ਹੈ। ਇਸ ਤਰ੍ਹਾਂ ਦਾ ਨੋਟਿਸ ਪ੍ਰਾਈਵੇਸੀ ਯਾਨੀ ਨਿੱਜਤਾ ਦੀ ਉਲੰਘਣਾ ਹੈ। ਇਹ ਵਿਆਹ ਕਰਾਉਣ ਵਾਲੇ ਜੋੜੇ ਦੀ ਇੱਛਾ 'ਤੇ ਨਿਰਭਰ ਹੋਣਾ ਚਾਹੀਦਾ ਹੈ ਕਿ ਉਹ ਨੋਟਿਸ ਦੇਣਾ ਚਾਹੁੰਦੇ ਹਨ ਜਾਂ ਨਹੀਂ।



ਇਹ ਫੈਸਲਾਹਾਈ ਕੋਰਟ ਨੇ ਉਸ ਪਟੀਸ਼ਨ 'ਤੇ ਸੁਣਾਇਆ, ਜਿਸ ਵਿੱਚ ਕਿਹਾ ਗਿਆ ਸੀ ਕਿ ਦੂਸਰੇ ਧਰਮ ਦੇ ਲੜਕੇ ਨਾਲ ਵਿਆਹ ਦੀ ਇੱਛਾ ਰੱਖਣ ਵਾਲੀ ਇੱਕ ਬਾਲਗ ਲੜਕੀ ਨੂੰ ਹਿਰਾਸਤ ਵਿੱਚ ਰੱਖਿਆ ਗਿਆ ਹੈ। ਇਸ ਜੋੜੇ ਨੇ ਕੋਰਟ ਨੂੰ ਕਿਹਾ ਸੀ ਕਿ ਵਿਆਹ ਤੋਂ ਤੀਹ ਦਿਨ ਪਹਿਲਾਂ ਨੋਟਿਸ ਦੇਣ ਨਾਲ ਉਨ੍ਹਾਂ ਦੀ ਨਿੱਜਤਾ ਦੀ ਉਲੰਘਣਾ ਹੋ ਰਹੀ ਹੈ। ਕੋਰਟ ਨੇ ਕਿਹਾ ਕਿ ਏਦਾਂ ਦੀਆਂ ਗੱਲਾਂ (ਵਿਆਹ ਦੀ ਸੂਚਨਾ) ਨੂੰ ਜਨਤਕ ਕਰਨਾ ਨਿੱਜਤਾ ਅਤੇ ਆਜ਼ਾਦੀ ਵਰਗੇ ਮੁੱਢਲੇ ਅਧਿਕਾਰਾਂ ਦੀ ਉਲੰਘਣਾ ਹੈ। ਇਸ ਦੇ ਨਾਲ ਇਹ ਆਪਣੀ ਮਰਜ਼ੀ ਨਾਲ ਜੀਵਨ ਸਾਥੀ ਚੁਣਨ ਦੀ ਆਜ਼ਾਦੀ ਦੇ ਰਾਹ ਵਿੱਚ ਵੀ ਰੁਕਾਵਟ ਹੈ।ਕੋਰਟ ਨੇ ਫੈਸਲੇ ਵਿੱਚ ਕਿਹਾ, ਜੋ ਲੋਕ ਵਿਆਹ ਕਰਨਾ ਚਾਹੁੰਦੇ ਹਨ, ਉਹ ਮੈਰਿਜ ਅਫਸਰ ਨੂੰ ਲਿਖਤੀ ਅਪੀਲ ਕਰ ਸਕਦੇ ਹਨ ਕਿ ਤੀਹ ਦਿਨ ਪਹਿਲਾਂ ਨੋਟਿਸ ਜਾਰੀ ਕੀਤਾ ਜਾਏ ਜਾਂ ਨਹੀਂ। ਜੇ ਕੋਈ ਜੋੜਾ ਨੋਟਿਸ ਜਾਰੀ ਨਹੀਂ ਕਰਨਾ ਚਾਹੁੰਦਾ ਤਾਂ ਮੈਰਿਜ ਅਫਸਰ ਨੂੰ ਅਜਿਹਾ ਨੋਟਿਸ ਜਾਰੀ ਨਹੀਂ ਕਰਨਾ ਚਾਹੀਦਾ ਅਤੇ ਕਿਸੇ ਵੀ ਤਰ੍ਹਾਂ ਦੇ ਇਤਰਾਜ਼ 'ਤੇ ਧਿਆਨ ਨਹੀਂ ਦੇਣਾ ਚਾਹੀਦਾ। ਉਸ ਨੂੰ ਇਸ ਵਿਆਹ ਨੂੰ ਨਿਯਮਾਂ ਅਨੁਸਾਰ ਪੂਰਾ ਕਰਾਉਣਾ ਚਾਹੀਦੈ।ਇਸ ਕਾਨੂੰਨ ਦੇ ਤਹਿਤ ਦੋ ਅਲੱਗ-ਅਲੱਗ ਧਰਮ ਦੇ ਲੋਕ ਆਪਣੇ ਧਰਮ ਨੂੰ ਬਦਲੇ ਬਿਨਾਂ ਰਜਿਸਟਰਡ ਵਿਆਹ ਕਰ ਸਕਦੇ ਹਨ। ਇਸ ਦੇ ਲਈ ਫਾਰਮ ਭਰਨਾ ਅਤੇ ਮੈਰਿਜ ਰਜਿਸਟਰਾਰ ਕੋਲ ਜਮ੍ਹਾਂ ਕਰਵਾ ਕੇ ਵਿਆਹ ਦੇ ਤੀਹ ਦਿਨ ਪਹਿਲਾਂ ਰਜਿਸਟਰਾਰ ਨੂੰ ਜੋੜੇ ਵੱਲੋਂ ਦੱਸਣਾ ਹੁੰਦਾ ਹੈ ਕਿ ਉਹ ਵਿਆਹ ਕਰਨ ਵਾਲੇ ਹਨ। ਇਹ ਨੋਟਿਸ ਛਾਪਿਆ ਜਾਂਦਾ ਹੈ ਤੇ ਛਪਣ ਦੇ ਬਾਅਦ ਜੇ ਰਜਿਸਟਰਾਰ ਦੇ ਕੋਲ ਕਿਸੇ ਤਰ੍ਹਾਂ ਦਾ ਇਤਰਾਜ਼ ਨਹੀਂ ਆਉਂਦਾ ਤਾਂ ਜੋੜੇ ਵਿਆਹ ਦੇ ਲਈ ਅਰਜ਼ੀ ਦੇ ਸਕਦੇ ਹਨ।

# ਮੱਧ ਪ੍ਰਦੇਸ਼ 'ਚ ਜ਼ਹਿਰੀਲੀ ਸ਼ਰਾਬ ਪੀਣ ਨਾਲ 14 ਲੋਕਾਂ ਦੀ ਮੌਤ



ਮੁਰੈਨਾ, 14 ਜਨਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਮੁਰੈਣਾ ਜ਼ਿਲ੍ਹੇ ਦੇ ਦੋ ਪਿੰਡਾਂ ਮਾਨਪੁਰ ਤੇ ਪਹਾਵਾਲੀ ਵਿੱਚ ਬੀਤੇ ਸੋਮਵਾਰ ਦੀ ਰਾਤ ਜ਼ਹਿਰੀਲੀ ਸ਼ਰਾਬ ਪੀਣ ਨਾਲ 14 ਲੋਕਾਂ ਦੀ ਮੌਤ ਹੋ ਗਈ ਤੇ ਸੱਤ ਗੰਭੀਰ ਬਿਮਾਰ ਹੋ ਗਏ।

ਪੁਲਸ ਸੁਪਰਡੈਂਟ ਰਾਜੇਸ਼ ਹਿੰਗਨਕਰ ਨੇ ਦੱਸਿਆ ਕਿ ਧਾਰਾ 304 ਅਤੇ ਐਕਸਾਈਜ਼ ਐਕਟ ਦੀਆਂ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਅਤੇ ਜਾਂਚ ਅਤੇ ਪੁੱਛਗਿੱਛ ਲਈ ਕੁਝ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਇੱਕ ਟਵੀਟ ਵਿੱਚ ਮੁਰੈਣਾ ਦੇ ਜ਼ਿਲ੍ਹਾ ਆਬਕਾਰੀ ਅਧਿਕਾਰੀ ਨੂੰ ਸਸਪੈਂਡ ਕਰਨ ਦਾ ਐਲਾਨ ਕੀਤਾ ਅਤੇ ਸਬੰਧਤ ਥਾਣਾ ਇੰਚਾਰਜ ਨੂੰ ਵੀ ਸਸਪੈਂਡ ਕੀਤਾ ਹੈ। ਬਿਮਾਰ ਲੋਕਾਂ ਨੂੰ ਬਿਹਤਰ ਇਲਾਜ ਦੇ ਲਈ ਗਵਾਲੀਅਰ ਦੇ ਸਰਕਾਰੀ ਹਸਪਤਾਲ ਭਰਤੀ ਕਰਾਇਆ ਗਿਆ ਹੈ, ਜਿੱਥੇ ਉਨ੍ਹਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ।

# ਦਿੱਲੀ ਦੀ ਅਦਾਲਤ ਵੱਲੋਂ ਹੰਸ ਰਾਜ ਹੰਸ ਨੂੰ ਸੰਮਨ

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਦਿੱਲੀ ਦੀ ਇੱਕ ਅਦਾਲਤ ਨੇ ਪੰਜਾਬੀ ਗਾਇਕ ਅਤੇ ਭਾਜਪਾ ਦੇ ਲੋਕ ਸਭਾ ਮੈਂਬਰ ਹੰਸ ਰਾਜ ਹੰਸ ਨੂੰ ਚੋਣ ਐਫੀਡੇਵਿਟ ਵਿੱਚ ਗ਼ਲਤ ਜਾਣਕਾਰੀ ਦੇ ਦੋਸ਼ਵਿੱਚ ਸੰਮਨ ਜਾਰੀ ਕੀਤੇ ਹਨ। ਐਡੀਸ਼ਨਲ ਚੀਫ਼ ਮੈਟਰੋਪੁਲੀਟਨ ਮੈਜਿਸਟ੍ਰੇਟ ਧਰਮਿੰਦਰ ਸਿੰਘ ਨੇ ਦਿੱਲੀ ਪੁਲਸ ਵੱਲੋਂ 12 ਜਨਵਰੀ ਨੂੰ ਜਨ ਪ੍ਰਤੀਨਿਧਤਾ ਐਕਟ ਹੇਠ ਦਾਇਰ ਕੀਤੇ ਦੋਸ਼ ਪੱਤਰ ਦਾ ਨੋਟਿਸ ਲੈਂਦਿਆਂ ਹੰਸ ਰਾਜ ਹੰਸ ਨੂੰ 18 ਜਨਵਰੀ ਦੇ ਲਈ ਸੰਮਨ ਭੇਜੇ ਹਨ। ਦਿੱਲੀ ਪੁਲਸ ਨੇ ਹੰਸ ਰਾਜ ਹੰਸ ਦੇ ਖ਼ਿਲਾਫ਼ ਉਸ ਦੀ ਵਿੱਦਿਅਕ ਯੋਗਤਾ ਅਤੇ ਉਸ ਦੇ ਅਤੇ ਪਰਿਵਾਰ ਦੀਆਂ ਟੈਕਸ ਦੇਣਦਾਰੀਆਂ ਬਾਰੇ ਅਸਪੱਸ਼ਟ ਜਾਣਕਾਰੀ ਦੇਣ ਕਾਰਨ ਦੋਸ਼ ਪੱਤਰ ਦਾਖ਼ਲ ਕੀਤਾ ਸੀ। ਅਦਾਲਤ ਨੇ ਇਸ ਦੇ ਜਾਂਚ ਅਧਿਕਾਰੀ ਨੂੰ ਨੋਟਿਸ ਜਾਰੀ ਕਰਕੇ ਅੱਗੇ ਦੀ ਜਾਂਚ ਦੀ ਰਿਪੋਰਟ ਦਾਇਰ ਕਰਨ ਨੂੰ ਕਿਹਾ ਹੈ। ਇਸ ਦੀ ਅਗਲੀ ਸੁਣਵਾਈ 18 ਜਨਵਰੀ ਨੂੰ ਹੋਵੇਗੀ।



# ਹਾਫਿਜ਼ ਸਈਦ ਦੇ ਦੋ ਸਾਥੀਆਂ ਨੂੰ 15 ਸਾਲ ਕੈਦ ਦੀ ਸਜ਼ਾ

*** ਜੇ ਯੂ ਡੀ ਦੇ ਮੁਖੀਏ ਹਾਫਿਜ਼ ਦੇ ਸਾਲੇ ਮੱਕੀ ਨੂੰ ਛੇ ਮਹੀਨੇ ਦੀ ਸਜ਼ਾ**

ਲਾਹੌਰ, 14 ਜਨਵਰੀ (ਪੋਸਟ ਬਿਊਰੋ)- ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਦੀ ਕਾਲੀ ਸੂਚੀ ਵਿੱਚ ਪਾਏ ਜਾਣ ਦੇ ਡਰੋਂ ਪਾਕਿਸਤਾਨ ’ਚ ਇਨ੍ਹੀਂ ਦਿਨੀਂ ਅੱਤਵਾਦੀਆਂ ਨੂੰ ਸਜ਼ਾ ਦੇਣ ਦਾ ਸਿਲਸਿਲਾ ਜਾਰੀ ਹੈ। ਪਿਛਲੇ ਹਫਤੇ ਲਸ਼ਕਰ ਏ ਤੋਇਬਾ ਦੇ ਮੁਖੀਏ ਜ਼ਕੀ ਉਰ ਰਹਿਮਾਨ ਲਖਵੀ ਨੂੰ ਪੰਜ ਸਾਲ ਦੀ ਸਜ਼ਾ ਦੇਣ ਪਿੱਛੋਂ ਪਾਕਿਸਤਾਨ ਦੀ ਇੱਕ ਅੱਤਵਾਦ ਵਿਰੋਧੀ ਅਦਾਲਤ ਨੇ ਕੱਲ੍ਹ ਅੱਤਵਾਦੀਆਂ ਨੂੰ ਫੰਡਿੰਗ ਦੇ ਕੇਸ ’ਚ ਜਮਾਤ ਉਦ ਦਾਅਵਾ (ਜੇ ਯੂ ਡੀ) ਦੇ ਮੁਖੀ ਅਤੇ ਮੁੰਬਈ ਅੱਤਵਾਦੀ ਹਮਲੇ ਦੇ ਦੋਸ਼ੀ ਹਾਫਿਜ਼ ਸਈਦ ਦੇ ਦੋ ਕਰੀਬੀ ਸਾਥੀਆਂ ਨੂੰ 15 ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਸਈਦ ਦੇ ਸਾਲੇ ਅਬਦੁਲ ਰਹਿਮਾਨ ਮੱਕੀ ਨੂੰ ਵੀ ਛੇ ਮਹੀਨੇ ਦੀ ਸਜ਼ਾ ਕੀਤੀ ਹੈ।

ਅਦਾਲਤ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਪੁਲਸ ਦੇ ਅੱਤਵਾਦ ਵਿਰੋਧੀ ਵਿਭਾਗ ਵੱਲੋਂ ਦਰਜ ਕੇਸ ’ਚ ਜੱਜ ਅਰਸ਼ਦ ਹੁਸੈਨ ਭੁੱਟਾ ਨੇ ਯਾਹੀਆ ਮੁਜਾਹਿਦ (ਸੰਗਠਨ ਦਾ ਮੀਡੀਆ ਫੇਸ) ਅਤੇ ਜ਼ਫਰ ਇਕਬਾਲ ਨੂੰ 15 ਸਾਲ ਛੇ ਮਹੀਨੇ ਦੀ ਸਜ਼ਾ ਸੁਣਾਈ ਅਤੇ ਪ੍ਰੋਫੈਸਰ ਅਬਦੁਲ ਰਹਿਮਾਨ ਮੱਕੀ ਨੂੰ ਛੇ ਮਹੀਨੇ ਦੀ ਸਜ਼ਾ ਕੀਤੀ ਹੈ। ਇਸ ਤੋਂ ਪਹਿਲਾਂ ਅੱਤਵਾਦੀਆਂ ਨੂੰ ਫੰਡਿੰਗ ਦੇ ਤਿੰਨ ਕੇਸਾਂ ਵਿੱਚ ਅਦਾਲਤ ਨੇ ਮੁਜਾਹਿਦ ਨੂੰ 47 ਸਾਲ ਜੇਲ੍ਹ ਦੀ ਸਜ਼ਾ ਕੀਤੀ ਸੀ। ਇਸੇ ਤਰ੍ਹਾਂ ਇਕਬਾਲ ਨੂੰ ਅਜਿਹੇ ਤਿੰਨ ਕੇਸਾਂ ਵਿੱਚ 26 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ। ਮੁਜਾਹਿਦ ਅਤੇ ਇਕਬਾਲ ਦੋਵਾਂ ਨੂੰ ਕਰੀਬ 15 ਸਾਲ ਜੇਲ੍ਹ ਵਿੱਚ ਰਹਿਣਾ ਪਵੇਗਾ, ਕਿਉਂਕਿ ਇਨ੍ਹਾਂ ਦੀਆਂ ਸਜ਼ਾਵਾਂ ਇਕੱਠੀਆਂ ਚੱਲਣਗੀਆਂ। ਇਸ ਅਧਿਕਾਰੀ ਨੇ ਦੱਸਿਆ ਕਿ ਜੱਜ ਨੇ ਜਦੋਂ ਆਪਣਾ ਫੈਸਲਾ ਸੁਣਾਇਆ ਤਾਂ ਤਿੰਨੇ ਮੁਲਜ਼ਮ ਅਦਾਲਤ ਵਿੱਚ ਸਨ। ਅਦਾਲਤ ਨੇ ਜੇ ਯੂ ਡੀ ਅੱਤਵਾਦੀਆਂ ਦੀ ਪੇਸ਼ੀ ਦੌਰਾਨ ਸੁਰੱਖਿਆ ਦੇ ਸਖਤ ਇੰਤਜ਼ਾਮ ਕੀਤੇ ਗਏ ਸਨ।

# ਸੀਰੀਆ ਵਿੱਚ ਇਜ਼ਰਾਈਲ ਦੇ ਹਵਾਈ ਹਮਲੇ ’ਚ ਦਰਜਨਾਂ ਲੋਕਾਂ ਦੀ ਮੌਤ



ਬੇਰੂਤ, 14 ਜਨਵਰੀ (ਪੋਸਟ ਬਿਊਰੋ)- ਇਜ਼ਰਾਈਲ ਦੇ ਜੰਗੀ ਜਹਾਜ਼ਾਂ ਨੇ ਕੱਲ੍ਹ ਤੜਕੇ ਪੂਰਬੀ ਸੀਰੀਆ ਵਿੱਚ ਈਰਾਨ ਸਮਰਥਕ ਫ਼ੌਜੀ ਕੈਂਪਾਂ ਅਤੇ ਹਥਿਆਰ ਡਿਪੂਆਂ ਨੂੰ ਨਿਸ਼ਾਨਾ ਬਣਾ ਕੇ ਭਾਰੀ ਗੋਲਾਬਾਰੀ ਕੀਤੀ। ਇੱਕ ਜੰਗੀ ਨਿਗਰਾਨ-ਕਰਤਾ ਨੇ ਦੱਸਿਆ ਕਿ ਹਮਲੇ ’ਚ ਦਰਜਨਾਂ ਲੜਾਕੇ ਜ਼ਖ਼ਮੀ ਹੋਏ ਹਨ।

ਹਮਲੇ ਦੀ ਜਾਣਕਾਰੀ ਰੱਖਣ ਵਾਲੇ ਅਮਰੀਕੀ ਖੁਫ਼ੀਆ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਅਮਰੀਕਾ ਤੋਂ ਮਿਲੀ ਜਾਣਕਾਰੀ ਦੇ ਆਧਾਰ ’ਤੇ ਹਵਾਈ ਹਮਲੇ ਕੀਤੇ ਗਏ ਹਨ। ਸੀਰੀਆ ਵਿੱਚ ਹਮਲਿਆਂ ਲਈ ਨਿਸ਼ਾਨੇ ਦੀ ਚੋਣ ਕਰਨ ’ਚ ਇਜ਼ਰਾਈਲ ਅਤੇ ਅਮਰੀਕਾ ਵਿਚਾਲੇ ਸਹਿਯੋਗ ਨੂੰ ਬਹੁਤ ਘੱਟ ਜਨਤਕ ਕੀਤਾ ਜਾਂਦਾ ਹੈ। ਅਧਿਕਾਰੀ ਨੇ ਦੱਸਿਆ ਕਿ ਹਮਲੇ ’ਚ ਸੀਰੀਆ ਦੇ ਕਈ ਗੁਦਾਮਾਂ ਨੂੰ ਨਿਸ਼ਾਨਾ ਬਣਾਇਆ ਸੀ ਜਿਨ੍ਹਾਂ ’ਚ ਈਰਾਨ ਤੋਂ ਆਏ ਹਥਿਆਰਾਂ ਨੂੰ ਰੱਖਿਆ ਗਿਆ ਸੀ। ਰਾਸ਼ਟਰੀ ਸੁਰੱਖਿਆ ਨਾਲ ਜੁੜੇ ਸੰਵੇਦਨਸ਼ੀਲ ਮੁੱਦੇ ’ਤੇ ਗੱਲਬਾਤ ਦੌਰਾਨ ਪਛਾਣ ਨਾ ਦੱਸਣ ਦੀ ਸ਼ਰਤ ’ਤੇ ਅਮਰੀਕੀ ਅਧਿਕਾਰੀ ਨੇ ਦੱਸਿਆ ਕਿ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਕੱਲ੍ਹ ਇਸ ਹਵਾਈ ਹਮਲੇ ਦੇ ਬਾਰੇ ਇਜ਼ਰਾਈਲ ਦੀ ਖੁਫ਼ੀਆ ਏਜੰਸੀ ਮੋਸਾਦ ਦੇ ਮੁਖੀ ਯੋਸੀ ਕੋਹੇਨ ਨਾਲ ਚਰਚਾ ਕੀਤੀ ਸੀ।

ਸੀਰੀਆ ਦੀ ਸਰਕਾਰੀ ਸਮਾਚਾਰ ਏਜੰਸੀ ‘ਸਨਾ’ ਮੁਤਾਬਕ ਹਮਲੇ ਵਿੱਚ ਇਰਾਕ ਦੀ ਸਰਹੱਦ ਨਾਲ ਲਗਦੇ ਡੇਰ ਅਲ-ਜ਼ੋਰ, ਮਯਾਦੀਨ ਅਤੇ ਬੂਕਮਾਲ ਸ਼ਹਿਰਾਂ ਅਤੇ ਨੇੜਲੇ ਖੇਤਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇੱਕ ਅਣਪਛਾਤੇ ਫ਼ੌਜੀ ਅਧਿਕਾਰੀ ਮੁਤਾਬਕ ਸੀਰੀਆ ਦੀ ‘ਏਅਰ ਡਿਫੇਂਸ ਪ੍ਰਣਾਲੀ’ ਨੇ ਮਿਜ਼ਾਈਲੀ ਹਮਲਿਆਂ ਦਾ ਜਵਾਬ ਦਿੱਤਾ। ਇਸ ਸਬੰਧ ’ਚ ਹੋਰ ਜਾਣਕਾਰੀ ਨਹੀਂ ਦਿੱਤੀ ਗਈ। ਬ੍ਰਿਟੇਨ ਦੀ ਸੰਸਥਾ ਸੀਰੀਅਨ ਆਬਾਜਰਵੇਟਰੀ ਫ਼ਾਰ ਹੀਊਮਨ ਰਾਈਟਸ ਦਾ ਕਹਿਣਾ ਹੈ ਕਿ ਸੱਤ ਸੀਰੀਆਈ ਨਾਗਰਿਕਾਂ ਸਮੇਤ 23 ਲੋਕ ਮਾਰੇ ਗਏ ਹਨ ਅਤੇ 28 ਜ਼ਖ਼ਮੀ ਹੋਏ ਸਨ।

# ਧਾਰਮਿਕ ਆਗੂ ਨੂੰ ਸੈਕਸ ਸ਼ੋਸ਼ਣ ਦੇ ਦੋਸ਼ਾਂ ਹੇਠ 1075 ਸਾਲ ਦੀ ਸਜ਼ਾ



ਅੰਕਾਰਾ, 14 ਜਨਵਰੀ (ਪੋਸਟ ਬਿਊਰੋ)- ਤੁਰਕੀ ਵਿੱਚ ਇੱਕ ਮੁਸਲਿਮ ਧਾਰਮਿਕ ਗੁਰੂ ਨੂੰ ਸੈਕਸ ਸ਼ੋਸ਼ਣ ਦੇ ਵੱਖ-ਵੱਖ ਕੇਸਾਂ ਵਿੱਚ 1075 ਸਾਲ ਦੀ ਸਜ਼ਾ ਸੁਣਾਈ ਗਈ ਹੈ। ਉਸ ਦੀਆਂ 1000 ਗਰਲ ਫ੍ਰੈਂਡਸ ਦੱਸੀਆਂ ਗਈਆਂ ਹਨ। ਇਸ ਧਾਰਮਿਕ ਨੇਤਾ ਦੀ ਪਛਾਣ ਅਦਨਾਨ ਓਕਤਾਰ ਵੱਜੋਂ ਹੋਈ ਹੈ। ਉਹ ਬੇਹੱਦ ਚਰਚਿਤ ਧਾਰਮਿਕ ਗੁਰੂ ਰਿਹਾ ਹੈ। ਉਸ ਨੂੰ 2018 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਸ ਦੇ ਰਿਹਾਅ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ।

ਅਦਨਾਨ ਨੂੰ ਇਹ ਸਜ਼ਾ ਇਸਤਾਂਬੁਲ ਦੀ ਅਦਾਲਤ ਨੇ 10 ਵੱਖ-ਵੱਖ ਕੇਸਾਂ ਵਿੱਚ ਦਿੱਤੀ ਹੈ। ਉਸ ਉਤੇ 6 ਤੋਂ ਵੱਧ ਦੇਸ਼ਾਂ ਦੀਆਂ 45 ਦੇ ਲੱਗਭਗ ਔਰਤਾਂ ਅਤੇ ਨਾਬਾਲਗ ਕੁੜੀਆਂ ਨੇ ਸੈਕਸ ਸ਼ੋਸ਼ਣ ਦੇ ਦੋਸ਼ ਲਾਏ ਸਨ। ਅਦਨਾਨ ਤੁਰਕੀ ਦੇ ਲੋਕਾਂ ਨੂੰ ਕੱਟੜਪੰਥੀ ਉਪਦੇਸ਼ ਦਿੰਦਾ ਸੀ। ਇੱਕ ਸਮੇਂ ਉਸ ਨੂੰ ਸੰਸਾਰ ਦੇ ਚੋਟੀ ਦੇ 50 ਮੁਸਲਿਮ ਆਗੂਆਂ ਵਿੱਚ ਗਿਣਿਆ ਜਾਂਦਾ ਸੀ। ਉਸ ਦੀਆਂ ਲਿਖੀਆਂ ਸਭ ਧਾਰਮਿਕ ਕਿਤਾਬਾਂ ਉਚ ਵਿਕਰੀ ਵਾਲੀਆਂ ਰਹੀਆਂ ਹਨ। ਤੁਰਕੀ ਵਿੱਚ ਉਸ ਉੱਤੇ ਸੈਕਸ ਕ੍ਰਾਈਮ, ਨਾਬਾਲਗ ਕੁੜੀਆਂ ਦਾ ਸੈਕਸ਼ ਸ਼ੋਸ਼ਣ ਕਰਨ, ਧੋਖੇਬਾਜ਼ੀ, ਸਿਆਸੀ ਤੇ ਫ਼ੌਜੀ ਜਾਸੂਸੀ ਕਰਨ ਦੇ ਵੀ ਦੋਸ਼ ਲਾਏ ਗਏ ਹਨ। ਇਸ ਬਾਰੇ 236 ਜਣਿਆਂ ਵਿਰੁੱਧ ਕੇਸ ਚਲਾਇਆ ਗਿਆ ਤੇ ਇਨ੍ਹਾਂ ਵਿੱਚੋਂ 78 ਗ੍ਰਿਫ਼ਤਾਰ ਕੀਤੇ ਗਏ। ਖਾਸ ਗੱਲ ਇਹ ਕਿ ਅਦਨਾਨ ਕਦੇ ਤੁਰਕੀ ਦੇ ਮੌਜੂਦਾ ਰਾਸ਼ਟਰਪਤੀ ਰਯੱਪ ਐਰਦੋਗਾਨ ਦਾ ਨੇੜਲਾ ਸਾਥੀ ਹੁੰਦਾ ਸੀ। ਉਸ ਨੇ ਪਿਛਲੇ ਮਹੀਨੇ ਸੁਣਵਾਈ ਦੌਰਾਨ ਜੱਜ ਨੂੰ ਕਿਹਾ ਸੀ ਕਿ ਮੇਰੀਆਂ 1000 ਗਰਲ ਫ੍ਰੈਂਡਸ ਹਨ ਤੇ ਇਹ ਵੀ ਕਿਹਾ ਕਿ ਔਰਤਾਂ ਪ੍ਰਤੀ ਮੇਰੇ ਦਿੱਲ ਵਿੱਚ ਪਿਆਰ ਪੈਦਾ ਹੋ ਰਿਹਾ ਹੈ। ਪਿਆਰ ਇੱਕ ਮੁਸਲਮਾਨ ਦੀ ਵੀ ਖੂਬੀ ਹੈ।

# ਟੀਕਾਕਰਨ ਪਿੱਛੋਂ ਵੀ ‘ਹਾਰਡ ਇਮਿਊਨਿਟੀ’ ਦੀ ਆਸ ਘੱਟ: ਡਬਲਯੂ ਐਚ ਓ

ਜਨੇਵਾ, 14 ਜਨਵਰੀ (ਪੋਸਟ ਬਿਊਰੋ)- ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਦੀ ਇੱਕ ਮੁਖੀ ਵਿਗਿਆਨੀ ਨੇ ਸੁਚੇਤ ਕੀਤਾ ਹੈ ਕਿ ਭਾਵੇਂ ਕਈ ਦੇਸ਼ ਕੋਵਿਡ-19 ਨਾਲ ਨਜਿੱਠਣ ਲਈ ਟੀਕਾਕਰਨ ਪ੍ਰੋਗਰਾਮ ਸ਼ੁਰੂ ਕਰ ਰਹੇ ਹਨ, ਪਰ ਇਸ ਨਾਲ ‘ਹਾਰਡ ਇਮਿਊਨਿਟੀ’ ਬਣਨ ਦੀ ਆਸ ਬਹੁਤ ਘੱਟ ਹੈ।

ਡਾ. ਸੌਮਿਆ ਸਵਾਮੀਨਾਥਨ ਨੇ ਕਿਹਾ ਕਿ ਇਹ ਬੇਹੱਦ ਜ਼ਰੂਰੀ ਹੈ ਕਿ ਨੇੜਲੇ ਭਵਿੱਖ ਵਿੱਚ ਵੀ ਦੇਸ਼ ਅਤੇ ਉਨ੍ਹਾਂ ਦੇ ਨਾਗਰਿਕ ਵਿਸ਼ਵ ਪੱਧਰੀ ਮਹਾਮਾਰੀ ਨੂੰ ਕਾਬੂ ਕਰਨ ਲਈ ਸਮਾਜਿਕ ਦੂਰੀ ਬਣਾਈ ਰੱਖਣ ਅਤੇ ਹੋਰ ਨਿਯਮਾਂ ਦੀ ਪਾਲਣਾ ਕਰਨ। ਬ੍ਰਿਟੇਨ, ਅਮਰੀਕਾ, ਫਰਾਂਸ, ਕੈਨੇਡਾ, ਜਰਮਨੀ, ਇਜ਼ਰਾਇਲ, ਨੀਦਰਲੈਂਡ ਅਤੇ ਕੁਝ ਹੋਰ ਦੇਸ਼ਾਂ ਨੇ ਪਿੱਛੇ ਜਿਹੇ ਟੀਕਾਕਰਨ ਸ਼ੁਰੂ ਕੀਤਾ ਹੈ। ਸਵਾਮੀਨਾਥਨ ਨੇ ਕਿਹਾ ਕਿ ਟੀਕਾ ਸਭ ਤੋਂ ਸੰਵੇਦਨਸ਼ੀਲ ਲੋਕਾਂ ਦੀ ਰਾਖੀ ਕਰੇਗਾ, ਪਰ ਸਾਲ 2021 ਵਿੱਚ ‘ਪਾਪੂਲੇਸ਼ਨ ਇਮਿਊਨਿਟੀ’ ਜਾਂ ‘ਹਾਰਡ ਇਮਿਊਨਿਟੀ’ ਨਹੀਂ ਬਣਾ ਸਕੇਗਾ। ਵਿਗਿਆਨੀਆਂ ਦੇ ਅਨੁਮਾਨ ਅਨੁਸਾਰ ‘ਹਾਰਡ ਇਮਿਊਨਿਟੀ’ ਦੇ ਲਈ ਟੀਕਾਕਰਨ ਦੀ ਦਰ 70 ਫ਼ੀਸਦੀ ਚਾਹੀਦੀ ਹੈ, ਜਿਸ ਨਾਲ ਪੂਰੀ ਆਬਾਦੀ ਇਨਫੈਕਸ਼ਨ ਤੋਂ ਸੁਰੱਖਿਅਤ ਹੋ ਸਕਦੀ ਹੈ। ਇਸ ਦਾ ਸਭ ਨੂੰ ਖਿਆਲ ਰੱਖਣਾ ਚਾਹੀਦਾ ਹੈ।

# ਆਇਰਲੈਂਡ ਵਿੱਚ ਅਣਵਿਆਹੀਆਂ ਮਾਵਾਂ ਨੂੰ ਬੇਰਹਿਮ ਸੱਭਿਆਚਾਰ ਦਾ ਸਾਹਮਣਾ

ਲੰਡਨ, 14 ਜਨਵਰੀ (ਪੋਸਟ ਬਿਊਰੋ)- ਆਇਰਲੈਂਡ ਵਿੱਚ ਅਣਵਿਆਹੀਆਂ ਮਾਵਾਂ ਨੂੰ ਬੜੇ ਬੇਰਹਿਮ ਸੱਭਿਆਚਾਰ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਕਾਰਨ 9000 ਤੋਂ ਵੱਧ ਬੱਚਿਆਂ ਦੀਆਂ ਮੌਤਾਂ ਦੀ ਰਿਪੋਰਟ ਆਈ ਹੈ।

ਨਿਆਂਇਕ ਜਾਂਚ ਕਮਿਸ਼ਨ ਵੱਲੋਂ ਪੰਜ ਸਾਲ ਕੀਤੀ ਜਾਂਚ ਬਾਰੇ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਿਵੇਂ 1922 ਤੋਂ 1998 ਤੱਕ ਅਣਵਿਆਹੀਆਂ ਮਾਵਾਂ ਦੇ ਬੱਚਿਆਂ ਦੀ 18 ਸੰਸਥਾਵਾਂ ਵਿੱਚ ਮੌਤ ਹੋਈ ਸੀ। ਇਸ ਕਮਿਸ਼ਨ ਦੀ 3000 ਪੰਨਿਆਂ ਦੀ ਰਿਪੋਰਟ ਪੁਸ਼ਟੀ ਕਰਦੀ ਹੈ ਕਿ ਇਸ ਦੌਰਾਨ 9000 ਬੱਚਿਆਂ ਦੀ ਮੌਤ ਹੋਈ, ਜਿਨ੍ਹਾਂ ਵਿੱਚੋਂ 15 ਫ਼ੀਸਦੀ



ਬੱਚੇ ਸੰਸਥਾਵਾਂ ਵਿੱਚ ਸਨ। ਇਹ ਅੰਕੜੇ ਰਾਸ਼ਟਰੀ ਮੌਤ ਦਰ ਤੋਂ ਵੱਧ ਹਨ। ਆਇਰਸ਼ ਪ੍ਰਧਾਨ ਮੰਤਰੀ ਮਿਸ਼ੇਲ ਮਾਰਟਿਨ ਨੇ ਸਰਕਾਰੀ ਤੌਰ ’ਤੇ ਪੀੜਤ ਲੋਕਾਂ ਤੋਂ ਮੁਆਫ਼ੀ ਮੰਗੀ ਅਤੇ ਕਿਹਾ ਕਿ ਇਸ ਰਿਪੋਰਟ ਨੇ ਦੱਸਿਆ ਹੈ ਕਿ ਇਹ ਆਇਰਸ਼ ਇਤਿਹਾਸ ਦਾ ਕਾਲਾ, ਮੁਸ਼ਕਲ ਤੇ ਸ਼ਰਮਨਾਕ ਚੈਪਟਰ ਹੈ। ਉਨ੍ਹਾਂ ਚਰਚ ਨੂੰ ਆਪਣੇ ਆਪ ਮੁਆਫੀ ਮੰਗਣ ਲਈ ਕਿਹਾ ਹੈ।

ਅਇਰਸ਼ ਸਰਕਾਰ ਪੀੜਤਾਂ ਨੂੰ ਆਰਥਿਕ ਮਦਦ ਵੀ ਦੇਵੇਗੀ, ਜੋ ਹੱਡੀਆਂ ਦੀ ਪਛਾਣ ਕਰਨ, ਪੁਟਾਈ ਕਰਨ, ਬਾਹਰ ਕੱਢਣ ਅਤੇ ਢੁਕਵੀਂ ਥਾਂ ਦਫਨਾਉਣ ਲਈ ਮਦਦ ਹੋਵੇਗੀ। ਕਮਿਸ਼ਨ ਵੱਲੋਂ 56000 ਅਣਵਿਆਹੀਆਂ ਮਾਵਾਂ ਅਤੇ 57000 ਬੱਚਿਆਂ ਬਾਰੇ ਜਾਂਚ ਵਿੱਚ ਦੱਸਿਆ ਗਿਆ ਹੈ ਕਿ ਮਾਂ ਅਤੇ ਬਾਲ ਘਰ ਵਿੱਚ ਜਵਾਨ ਗਰਭਵਤੀ ਔਰਤਾਂ ਨੂੰ ਭੇਜਿਆ ਜਾਂਦਾ ਸੀ ਅਤੇ ਜੋ ਸਥਾਨਕ ਪਾਦਰੀਆਂ ਦੇ ਦਬਾਅ ਹੇਠ ਸਨ। ਬੱਚੇ ਨੂੰ ਜਨਮ ਦੇਣ ਤੋਂ ਬਾਅਦ ਮਾਵਾਂ ਨੂੰ ਬੱਚਿਆਂ ਤੋਂ ਵੱਖ ਕਰ ਦਿੱਤਾ ਜਾਂਦਾ ਸੀ, ਉਨ੍ਹਾਂ ਨੂੰ ਗੋਦ ਲੈਣ ਲਈ ਪੇਸ਼ਕਸ਼ ਕੀਤੀ ਜਾਂਦੀ ਸੀ, ਕਈ ਵਾਰ ਇਹ ਪੇਸ਼ਕਸ਼ ਅਮਰੀਕਾ ਆਦਿ ਵਿੱਚ ਵੀ ਕੀਤੀ ਜਾਂਦੀ ਸੀ। ਸਭ ਤੋਂ ਵੱਧ ਮਾਮਲੇ 1960-1970 ਵਿਚਕਾਰ ਦੇ ਹਨ।

# ਪਾਕਿਸਤਾਨ ’ਚ ਫਿਰ ਹਿੰਦੂ ਵਪਾਰੀ ਦਾ ਕਤਲ

ਲਾਹੌਰ, 14 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਸਿੰਧ ’ਚ ਹਿੰਦੂ ਭਾਈਚਾਰੇ ਦੇ ਲੋਕਾਂ ਦੇ ਕਤਲ, ਅਗਵਾ ਅਤੇ ਲੁੱਟ-ਮਾਰ ਦੀਆਂ ਵਾਰਦਾਤਾਂ ’ਚ ਇਸ ਸਾਲ ਵੱਡਾ ਵਾਧਾ ਹੋਇਆ ਹੈ।

ਸੂਬਾ ਸਿੰਧ ਦੇ ਖੈਰਪੁਰ ਸ਼ਹਿਰ ਦੇ ਲੁਕਮਾਨ ਸ਼ਾਹੀ ਬਾਜ਼ਾਰ ਦੇ ਇੱਕ ਹਿੰਦੂ ਕਾਰੋਬਾਰੀ ਦੀਪਕ ਕੁਮਾਰ ਪੁੱਤਰ ਮਾਧੋ ਮੱਲ ਨੂੰ ਲੰਘੇ ਦਿਨ ਉਸ ਦੇ ਘਰ ’ਚ ਦਾਖ਼ਲ ਹੋ ਕੇ ਅਣਪਛਾਤੇ ਬੰਦੂਕਧਾਰੀ ਵਿਅਕਤੀਆਂ ਨੇ ਕਤਲ ਕਰ ਦਿੱਤਾ। ਇਸ ਬਾਰੇ ਪੁਲਸ ਨੇ ਕਾਰਵਾਈ ਕਰਕੇ ਦੋ ਦੋਸ਼ੀਆਂ ਨੂੰ ਹਿਰਾਸਤ ’ਚ ਲੈ ਲਿਆ ਹੈ, ਜਦਕਿ ਸ਼ਹਿਰ ਦੀ ਆਇਸ਼ਾ ਮਾਰਕੀਟ ’ਚ ਬੰਦੂਕਧਾਰੀ ਵਿਅਕਤੀਆਂ ਵੱਲੋਂ ਆਨੰਦ ਕੁਮਾਰ, ਅਸ਼ੋਕ ਕੁਮਾਰ ਅਤੇ ਇੱਕ ਹੋਰ ਹਿੰਦੂ ਕਾਰੋਬਾਰੀ ’ਤੇ ਕੀਤੇ ਜਾਨਲੇਵਾ ਹਮਲੇ ਦੇ ਸਬੰਧ ’ਚ ਪੁਲਸ ਨੂੰ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ। ਇਸ ਦੌਰਾਨ ਸਿੰਧ ਸੂਬੇ ਦੇ ਸੁਜਾਵਲ ਗੋਥ ਦੇ ਹਰੀ ਕੁਮਾਰ ਦੀ 22 ਵਰ੍ਹਿਆਂ ਦੀ ਧੀ, ਜਿਸ ਨੂੰ ਇਲਾਕੇ ਦੇ ਕੁਝ ਵਿਅਕਤੀਆਂ ਨੇ ਅਗਵਾ ਕੀਤਾ ਸੀ, ਦਾ ਸਮੂਹਿਕ ਜਬਰ ਜਨਾਹ ਕਰਨ ਉਪਰੰਤ ਅਗਲੇ ਦਿਨ ਉਸ ਨੂੰ ਉਸ ਦੇ ਘਰ ਦੇ ਅੱਗੇ ਛੱਡ ਦਿੱਤਾ ਗਿਆ। ਹਿੰਦੂ ਭਾਈਚਾਰੇ ਨੇ ਪੁਲਸ ਤੋਂ ਦੋਸ਼ੀਆਂ ਨੂੰ ਜਲਦੀ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।

# ਜਾਪਾਨ ਦਾ ਪਾਸਪੋਰਟ ਸਭ ਤੋਂ ਸ਼ਕਤੀਸ਼ਾਲੀ




ਟੋਕੀਓ, 14 ਜਨਵਰੀ (ਪੋਸਟ ਬਿਊਰੋ)- ਸਾਲ 2021 ਲਈ ਦੁਨੀਆ ਵਿੱਚ ਸਭ ਤੋਂ ਤਾਕਤਵਰ ਪਾਸਪੋਰਟ ਇੰਡੈਕਸ ਗਲੋਬਲ ਰੈਂਕਿੰਗ ਵਿੱਚ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਜਾਪਾਨ ਦਾ ਗਿਣਿਆ ਗਿਆ ਹੈ। ਇਸ ਸੂਚੀ ਵਿੱਚ ਅਮਰੀਕਾ 7ਵੇਂ ਨੰਬਰ ਉੱਤੇ ਅਤੇ ਭਾਰਤ 8ਵੇਂ, ਚੀਨ 70ਵੇਂ ਅਤੇ ਪਾਕਿਸਤਾਨ ਸਭ ਤੋਂ ਹੇਠਾਂ ਵੱਲੋਂ ਚੌਥੇ ਥਾਂ ਹੈ।

ਦੁਨੀਆ ਦੇ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਸੂਚੀ ਵਿੱਚ ਏਸ਼ੀਅਨ ਦੇਸ਼ਾਂ ਦਾ ਬੋਲਬਾਲਾ ਹੈ। ਜਾਪਾਨ ਦੇ ਨਾਗਰਿਕਾਂ ਨੂੰ ਦੁਨੀਆ ਦੇ 191 ਦੇਸ਼ਾਂ ਵਿੱਚ ਆਨ ਅਰਾਈਵਲ ਵੀਜ਼ੇ ਦੀ ਸਹੂਲਤ ਦਿੱਤੀ ਜਾਂਦੀ ਹੈ। ਜਾਪਾਨ ਨੂੰ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਸੂਚੀ ਵਿੱਚ ਪਹਿਲੇ ਨੰਬਰ ’ਤੇ ਰੱਖ ਕੇ ਦੂਜੇ ਨੰਬਰ 'ਤੇ ਸਿੰਗਾਪੁਰ ਹੈ, ਜਿਸ ਦੇ ਨਾਗਰਿਕਾਂ ਨੂੰ 190 ਦੇਸ਼ਾਂ ਵਿੱਚ ਇਹ ਸਹੂਲਤ ਮਿਲਦੀ ਹੈ। ਤੀਜੇ ਨੰਬਰ ਉੱਤੇ ਦੱਖਣੀ ਕੋਰੀਆ ਅਤੇ ਜਰਮਨੀ ਹਨ, ਜਿਨ੍ਹਾਂ ਦੇ ਨਾਗਰਿਕਾਂ ਨੂੰ 189 ਦੇਸ਼ਾਂ ਵਿੱਚ ਵੀਜ਼ਾ ਆਨ ਅਰਾਈਵਲ ਦੀ ਸਹੂਲਤ ਹੈ। ਇਸ ਤੋਂ ਬਿਨਾ ਇਟਲੀ, ਫਿਨਲੈਂਡ, ਸਪੇਨ ਤੇ ਲਗਜ਼ਮਬਰਗ ਚੌਥੇ ਅਤੇ ਡੈਨਮਾਰਕ ਅਤੇ ਆਸਟ੍ਰੀਆ 5ਵੇਂ ਨੰਬਰ ਉੱਤੇ ਹਨ।

# ਡੋਨਾਲਡ ਟਰੰਪ ਨੇ ਕੈਪੀਟਲ ਬਿਲਡਿੰਗ ਦੰਗੇ ਲਈ ਐਂਟੀਫਾ ਨੂੰ ਦੋਸ਼ੀ ਠਹਿਰਾਇਆ



ਮਾਸਕੋ, 14 ਜਨਵਰੀ (ਪੋਸਟ ਬਿਊਰੋ)- ਅਹੁਦਾ ਛੱਡ ਰਹੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ ਦੇ ਹਾਊਸ ਆਫ ਰਿਪ੍ਰਜ਼ੈਂਟੇਟਿਵਸ ਵਿੱਚ ਰਿਪ-ਬਲਿਕਨ ਲੀਡਰ ਕੇਵਿਨ ਮੈਕਕਾਰਥੀ ਨਾਲ ਫ਼ੋਨ ਉੱਤੇ ਗੱਲਬਾਤ ਵਿੱਚ ਕਿਹਾ ਹੈ ਕਿ ਪਾਰਲੀਮੈਂਟ ਭਵਨ ਕੈਪੀਟਲ ਬਿਲਡਿੰਗ ’ਚ ਦੰਗਿਆਂ ਲਈ ਖੱਬੇ-ਪੱਖੀ ਸੰਗਠਨ ਐਂਟੀਫਾ ਦੋਸ਼ੀ ਹੈ।



ਐਕਸਯੋਸ ਵੈਬਸਾਈਟ ਨੇ ਕੱਲ੍ਹ ਦੱਸਿਆ ਕਿ ਟਰੰਪ ਅਤੇ ਮੈਕਾਰਥੀ ਵਿਚਾਲੇ ਕੱਲ੍ਹ ਦੀ ਗੱਲਬਾਤ ਤਣਾਅ ਭਰੀ ਸੀ। ਮੈਕਾਰਥੀ ਨੇ ਅਹੁਦਾ ਛੱਡ ਰਹੇ ਰਾਸ਼ਟਰਪਤੀ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਵਾਸ਼ਿੰਗਟਨ ’ਚ ਦੰਗਿਆਂ ਦੇ ਪਿੱਛੇ ਟਰੰਪ ਸਮਰਥਕ ਸੰਗਠਨ ‘ਮੇਕ ਅਮਰੀਕਾ ਗ੍ਰੇਟ ਅਗੇਨ’ (ਐਮ ਏ ਜੀ ਏ) ਦਾ ਹੱਥ ਸੀ। ਉਥੇ ਡੈਮੋਕ੍ਰੇਟ ਨੇਤਾ ਜੋਅ ਬਾਈਡੇਨ ਦੀ ਰਾਸ਼ਟਰਪਤੀ ਚੋਣ ਵਿੱਚ ਜਿੱਤ ਨੂੰ ਪਲਟਣ ਦੇ ਸਮਰਥਨ ’ਚ ਅਮਰੀਕੀ ਪਾਰਲੀਮੈਂਟ ਭਵਨ ਕੈਪੀਟਲ ਤੱਕ ਮਾਰਚ ਕਰਨ ਵਾਲੇ ਵੈਸਟ ਵਰਜੀਨੀਆ ਤੋਂ ਰਿਪਬਲਿਕਨ ਪਾਰਲੀਮੈਂਟ ਮੈਂਬਰ ਮਾਇਕ ਏਜੀਂਗਰ ਨੇ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਨੇ ਸਾਨੂੰ ਉਥੇ ਬੁਲਾਇਆ ਸੀ। ਉਸ ਨੇ ਕਿਹਾ ਕਿ ਟਰੰਪ ਦੇ ਵਫਾਦਾਰਾਂ ਦੀ ਭੀੜ ‘ਪ੍ਰੇਰਣਾਦਾਈ ਅਤੇ ਦੇਸ਼ਭਗਤ’ ਸੀ। ਏਜੀਂਗਰ ਨੇ ਕਿਹਾ ਕਿ ਮੇਰਾ ਖਿਆਲ ਹੈ ਕਿ ਟਰੰਪ ਨੇ ਮਿਸ਼ਨ ਦਾ ਨਿਸ਼ਾਨਾ ਸਪੱਸ਼ਟ ਕਰ ਦਿੱਤਾ ਹੈ।

# ਪਾਕਿ ਵਿੱਚ ਮੌਜੂਦ ਸਿੱਖ ਇਤਿਹਾਸ ਦੇ ਦੁਰਲੱਭ ਗ੍ਰੰਥਾਂ ਤੇ ਪੁਸਤਕਾਂ ਦਾ ਕੈਟਾਲਾਗ ਬਣੇਗਾ

ਲਾਹੌਰ, 14 ਜਨਵਰੀ (ਪੋਸਟ ਬਿਊਰੋ)- ਵੱਖ-ਵੱਖ ਪਾਕਿਸਤਾਨੀ ਸ਼ਹਿਰਾਂ ਦੀਆਂ ਸਰਕਾਰੀ ਲਾਇਬ੍ਰੇਰੀਆਂ, ਅਜਾਇਬ-ਘਰਾਂ ਤੇ ਲੋਕਾਂ ਦੇ ਘਰਾਂ ਵਿੱਚ ਰੱਖੇ ਸਿੱਖ ਇਤਿਹਾਸ ਵਾਲੇ ਦੁਰਲੱਭ ਗ੍ਰੰਥਾਂ ਤੇ ਸਾਹਿਤਕ ਪੁਸਤਕਾਂ ਨੂੰ ਸੂਚੀ ਬੰਦ ਕਰਕੇ ਉਨ੍ਹਾਂ ਦਾ ਕੈਟਾਲਾਗ ਬਣਾਇਆ ਜਾ ਰਿਹਾ ਹੈ। ਇਸ ਵਿੱਚ ਗ੍ਰੰਥਾਂ, ਪੁਸਤਕਾਂ, ਇਤਿਹਾਸਕ ਦਸਤਾਵੇਜ਼ਾਂ ਦੀ ਕੁੱਲ ਗਿਣਤੀ ਤੇ ਉਨ੍ਹਾਂ ਦੇ ਲੇਖਕਾਂ, ਪ੍ਰਕਾਸ਼ਕਾਂ ਅਤੇ ਪ੍ਰਕਾਸ਼ਨ ਦੇ ਸਮੇਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਇਹ ਨਿਵੇਕਲਾ ਯਤਨ ਕਰਨ ਵਾਲੇ ‘ਦਿ ਸਿੱਖ ਹੈਰੀਟੇਜ-ਬਿਔਂਡ ਬਾਰਡਰਜ਼’ ਪੁਸਤਕ ਦੇ ਲੇਖਕ ਅਤੇ ਖੋਜ-ਕਰਤਾ ਅਮਰੀਕੀ ਡਾਕਟਰ ਦਲਬੀਰ ਸਿੰਘ ਪੰਨੂ ਨੇ ਮੀਡੀਆ ਨੂੰ ਦੱਸਿਆ ਕਿ ਦੇਸ਼-ਵੰਡ ਦੇ ਜਲਦੀ ਬਾਅਦ ਪਾਕਿਸਤਾਨ ਦੇ ਵੱਖ-ਵੱਖ ਸ਼ਹਿਰਾਂ ਵਿੱਚ ਮੌਜੂਦ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਸੰਭਾਲ ਲਈ ਕਾਰਵਾਈਆਂ ਸ਼ੁਰੂ ਹੋ ਗਈਆਂ ਸਨ, ਪਰ ਪਾਕਿਸਤਾਨ ਵਿੱਚ ਰਹਿ ਗਏ ਸਾਹਿਤਕ ਖ਼ਜ਼ਾਨੇ ਦੀ ਸੰਭਾਲ ਲਈ ਕਿਸੇ ਵਿਅਕਤੀ ਜਾਂ ਜਥੇਬੰਦੀ ਨੇ ਯਤਨ ਨਹੀਂ ਕੀਤਾ ਸੀ। ਪਿਛਲੇ ਦਿਨੀਂ ਪਾਕਿਸਤਾਨ ’ਚ ਇਤਿਹਾਸਕ ਗੁਰਧਾਮਾਂ ਅਤੇ ਵਿਰਾਸਤੀ ਯਾਦਗਾਰਾਂ ਦੀ ਖੋਜ ਲਈ ਪਹੁੰਚੇ ਡਾ. ਪੰਨੂ ਨੇ ਦੱਸਿਆ ਕਿ ਪਾਕਿ ਦੇ ਵੱਖ-ਵੱਖ ਸ਼ਹਿਰਾਂ ਵਿੱਚ ਮੌਜੂਦ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਜਨਮ ਸਾਖੀਆਂ, ਜ਼ਫ਼ਰਨਾਮਾ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਫ਼ਾਰਸੀ ਵਿੱਚ ਲਿਖੇ ਰੋਜ਼ਨਾਮਚੇ ਤੇ ਹੋਰ ਦਸਤਾਵੇਜ਼, ਸਾਹਿਤਕ ਪੁਸਤਕਾਂ, ਹਿਕਮਤ ਤੇ ਦੁਰਲੱਭ ਆਯੁਰਵੈਦਿਕ ਨੁਸਖ਼ਿਆਂ ਵਾਲੇ ਹੱਥ ਲਿਖਤ ਗ੍ਰੰਥਾਂ ਤੇ ਧਾਰਮਿਕ ਪੁਸਤਕਾਂ ਸਮੇਤ ਕਈ ਅਮੁੱਲ ਇਤਿਹਾਸਕ ਦਸਤਾਵੇਜ਼ ਪਾਕਿਸਤਾਨੀਆਂ ਨੇ ਸੰਭਾਲ ਕੇ ਰੱਖੇ ਹੋਏ ਹਨ, ਪਰ ਸੇਵਾ ਸੰਭਾਲ ਦੀ ਕਮੀ ਕਾਰਨ ਉਨ੍ਹਾਂ ’ਚੋਂ ਬਹੁਤਿਆਂ ਦੀ ਹਾਲਤ ਖਸਤਾ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪਾਕਿ ਦੇ ਵੱਖ-ਵੱਖ ਸ਼ਹਿਰਾਂ ’ਚ ਇਹ ਇਤਿਹਾਸਕ ਤੇ ਸਾਹਿਤਕ ਸਰਮਾਇਆ ਸੰਭਾਲਿਆ ਹੋਣ ਕਰਕੇ ਉਨ੍ਹਾਂ ਨੇ ਆਪਣੇ ਪੱਧਰ ’ਤੇ ਕਿਸੇ ਬਾਹਰੀ ਮਦਦ ਦੇ ਬਿਨਾਂ ਇਸ ਦੀ ਸੰਭਾਲ ਤੇ ਮੁਰੰਮਤ ਸ਼ੁਰੂ ਕਰਵਾਈ ਹੈ, ਜਿਸ ਨਾਲ ਖਸਤਾ ਹਾਲਤ ਸਫ਼ਿਆਂ ਦੀ ਕੈਮੀਕਲ ਅਤੇ ਹੋਰ ਸਾਧਨਾਂ ਨਾਲ ਮੁਰੰਮਤ ਕਰਵਾ ਕੇ ਗ੍ਰੰਥਾਂ, ਪੁਸਤਕਾਂ ਤੇ ਹੋਰਨਾਂ ਦਸਤਾਵੇਜ਼ਾਂ ਦੀ ਬਾਈਂਡਿੰਗ ਕਰਾਈ ਜਾ ਰਹੀ ਹੈ। ਇਸ ਦੇ ਬਾਅਦ ਇਨ੍ਹਾਂ ਨੂੰ ਸੂਚੀਬੱਧ ਕਰਕੇ ਇਨ੍ਹਾਂ ਦਸਤਾਵੇਜ਼ਾਂ ਤੇ ਗ੍ਰੰਥਾਂ ਨੂੰ ਡਿਜੀਟਲ ਕੀਤਾ ਜਾਵੇਗਾ।

# ਜਰਮਨੀ ਨੂੰ 2.50 ਲੱਖ ਲੋਕਾਂ ਦੀ ਨਾਗਰਿਕਤਾ ਬਾਰੇ ਜਾਣਕਾਰੀ ਨਹੀਂ

***ਇਨ੍ਹਾਂ ਨੂੰ ਵਾਪਸ ਵੀ ਨਹੀਂ ਭੇਜਿਆ ਜਾ ਸਕਦਾ**



ਬਰਲਿਨ, 14 ਜਨਵਰੀ (ਪੋਸਟ ਬਿਊਰੋ)- ਜਰਮਨੀ ਵਿੱਚ ਢਾਈ ਲੱਖ ਤੋਂ ਵੱਧ ਲੋਕਾਂ ਕੋਲ ਆਪਣੀ ਨਾਗਰਿਕਤਾ ਸਾਬਤ ਕਰਨ ਦੇ ਦਸਤਾਵੇਜ਼ ਨਹੀਂ, ਪਰ ਬਿਨਾਂ ਕਾਗਜ਼ਾਂ ਦੇ ਇਹ ਵਾਪਸ ਵੀ ਨਹੀਂ ਭੇਜੇ ਜਾ ਸਕਦੇ। ਇਨ੍ਹਾਂ ਦੀ ਨਾਗਰਿਕਤਾ ਪਤਾ ਕਰਨ ਲਈ ਜਰਮਨੀ ਦੂਸਰੇ ਦੇਸ਼ਾਂ ਦੇ ਦੂਤਘਰਾਂ ਨੂੰ ਪੈਸਾ ਦੇ ਰਿਹਾ ਹੈ।

ਪੂਰਾ ਯੂਰਪ ਸ਼ਰਨਾਰਥੀਆਂ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਜਰਮਨੀ ਇਨ੍ਹਾਂ ਲੋਕਾਂ ਨੂੰ ਵਾਪਸ ਭੇਜਣ ਦੇ ਲਈ ਲਗਾਤਾਰ ਮੁਹਿੰਮ ਵੀ ਚਲਾ ਰਿਹਾ ਹੈ।ਇਸ ਨੂੰ ਅੰਬੈਸੀ ਹੀਅਰਿੰਗ' ਦਾ ਨਾਂਅ ਦਿੱਤਾ ਜਾਂਦਾ ਹੈ ਅਤੇ ਇਹ ਦੇਸ਼ ਵਿੱਚ ਹੀ ਹੋ ਰਹੀ ਹੈ। ਅਧਿਕਾਰੀਆਂ ਨੂੰ ਇਨ੍ਹਾਂ ਲੋਕਾਂ ’ਤੇ ਜਿਸ ਦੇਸ਼ ਦੇ ਹੋਣ ਦਾ ਸ਼ੱਕ ਹੁੰਦਾ ਹੈ, ਉਸ ਦੇਸ਼ ਦੇ ਦੂਤਘਰ ਨੂੰ ਜਰਮਨੀ ਪੈਸਾ ਦਿੰਦਾ ਹੈ, ਤਾਂ ਕਿ ਉਨ੍ਹਾਂ ਨੂੰ ਸੱਦ ਕੇ ਪੁੱਛਗਿੱਛ ਕਰ ਸਕਣ। ਇਨ੍ਹਾਂ ਵਿੱਚ ਸਭ ਤੋਂ ਵੱਧ ਅਫਰੀਕੀ ਦੇਸ਼ਾਂ ਦੇ ਲੋਕ ਹਨ। ਸਾਲ 2019 ਅਤੇ 2020 ਵਿੱਚ ਨਾਈਜੀਰੀਆ ਦੇ 1100 ਅਤੇ ਘਾਨਾ ਦੇ 370 ਲੋਕਾਂ ਨੂੰ ਏਦਾਂ ਬੁਲਾਇਆ ਗਿਆ। ਨਾਲ ਹੀ ਗਾਂਬੀਆ ਦੇ 146 ਅਤੇ ਗਿਨੀ ਦੇ 126 ਲੋਕਾਂ ਨੂੰ ਵੀ ਸੱਦਿਆ ਗਿਆ। ਜਰਮਨੀ ਦੀ ਲੈਫਟ ਪਾਰਟੀ ਦੀ ਪਾਰਲੀਮੈਂਟਮੈਂਬਰ ਉਲਾ ਯੇਲਪਕੋ ਦੀ ਮੰਗ ਉੱਤੇ ਸਰਕਾਰ ਨੇ ਇਹ ਅੰਕੜੇ ਜਾਰੀ ਕੀਤੇ ਹਨ। ਸਰਕਾਰ ਦਾ ਦਾਅਵਾ ਹੈ ਕਿ ਇਹ ਕਾਨੂੰਨੀ ਵੀ ਹਨ ਅਤੇ ਜ਼ਰੂਰੀ ਵੀ। ਕਾਗਜ਼ਾਤ ਤਦ ਬਣਾਏ ਜਾ ਸਕਦੇ ਹਨ, ਜਦ ਨੈਸ਼ਨਲਟੀ ਦਾ ਪਤਾ ਲੱਗ ਸਕੇ।

ਜਰਮਨ ਕੌਂਸਲ ਆਨ ਫਾਰੇਨ ਰਿਲੇਸ਼ਨਜ਼ ਦੇ ਅਨੁਸਾਰ 2020 ਵਿੱਚ ਦੇਸ਼ ਵਿੱਚ ਕਰੀਬ ਢਾਈ ਲੱਖ ਲੋਕ ਗੈਰ ਕਾਨੂੰਨੀ ਰਹਿ ਰਹੇ ਸਨ। ਸਾਲ 2018 ਵਿੱਚ ਗ੍ਰਹਿ ਮੰਤਰਾਲੇ ਦਾ ਜ਼ਿੰਮਾਚੁੱਕ ਕੇ ਗ੍ਰਹਿ ਮੰਤਰੀ ਹੋਸਰਟ ਜੇਹੋਫਰ ਨੇ ਕਿਹਾ ਸੀ ਕਿ ਉਹ ਇਹ ਗਿਣਤੀ ਘੱਟ ਕਰਨਗੇ ਤੇ 2019 ਵਿੱਚ ਕਰੀਬ 22 ਹਜ਼ਾਰ ਲੋਕ ਡਿਪੋਰਟ ਕੀਤੇ ਸਨ। ਅਧਿਕਾਰੀਆਂ ਦਾ ਦੋਸ਼ ਹੈ ਕਿ ਅਫਰੀਕੀ ਦੇਸ਼ ਇਸ ਕੰਮ ਵਿੱਚ ਕਾਫੀ ਢਿੱਲੇ ਹਨ ਅਤੇ ਕਾਗਜ਼ਾਂ ਵਿੱਚ ਲੰਬਾ ਸਮਾਂ ਲਾ ਰਹੇ ਹਨ।

# ਟਰੰਪ ਪ੍ਰਸ਼ਾਸਨ ਨੇ ਕਿਊਬਾ ਉੱਤੇ ਕਈ ਪਾਬੰਦੀਆਂ ਲਾਈਆਂ

ਵਾਸ਼ਿੰਗਟਨ, 14 ਜਨਵਰੀ (ਪੋਸਟ ਬਿਊਰੋ)- ਅਮਰੀਕਾ ਨੇ ਕਿਊਬਾ ਨੂੰ ਅੱਤਵਾਦ ਸਪਾਂਸਰ ਕਰਨ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਇੱਕ ਵਾਰ ਫਿਰ ਪਾ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਇਹ ਕਦਮ ਆਪਣੇ ਰਾਜਦੀ ਸਮਾਪਤੀ ਦੇ ਕੁਝ ਦਿਨ ਪਹਿਲਾਂ ਚੁੱਕਿਆ ਹੈ। ਅਮਰੀਕਾ ਦੀ ਇਸ ਸੂਚੀ ਵਿੱਚ ਕਿਊਬਾ ਦਾ ਪਹਿਲਾਂ ਵੀ ਨਾਂਅ ਸੀ ਜਿਸ ਨੂੰ ਬਰਾਕ ਓਬਾਮਾ ਦੇ ਰਾਸ਼ਟਰਪਤੀ ਹੋਣ ਸਮੇਂ ਹਟਾਇਆ ਗਿਆ ਸੀ। ਅੱਤਵਾਦ ਸਪਾਂਸਰ ਕਰਨ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਨਾਂਅ ਪਾਏ ਜਾਣ ਦੀ ਜਾਣਕਾਰੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਦਿੱਤੀ ਅਤੇ ਕਿਹਾ ਕਿ ਇਸ ਸੂਚੀ ਵਿੱਚ ਨਾਂਅ ਪੈਣ ਪਿੱਛੋਂ ਕਿਊਬਾ ’ਤੇ ਨਵੀਆਂ ਪਾਬੰਦੀਆਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਉਸ ਉੱਤੇ ਵਪਾਰ ਦੇ ਨਾਲ ਰੱਖਿਆ ਉਤਪਾਦਾਂ ਦੀ ਖਰੀਦ ’ਤੇ ਵੀ ਰੋਕ ਲਾਈ ਗਈ ਹੈ। ਵਿਦੇਸ਼ੀ ਮਦਦ ਦੇ ਮਾਮਲਿਆਂ ਵਿੱਚ ਵੀ ਕਈ ਪਾਬੰਦੀਆਂ ਲਾਈਆਂ ਗਈਆਂ ਹਨ। ਦੋਹਰੀ ਵਪਾਰ ਨੀਤੀ ’ਚ ਵੀ ਉਸ ਨੂੰ ਕੁਝ ਪਾਬੰਦੀਆਂ ਦਾ ਸਾਹਮਣਾ ਕਰਨਾ ਪਵੇਗਾ। ਪੋਂਪੀਓ ਨੇ ਕਿਹਾ ਕਿ ਅਮਰੀਕੀ ਸਰਕਾਰ ਦੀ ਇਹ ਕਾਰਵਾਈ ਕਿਊਬਾ ਲਈ ਸਾਫ ਸੰਦੇਸ਼ ਹੈ ਕਿ ਉਹ ਅੰਤਰਰਾਸ਼ਟਰੀ ਅੱਤਵਾਦ ਦਾ ਸਮਰਥਨ ਬੰਦ ਕਰੇ। ਉਨ੍ਹਾਂ ਇਹ ਵੀ ਕਿਹਾ ਕਿ 2015 ਵਿੱਚ ਕਿਊਬਾ ਦਾ ਜਿਨ੍ਹਾਂ ਸ਼ਰਤਾਂ ਦੇ ਆਧਾਰ ’ਤੇ ਸੂਚੀ ਤੋਂ ਨਾਂਅ ਹਟਾਇਆ ਗਿਆ ਸੀ, ਉਸ ਦੀ ਉਲੰਘਣਾ ਕੀਤੀ ਗਈ ਹੈ। ਉਸ ਦਾ ਨਾਂਅ ਇਸ ਸੂਚੀ ਵਿੱਚ ਦੁਬਾਰਾ ਪਾ ਦਿੱਤਾ ਗਿਆ ਹੈ।



ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ ਕਿ ਕਿਊਬਾ ਸਰਕਾਰ ਕਾਤਲਾਂ, ਬੰਬ ਬਣਾਉਣ ਵਾਲਿਆਂ ਤੇ ਅਗਵਾਕਾਰਾਂ ਨੂੰ ਸ਼ਰਣ ਦਿੰਦੀ ਹੈ। ਕਿਊਬਾ ਨੇ ਅਮਰੀਕਾ ਵਿੱਚ ਅਪਰਾਧ ਕਰਨ ਵਾਲਿਆਂ ਨੂੰ ਵੀ ਪਨਾਹ ਦੇ ਰੱਖੀ ਹੈ। ਇਨ੍ਹਾਂ ਵਿੱਚ ਕਈ ਰਾਜਨੀਤਕ ਹਿੰਸਾ ਦੇ ਦੋਸ਼ੀ ਹਨ। ਕਿਊਬਾ ਨੇ ਨੈਸ਼ਨਲ ਲਿਬਰੇਸ਼ਨ ਆਰਮੀ (ਈ ਐਲ ਐਨ) ਦੇ 10 ਨੇਤਾ ਅਮਰੀਕਾ ਦੇ ਹਵਾਲੇ ਕਰਨ ਤੋਂ ਵੀ ਇਨਕਾਰ ਕੀਤਾ ਹੈ। ਇਹ ਸਾਰੇ ਬੋਗੋਟਾ ਪੁਲਸ ਅਕੈਡਮੀ ਵਿੱਚ ਬੰਬ ਧਮਾਕੇ ਦੇ ਦੋਸ਼ੀ ਹਨ, ਜਿੱਥੇ 22 ਲੋਕਾਂ ਦੀ ਮੌਤ ਹੋ ਗਈ ਸੀ। ਕਿਊਬਾ ਦੇ ਵਿਦੇਸ਼ ਮੰਤਰੀ ਬਰੂਨੀ ਰੋਡਰਿਗਜ਼ ਨੇ ਅਮਰੀਕਾ ਦੇ ਇਸ ਫੈਸਲੇ ਦੀ ਨਿੰਦਾ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਸਮੇਂ ਦੌਰਾਨ ਕਈ ਦੇਸ਼ਾਂ ’ਤੇ ਪਾਬੰਦੀਆਂ ਲਾਈਆਂ ਹਨ। ਕਿਊਬਾ ਤੋਂ ਇਲਾਵਾ ਈਰਾਨ, ਤੁਰਕੀ ਤੇ ਸੀਰੀਆ ਉੱਤੇਪਾਬੰਦੀਆਂ ਲਾਈਆਂ ਗਈਆਂ ਹਨ ਹਨ। ਪਾਕਿਸਤਾਨਉਤੇ ਵੀ ਆਰਥਿਕ ਪਾਬੰਦੀਆਂ ਲਾ ਕੇ ਉਸ ਨੂੰ ਦਿੱਤੀ ਜਾਣ ਵਾਲੀ ਆਰਥਿਕ ਸਹਾਇਤਾ ਬੰਦ ਕਰ ਦਿੱਤੀ ਗਈ ਹੈ।

# ਭਾਰ-ਪਾਕਿ ਸਰਹੱਦ ਤੋਂ 150 ਮੀਟਰ ਲੰਬੀ ਸੁਰੰਗਮਿਲੀ

ਸ੍ਰੀਨਗਰ, 14 ਜਨਵਰੀ (ਪੋਸਟ ਬਿਊਰੋ)- ਭਾਰਤ ਦੀ ਸੀਮਾ ਸੁਰੱਖਿਆ ਫੋਰਸ (ਬੀ ਐਸ ਐਫ) ਨੇ ਪਾਕਿਸਤਾਨ ਵੱਲੋਂ ਅੱਤਵਾਦੀਆਂ ਦੀ ਘੁਸਪੈਠ ਦੀ ਇੱਕ ਹੋਰ ਸਾਜ਼ਿਸ਼ ਨਾਕਾਮ ਕਰ ਦਿੱਤੀ ਹੈ। ਜੰਮੂ-ਕਸ਼ਮੀਰ ਦੇ ਜ਼ਿਲ੍ਹਾ ਕਠੂਆ ਦੇ ਹੀਰਾ ਨਗਰ ਸੈਕਟਰ 'ਚ ਅੰਤਰਰਾਸ਼ਟਰੀ ਸਰਹੱਦ 'ਤੇ ਬਬੀਆ ਪਿੰਡ ਨੇੜੇ ਬੀ ਐਸ ਐਫ ਨੇ 150 ਮੀਟਰ ਲੰਬੀ ਸੁਰੰਗ ਦਾ ਪਤਾ ਲਗਾਇਆ ਗਿਆ ਹੈ। ਸੁਰੱਖਿਆ ਏਜੰਸੀਆਂ ਇਸ ਦੇ ਬਾਅਦ ਚੌਕਸ ਹੋ ਗਈਆਂ ਹਨ।



ਪੁਲਸ ਅਤੇ ਬੀ ਐਸ ਐਫ ਦੇ ਉਚ ਅਧਿਕਾਰੀਆਂ ਨੇ ਮੌਕੇ ਦਾ ਜਾਇਜ਼ਾ ਲਿਆ ਕਿ ਅੱਤਵਾਦੀਆਂ ਨੇ ਉਸ ਸੁਰੰਗ ਰਾਹੀਂ ਕੋਈ ਘੁਸਪੈਠ ਦੀ ਤਾਜ਼ਾ ਵਾਰਦਾਤ ਤਾਂ ਨਹੀਂ ਕੀਤੀ। ਬੀ ਐਸ ਐਫ ਦੇ ਇੰਸਪੈਕਟਰ ਜਨਰਲ ਜੇ ਐਸ ਜਮਵਾਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਬੀ ਐਸ ਐਫ ਦੀ ਗਸ਼ਤੀ ਪਾਰਟੀ ਨੇ ਕੱਲ੍ਹ ਸਵੇਰੇ ਬਬੀਆ ਪਿੰਡ ਨੇੜੇ 150 ਮੀਟਰ ਲੰਬੀ, 20-25 ਫੁੱਟ ਡੂੰਘੀ ਅਤੇ ਦੋ ਤੇ ਢਾਈ ਫੁੱਟ ਚੌੜੀ ਸੁਰੰਗ ਦਾ ਪਤਾ ਲਾਇਆ ਹੈ। ਉਨ੍ਹਾਂ ਦੱਸਿਆ ਕਿ ਸਰਹੱਦ ਤੋਂ ਕਰੀਬ 50 ਮੀਟਰ ਦੂਰ ਮਿਲੀ ਇਹ ਸੁਰੰਗ ਪੁਰਾਣੀ ਜਾਪਦੀ ਹੈ ਤੇ ਇਸ ਦਾ ਪਤਾ ਓਦੋਂ ਲੱਗਾ, ਜਦੋਂ ਜੇ ਸੀ ਬੀ ਮਸ਼ੀਨ ਨਾਲ ਮਿੱਟੀ ਪੁੱਟੀ ਜਾ ਰਹੀ ਸੀ ਅਤੇ ਸੁਰੰਗ ਦਾ ਖੁੱਲ੍ਹਾ ਮੂੰਹ ਨਜ਼ਰ ਆਇਆ, ਜਿਸ ਦੇ ਉਪਰ ਸਰੀਏ ਦਾ ਇੱਕ ਰਾਡ ਰੱਖਿਆ ਹੋਇਆ ਸੀ। ਇਸ ਦੇ ਨੇੜੇ ਕਰਾਚੀ ਵਿੱਚ ਬਣੇ ਸੀਮੈਂਟ ਅਤੇ ਰੇਤ ਦੀਆਂ ਤਿੰਨ ਬੋਰੀਆਂ ਮਿਲੀਆਂ ਹਨ।

ਬੀ ਐਸ ਐਫ ਨੇ ਨਗਰੋਟਾ ਹਮਲੇ ਦੇ ਬਾਅਦ ਸਰਹੱਦੀ ਪਿੰਡਾਂ 'ਚ ਆਪ੍ਰੇਸ਼ਨ ਸੁਦਰਸ਼ਨ ਚਲਾਇਆ ਹੋਇਆ ਹੈ। ਕੰਟਰੋਲ ਰੇਖਾ 'ਤੇ ਫ਼ੌਜ ਵੱਲੋਂ ਵਰਤੀ ਜਾ ਰਹੀ ਚੌਕਸੀ ਦੇ ਕਾਰਨ ਪਾਕਿਸਤਾਨ ਅੱਤਵਾਦੀਆਂ ਨੂੰ ਅੰਤਰਰਾਸ਼ਟਰੀ ਸਰਹੱਦ ਤੋਂ ਘੁਸਪੈਠ ਕਰਵਾਉਣ ਦੀ ਸਾਜ਼ਿਸ਼ 'ਚ ਲੱਗਾ ਹੋਇਆ ਹੈ। ਵਰਨਣ ਯੋਗ ਕਿ ਪੁਲਵਾਮਾ ਫਿਦਾਈਨ ਹਮਲੇ 'ਚ ਸੀ ਆਰ ਪੀ ਐਫ ਦੇ 40 ਜਵਾਨ ਮਾਰੇ ਗਏ ਸਨ। ਜੰਮੂ ਦੇ ਬੰਨ ਟੋਲ ਪਲਾਜ਼ਾ ਨੇੜੇ 2 ਵੱਡੀਆਂ ਵਾਰਦਾਤਾਂ ਦੇ ਇਲਾਵਾ ਕਈ ਹੋਰ ਹਮਲਿਆਂ 'ਚ ਸ਼ਾਮਲ ਰਹੇ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਅੰਤਰਰਾਸ਼ਟੀ ਸਰਹੱਦ ਰਾਹੀਂ ਘੁਸਪੈਠ ਕਰਕੇ ਆਏ ਸਨ, ਜਿਸ ਦੀ ਪੁਸ਼ਟੀ ਐਨ ਆਈ ਏ ਨੇ ਆਪਣੀ ਚਾਰਜਸ਼ੀਟ 'ਚ ਕੀਤੀ ਹੈ। ਜੰਮੂ ਖੇਤਰ ਦੀ ਲੱਗਭਗ 3300 ਕਿਲੋਮੀਟਰ ਲੰਮੀ ਅੰਤਰਰਾਸ਼ਟਰੀ ਸਰਹੱਦ ਉਤੇ ਬੀ ਐਸ ਐਫ ਵੱਲੋਂ ਅਜਿਹੀਆਂ ਹੋਰ ਸੁਰੰਗਾਂ ਦਾ ਪਤਾ ਲਾਉਣ ਲਈ ਤਲਾਸ਼ੀ ਮੁਹਿੰਮ ਜਾਰੀ ਹੈ। ਬੀਤੇ ਸਾਲ ਸਾਂਬਾ ਸੈਕਟਰ 'ਚ 29 ਅਗਸਤ ਅਤੇ 23 ਨਵੰਬਰ 2020 ਨੂੰ ਵੀ ਇਸ ਤਰ੍ਹਾਂ ਦੀਆਂ 2 ਸੁਰੰਗਾਂ ਦਾ ਬੀ ਐਸ ਐਫ ਨੇ ਪਤਾ ਲਗਾਇਆ ਸੀ, ਜਿਨ੍ਹਾਂ ਰਾਹੀਂ ਦਾਖ਼ਲ ਹੋਏ ਜੈਸ਼ ਦੇ ਤਿੰਨ ਅੱਤਵਾਦੀ ਟਰੱਕ 'ਚ ਸਵਰ ਹੋ ਕੇ ਕਸ਼ਮੀਰ ਜਾਣ ਲੱਗਿਆਂ ਮੁਕਾਬਲੇ 'ਚ ਮਾਰੇ ਗਏ ਸਨ।

# ਹਾਈ ਕੋਰਟ ਨੇ ਮਾਈਨਿੰਗ ਬਾਰੇ ਗਲਤ ਰਿਪੋਰਟ ਦੇਣ ਵਾਲੇ ਅਫਸਰਾਂ ਤੋਂ ਜਵਾਬ ਮੰਗ ਲਿਆ

ਚੰਡੀਗੜ੍ਹ, 14 ਜਨਵਰੀ (ਪੋਸਟ ਬਿਊਰੋ)- ਜ਼ਿਲਾ ਰੂਪਨਗਰ ਵਿੱਚ ਨਾਜਾਇਜ਼ ਮਾਈਨਿੰਗ ਅਤੇ ਗੁੰਡਾ ਟੈਕਸ ਦੀ ਵਸੂਲੀ ਦੇ ਕੇਸ ਵਿੱਚ ਪੰਜਾਬ ਸਰਕਾਰ ਨੇ ਉਸ ਕਮੇਟੀ ਦੇ ਅਧਿਕਾਰੀਆਂ ਤੋਂ ਜਵਾਬ ਮੰਗਿਆ ਹੈ, ਜਿਸ ਨੇ ਪਹਿਲਾਂ ਹਾਈ ਕੋਰਟ ਵਿੱਚ ਰਿਪੋਰਟ ਦਿੱਤੀ ਸੀ ਕਿ ਉਥੇ ਅਜਿਹਾ ਕੁਝ ਨਹੀਂ ਹੈ, ਪਰ ਚੀਫ ਜੁਡੀਸ਼ਲ ਮੈਜਿਸਟਰੇਟ ਦੀ ਰਿਪੋਰਟ ਵਿੱਚ ਓਥੇ ਨਾਜਾਇਜ਼ ਨਾਕਿਆਂ 'ਤੇ ਗੁੰਡਾ ਟੈਕਸ ਦੀ ਵਸੂਲੀ ਦੀ ਜਾਣਕਾਰੀ ਹਾਈ ਕੋਰਟ ਨੂੰ ਦਿੱਤੀ ਗਈ ਸੀ।




ਇਸ ਕੇਸ ਵਿੱਚ ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਜਵਾਬ ਦੇ ਕੇ ਕਿਹਾ ਹੈ ਕਿ ਉਸ ਕਮੇਟੀ ਦੇ ਅਧਿਕਾਰੀਆਂ ਤੋਂ ਜਵਾਬ ਮੰਗਿਆ ਗਿਆ ਹੈ, ਜਿਨ੍ਹਾਂ ਨੇ ਪਿਛਲੇ ਸਾਲ ਜਨਵਰੀ ਵਿੱਚ ਹਾਈ ਕੋਰਟ ਨੂੰਰਿਪੋਰਟ ਦਿੱਤੀ ਸੀ ਅਤੇ ਜਿਸ ਨੂੰ ਹਾਈ ਕੋਰਟ ਨੇ ਸਿਰੇ ਤੋਂ ਰੱਦ ਕਰ ਦਿੱਤਾ ਅਤੇ ਫਿਰ ਰੂਪਨਗਰ ਦੇ ਚੀਫ ਜੁਡੀਸ਼ਲ ਮੈਜਿਸਟਰੇਟਤੋਂ ਰਿਪੋਰਟ ਮੰਗੀ ਸੀ। ਸੀ ਜੇ ਐਮ ਨੇ ਦੌਰਾ ਕਰ ਕੇ ਦੱਸਿਆ ਸੀ ਕਿ ਉਥੇ ਨਾਜਾਇਜ਼ ਨਾਕਿਆਂ 'ਤੇ ਗੁੰਡਾ ਟੈਕਸ ਦੀ ਵਸੂਲੀ ਕੀਤੀ ਜਾ ਰਹੀ ਹੈ। ਸਰਕਾਰ ਨੇ ਦੱਸਿਆ ਕਿ ਜਿਨ੍ਹਾਂ ਅਧਿਕਾਰੀਆਂ ਤੋਂ ਜਵਾਬ ਮੰਗਿਆ ਹੈ, ਉਨ੍ਹਾਂ ਵਿੱਚ ਰੂਪਨਗਰ ਅਤੇ ਆਨੰਦ-ਪੁਰ ਸਾਹਿਬ ਦੇ ਓਦੋਂ ਦੇ ਡੀ ਐਸ ਪੀ ਅਤੇ ਦੂਸਰੇ ਵਿਭਾਗ ਦੇ ਅਧਿਕਾਰੀ ਸ਼ਾਮਲ ਹਨ, ਜੋ ਕਮੇਟੀ ਦਾ ਹਿੱਸਾ ਸਨ। ਇਸ ਦੇ ਇਲਾਵਾ ਨਾਜਾਇਜ਼ ਨਾਕੇ ਲਾ ਕੇ ਵਸੂਲੀ ਕਰਨ ਵਾਲੇ ਪੰਜ ਲੋਕਾਂ ਵਿਰੁੱਧਕੇਸ ਦਰਜ ਕੀਤਾ ਗਿਆ ਹੈ। ਹਾਈ ਕੋਰਟ ਨੂੰ ਇਹ ਵੀ ਦੱਸਿਆ ਗਿਆ ਕਿ ਤੀਹ ਨਵੰਬਰ ਤੱਕ ਸਿਰਫ ਰੂਪਨਗਰ ਵਿੱਚ ਨਾਜਾਇਜ਼ ਮਾਈਨਿੰਗ ਕਰਨ ਵਾਲਿਆਂ ਵਿਰੁੱਧ 58 ਕੇਸ ਦਰਜ ਕੀਤੇ ਹਨ। ਰੂਪਨਗਰ ਦੇ ਡਿਪਟੀ ਕਮਿਸ਼ਨਰ ਨੇ ਇਸ ਬਾਰੇ ਐਸ ਡੀ ਐਮ ਅਤੇ ਜ਼ਿਲ੍ਹਾ ਮਾਈਨਿੰਗ ਅਧਿਕਾਰੀ ਉਤੇ ਆਧਾਰਤ ਕਈ ਟੀਮਾਂ ਬਣਾਈਆਂ ਹਨ, ਜੋ ਨਾਜਾਇਜ਼ ਮਾਈਨਿਗ ਤੇ ਗੁੰਡਾ ਟੈਕਸ ਵਸੂਲਣ ਵਾਲਿਆਂ 'ਤੇ ਕਾਰਵਾਈ ਕਰਨ ਲਈ ਨਜ਼ਰ ਰੱਖ ਰਹੀਆਂ ਹਨ।

# ਹਿੰਦੂ ਆਗੂ ਦੇ ਕਤਲ ਕੇਸ ਵਿੱਚ ਚਾਰਜਸ਼ੀਟ ਦਾਇਰ

*** ਐਨ ਆਈ ਏ ਨੇ ਵਾਰਦਾਤ ਨੂੰ ਖਾਲਿਸਤਾਨੀਆਂ ਦੀ ਸਾਜ਼ਿਸ਼ ਦੱਸਿਆ**

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਸਾਲ 2017 ਵਿੱਚ ਲੁਧਿਆਣਾ ਵਿੱਚ ਹਿੰਦੂ ਆਗੂ ਦੇ ਕਤਲ ਦੇ ਕੇਸ ਵਿੱਚ ਜਾਂਚ ਏਜੰਸੀ ਐਨ ਆਈ ਏ ਨੇ ਤਿੰਨ ਜਣਿਆਂ ਦੇ ਖਿਲਾਫ ਅਦਾਲਤ ਵਿੱਚ ਦੋਸ਼ ਪੱਤਰ ਦਾਇਰ ਕਰ ਦਿੱਤਾ ਹੈ। ਹਿੰਦੂ ਆਗੂ ਅਮਿਤ ਸ਼ਰਮਾ ਦੇ ਕਤਲ ਨੂੰ ਚਾਰਜਸ਼ੀਟ ਵਿੱਚ 'ਦਹਿਸ਼ਤਗਰਦ ਕਾਰਵਾਈ' ਕਿਹਾ ਗਿਆ ਹੈ।

ਕੌਮੀ ਜਾਂਚ ਏਜੰਸੀ ਨੇ ਦੋਸ਼ ਲਾਇਆ ਹੈ ਕਿ ਇਹ ਹੱਤਿਆ ਖਾਲਿਸਤਾਨ ਲਿਬਰੇਸ਼ਨ ਫਰੰਟ ਦੀ ਸਾਜ਼ਿਸ਼ ਸੀ। ਜਾਂਚ ਏਜੰਸੀ ਨੇ ਉੱਤਰ ਪ੍ਰਦੇਸ਼ ਦੇ ਮੇਰਠ ਦੇ ਵਾਸੀ ਆਸ਼ੀਸ਼ ਕੁਮਾਰ, ਜਾਵੇਦ ਅਤੇ ਅਰਸ਼ਦ ਅਲੀ ਖਿਲਾਫ ਦੋਸ਼ ਪੱਤਰ ਦਾਖਲ ਕੀਤਾ ਹੈ, ਜਿਸ ਦੇ ਮੁਤਾਬਕ ਇਨ੍ਹਾਂ ਨੇ ਵਾਰਦਾਤ ਲਈ ਹਥਿਆਰ ਸਪਲਾਈ ਕੀਤੇ ਸਨ। ਚਾਰਜਸ਼ੀਟ ਵਿੱਚ ਆਈ ਪੀ ਸੀ ਅਤੇ ਯੂ ਏ ਪੀ ਏ ਦੀਆਂ ਧਾਰਾਵਾਂ ਤੋਂ ਇਲਾਵਾ ਅਸਲਾ ਐਕਟ ਦੀਆਂ ਧਾਰਾਵਾਂ ਵੀ ਲਾਈਆਂ ਗਈਆਂ ਹਨ।

ਵਰਨਣ ਯੋਗ ਹੈ ਕਿ ਜਨਵਰੀ 2017 ਵਿੱਚ ਦੋ ਅਣਪਛਾਤੇ ਮੋਟਰ ਸਾਈਕਲ ਸਵਾਰਾਂ ਨੇ ਹਿੰਦੂ ਤਖਤ ਦੇ ਪ੍ਰਧਾਨ ਅਮਿਤ ਸ਼ਰਮਾ ਦਾ ਕਤਲ ਕਰ ਦਿੱਤਾ ਸੀ। ਸਾਲ 2016-17 ਦੌਰਾਨ ਪੰਜਾਬ ਵਿੱਚ ਅੱਠ ਲੜੀਵਾਰ ਏਦਾਂ ਦੇ ਕਤਲ ਹੋਏ ਸਨ ਤੇ ਇਹ ਵੀ ਉਨ੍ਹਾਂ ਵਿੱਚੋਂ ਸੀ। ਇਸ ਤੋਂ ਪਹਿਲਾਂ ਐਨ ਆਈ ਏ ਨੇ 2018 ਵਿੱਚ 15 ਜਣਿਆਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਸੀ, ਜਿਸ ਵਿੱਚ ਕਿਹਾ ਗਿਆ ਹੈ ਕਿ ਆਸ਼ੀਸ਼, ਜਾਵੇਦ ਤੇ ਅਰਸ਼ਦ ਨੇ ਹੋਰਾਂ ਮੁਲਜ਼ਮਾਂ ਨੂੰ ਵਾਰਦਾਤ ਲਈ ਹਥਿਆਰ ਹਾਸਲ ਕਰਵਾਏ ਸਨ। ਉਨ੍ਹਾਂ 'ਤੇ ਹੋਰਨਾਂ ਵਾਰਦਾਤਾਂ ਲਈ ਹਥਿਆਰ ਸਪਲਾਈ ਕਰਨ ਦਾ ਦੋਸ਼ ਵੀ ਹੈ।

# ਐਨ ਆਈ ਏਵਰਵਰਾ ਰਾਓ ਦੀ ਉਮਰ ਤੇ ਸਿਹਤ ਦਾ ਖਿਆਲ ਰੱਖ ਕੇ ਜਵਾਬ ਦਾਇਰ ਕਰੇ: ਬੰਬੇ ਹਾਈ ਕੋਰਟ

ਮੁੰਬਈ, 14 ਜਨਵਰੀ (ਪੋਸਟ ਬਿਊਰੋ)- ਬੰਬੇ ਹਾਈ ਕੋਰਟ ਨੇ ਮਹਾਰਾਸ਼ਟਰ ਸਰਕਾਰ ਅਤੇ ਕੇਂਦਰੀ ਏਜੰਸੀ ਐਨ ਆਈ ਏ ਨੂੰ ਕਿਹਾ ਹੈ ਕਿ ਕਵੀ ਅਤੇ ਸਮਾਜੀ ਕਾਰਕੁਨ ਵਰਵਰਾ ਰਾਓ ਦੀ ਜ਼ਮਾਨਤ ਅਰਜ਼ੀ 'ਤੇ ਜਵਾਬ ਦੇਣ ਵੇਲੇ ਉਨ੍ਹਾਂ ਦੀ ਉਮਰ ਤੇ ਸਿਹਤ ਦਾ ਵੀ ਧਿਆਨ ਵਿੱਚ ਰੱਖਿਆ ਜਾਵੇ।



ਵਰਨਣ ਯੋਗ ਹੈ ਕਿ ਵਰਵਰਾ ਰਾਓ ਨੂੰ ਐਲਗਾਰ ਪ੍ਰੀਸ਼ਦ-ਮਾਓਵਾਦੀ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਬੰਬੇ ਹਾਈ ਕੋਰਟ ਦਾ ਡਵੀਜ਼ਨ ਬੈਂਚ ਉਨ੍ਹਾਂ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਕਰੇਗਾ। ਉਨ੍ਹਾਂ ਨੇ ਸਿਹਤ ਠੀਕ ਨਾ ਹੋਣ ਦੇ ਆਧਾਰ 'ਤੇ ਜ਼ਮਾਨਤ ਮੰਗੀ ਹੈ। ਵਰਵਰਾ ਰਾਓ ਨੂੰ ਪਿਛਲੇ ਮਹੀਨੇ ਨਾਨਾਵਤੀ ਹਸਪਤਾਲ ਦਾਖਲ ਕਰਵ-ਾਇਆ ਗਿਆ ਸੀ। ਉਨ੍ਹਾਂ ਦੀ ਪਤਨੀ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ ਤੇ ਸਿਹਤ ਠੀਕ ਨਾ ਹੋਣ ਦਾ ਹਵਾਲਾ ਦਿੱਤਾ ਸੀ। ਇਸ ਪਿੱਛੋਂ ਅਦਾਲਤ ਨੇ ਵਰਵਰਾ ਰਾਓ ਨੂੰ ਹਸਪਤਾਲ ਦਾਖਲ ਕਰਨ ਦੇ ਹੁਕਮ ਜਾਰੀ ਕੀਤੇ ਸਨ, ਜਿੱਥੋਂ ਉਨ੍ਹਾਂ ਦੀ ਸਿਹਤ ਬਾਰੇ ਹਾਈ ਕੋਰਟ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ। ਮਹਾਰਾਸ਼ਟਰ ਸਰਕਾਰ ਨੇ ਨਾਨਾਵਤੀ ਹਸਪਤਾਲ ਵਿੱਚ ਰਾਓ ਦੇ ਇਲਾਜ ਦਾ ਖਰਚਾ ਚੁੱਕਣ ਦੀ ਸਹਿਮਤੀ ਦੇ ਦਿੱਤੀ ਹੈ। ਜਸਟਿਸ ਐਸ ਐਸ ਸ਼ਿੰਦੇ ਨੇ ਜਾਂਚ ਏਜੰਸੀ ਨੂੰ ਕਿਹਾ ਕਿ 'ਰਾਓ 88 ਵਰ੍ਹਿਆਂ ਦੇ ਹਨ, ਅਸੀਂ ਸਾਰੇ ਮਨੁੱਖ ਹਾਂ। ਜ਼ਮਾਨਤ ਅਰਜ਼ੀ ਖਿਲਾਫ ਜਵਾਬ ਦਾਇਰ ਕਰਨ ਵੇਲੇ ਉਨ੍ਹਾਂ ਦੀ ਸਿਹਤ ਤੇ ਉਮਰ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ।'

# ਕਰੰਟ ਲੱਗਣ ਨਾਲ ਰਾਜ ਮਿਸਤਰੀ ਦੀ ਮੌਤ

ਨਕੋਦਰ, 14 ਜਨਵਰੀ (ਪੋਸਟ ਬਿਊਰੋ)- ਥਾਣਾ ਸਦਰ ਦੇ ਪਿੰਡ ਸ਼ਰੀਂਹ ਵਿੱਚ ਇੱਕ ਰਾਜਮਿਸਤਰੀ ਨੌਜਵਾਨ ਦੀ ਕਰੰਟ ਲੱਗਣ ਨਾਲ ਮੌਤ ਹੋ ਗਈ ਹੈ। ਇਸ ਦੀ ਸੂਚਨਾ ਮਿਲਦੇ ਸਾਰ ਸ਼ੰਕਰ ਚੌਕੀ ਦੇ ਮੁਖੀ ਸਬ-ਇੰਸਪੈਕਟਰ ਰਾਜਿੰਦਰ ਸਿੰਘ ਮੌਕੇ 'ਤੇ ਪਹੁੰਚੇ। ਮ੍ਰਿਤਕ ਦੀ ਪਛਾਣ ਕਮਲ (33) ਪਿੰਡ ਚੱਕ ਵੇਂਡਲ, ਨਕੋਦਰ ਦੇ ਰੂਪ ਵਿੱਚ ਹੋਈ ਹੈ।

ਮ੍ਰਿਤਕ ਦੀ ਪਤਨੀ ਰਮਨਦੀਪ ਕੌਰ ਨੇਪੁਲਸ ਨੂੰ ਦੱਸਿਆ ਕਿ ਮੇਰੀ ਸ਼ਾਦੀ ਕਰੀਬ 8 ਸਾਲ ਪਹਿਲਾਂ ਕਮਲ ਘਾਰੂ ਪੁੱਤਰ ਮੰਗਤ ਰਾਮ ਨਿਵਾਸੀ ਚੱਕ ਵੇਂਡਲ ਨਾਲ ਹੋਈ ਸੀ, ਜੋ ਰਾਜਮਿਸਤਰੀ ਦਾ ਕੰਮ ਕਰਦਾ ਸੀ। ਕੱਲ੍ਹ ਪਿੰਡ ਦੇ ਲੜਕੇ ਅਭਿਤ ਘਾਰੂ ਨਾਲ ਉਹ ਪਿੰਡ ਸਰੀਂਹ ਵਿੱਚ ਕੰਮ ਕਰਨ ਗਿਆ ਸੀ। ਦੁਪਹਿਰੇ ਲੱਗਭਗ 1.30 ਵਜੇ ਅਭਿਤ ਘਾਰੂ ਨੇ ਫ਼ੋਨ ਉੱਤੇ ਦੱਸਿਆ ਕਿ ਉਨ੍ਹਾਂ ਨੇ ਘਰ ਦੀ ਛੱਤ 'ਤੇ ਰੋਟੀ ਖਾ ਕੇ ਹਟੇ ਸੀ ਕਿ ਗਲੀ ਵਿੱਚ ਬੱਚੇ ਢੋਲ ਦੇ ਨਾਲ ਲੋਹੜੀ ਮੰਗ ਰਹੇ ਸੀ। ਜਦੋਂ ਕਮਲ ਘਾਰੂ ਥੱਲੇ ਦੇਖਣ ਲਗਾ ਤਾਂ ਭਾਰ ਥੱਲੇ ਵੱਲ ਜ਼ਿਆਦਾ ਹੋ ਗਿਆ ਅਤੇ ਉਸਦਾ ਹੱਥ ਹਾਈ ਵੋਲਟੇਜ ਤਾਰਾਂ ਨਾਲ ਲੱਗ ਗਿਆ। ਇਸ ਦੌਰਾਨ ਉਥੇ ਮੌਜੂਦ ਮਜ਼ਦੂਰਾਂ ਦੀ ਮਦਦ ਨਾਲ ਉਸ ਤਾਰਾਂ ਤੋਂ ਉਤਾਰਿਆ ਅਤੇ ਇਲਾਜ ਦੇ ਲਈ ਸਿਵਲ ਹਸਪਤਾਲ ਲੈ ਗਏ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ ਹੈ।

# ਸ਼ਿਕਾਇਤ ਪਿੱਛੋਂ ਈਦਗਾਹ ਬਾਰੇ ਪੁਲਸ ਪ੍ਰਸ਼ਾਸਨ ਹਰਕਤ ਵਿੱਚ

ਜਲੰਧਰ ਛਾਉਣੀ, 14 ਜਨਵਰੀ (ਪੋਸਟ ਬਿਊਰੋ)- ਜਲੰਧਰ ਕੈਂਟ ਦੀ ਈਦਗਾਹ ਵਿੱਚਕਈ ਦਿਨਾਂ ਤੋਂ ਚੱਲ ਰਹੇ ਉਸਾਰੀ ਦੇ ਕੰਮ ਅਤੇ ਕੈਂਟ ਬੋਰਡ ਪ੍ਰਸ਼ਾਸਨ ਦੇ ਰਵੱਈਏ ਦੇ ਕਾਰਨ ਹਿੰਦੂ ਸੰਗਠਨਾਂ ਵਿੱਚ ਰੋਸ ਹੈ। ਮੰਗਲਵਾਰ ਨੂੰ ਹਿੰਦੂ ਸੰਗਠਨਾਂ ਨੇ ਵਿਰੋਧ ਵਿੱਚ ਦਸਖਤੀ ਮੁਹਿੰਮ ਚਲਾਈ। ਇਸ ਦੇ ਬਾਅਦ ਕੱਲ੍ਹ ਪੁਲਸ ਪ੍ਰਸ਼ਾਸਨ ਵੱਲੋਂ ਏ ਡੀ ਸੀ ਪੀ ਗੁਰਮੀਤ ਸਿੰਘ, ਏ ਡੀ ਸੀ ਪੀ ਨਰੇਸ਼ ਡੋਗਰਾ, ਏ ਸੀ ਪੀ ਮੇਜਰ ਸਿੰਘ ਅਤੇ ਤਹਿਸੀਲਦਾਰ ਨੇ ਮੌਕੇ ਦਾ ਜਾਇਜ਼ਾ ਲਿਆ।

ਇਸ ਮੌਕੇ ਭਾਜਪਾ ਦੇ ਸੀਨੀਅਰ ਨੇਤਾ ਰਾਮ ਅਵਤਾਰ ਅਗਰਵਾਲ, ਪੁਨੀਤ ਸ਼ੁਕਲਾ,ਅਸ਼ਵਨੀ ਗਰਗ, ਜਗਮੋਹਨ ਵਰਮਾ, ਕੈਂਟ ਮੰਡਲ ਦੇ ਪ੍ਰਧਾਨ ਸ਼ਿਵਦਰਸ਼ਨ ਅਤੇ ਹੋਰਨਾਂ ਨੇ ਪੁਲਸ ਅਧਿਕਾਰੀਆਂ ਨਾਲ ਚਰਚਾ ਕੀਤੀ। ਰਾਮ ਅਵਤਾਰ ਅਗਰਵਾਲ ਨੇ ਕਿਹਾ ਕਿ ਕੈਂਟ ਬੋਰਡ ਆਪਣਾ ਪੁਰਾਣਾ ਰਿਕ-ਾਰਡ ਦੇਖੇ ਅਤੇ ਜਾਂਚ ਕਰੇ ਕਿ ਕੀ ਸਟੇਸ਼ਨ ਈਦਗਾਹ ਵਿੱਚ ਅਸਲ ਵਿੱਚ ਕੋਈ ਢਾਂਚਾ ਸੀ, ਕੀ ਸਟੇਸ਼ਨ ਈਦਗਾਹ ਮਸਜਿਦ ਹੈ ਤੇ 1910 ਵਿੱਚ ਜਿਸ ਵਿਅਕਤੀ ਦੇ ਨਾਂਅ ਈਦਗਾਹ ਦੀ ਪ੍ਰਾਪਰਟੀ ਦੇ ਕਾਗਜ਼ਾਤ ਕੈਂਟ ਬੋਰਡ ਵਿੱਚ ਸਨ, ਕੀ ਉਸ ਵਿਅਕਤੀ ਨੇ ਮਰਨ ਤੋਂ ਪਹਿਲਾਂ ਕਿਸੇ ਹੋਰ ਵਿਅਕਤੀ ਦੇ ਨਾਮ ਦਰਜ ਕਰਨ ਬਾਰੇ ਕੋਈ ਪੱਤਰ ਲਿਖਿਆ ਸੀ। ਜੇ ਨਹੀਂ ਤਾਂ ਕੈਂਟ ਬੋਰਡ ਨੇ ਕਿਸ ਪੱਤਰ ਦੇ ਰਾਹੀਂ ਢਾਂਚੇ ਦਾ ਨਕਸ਼ਾ ਪਾਸ ਕੀਤਾ ਤੇ ਨਵੇਂ ਵਿਅਕਤੀ ਦੇ ਨਾਂਅ ਇੰਤਕਾਲ ਜਾਂ ਜਨਰਲ ਲੈਂਡ ਰਜਿਸਟਰ (ਜੀ ਐਲ ਆਰ) ਵਿੱਚ ਦਰਜ ਕੀਤਾ। ਅਧਿਕਾਰੀਆਂ ਨੇ ਹਿੰਦੂ ਸੰਗਠਨਾਂ ਨੂੰ ਭਰੋਸਾ ਦਿੱਤਾ ਕਿ ਉਹ ਇਸ ਸਬੰਧ ਵਿੱਚ ਡੀ ਸੀ ਨੂੰ ਜਾਂਚ ਰਿਪੋਰਟ ਸੌਂਪਣਗੇ।

ਸਾਰੇ ਹਿੰਦੂ ਸੰਗਠਨਾਂ ਅਤੇ ਭਾਜਪਾ ਨੇਤਾਵਾਂ ਨੇ ਕਿਹਾ ਕਿ ਸਾਡਾ ਕਿਸੇ ਮੁਸਲਮਾਨ ਭਰਾ ਨਾਲ ਕੋਈ ਝਗੜਾ ਨਹੀਂ। ਉਨ੍ਹਾਂ ਨੇ ਕਿਹਾ ਕਿ ਝਗੜਾ ਕੇਵਲ ਕੈਂਟ ਬੋਰਡ ਪ੍ਰਸ਼ਾਸਨ ਨਾਲ ਹੈ ਕਿ ਉਨ੍ਹਾਂ ਨੇ ਕਿਸ ਆਧਾਰ 'ਤੇ ਈਦਗਾਹ, ਜਿੱਥੇ ਖੇਤ ਹੁੰਦੇ ਸਨ, ਉਥੇ ਢਾਂਚਾ ਬਣਾਉਣ ਦੀ ਇਜਾਜ਼ਤ ਦੇ ਦਿੱਤੀ ਸੀ।

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2", ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜ਼ਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8", ਉਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'7", ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3", ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5", ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654













# ਸੈਂਡਲਵੁੱਡ ਸੀਨੀਅਰ ਕਲੱਬ ਦੇ ਮੈਂਬਰਾਂ ਵਲੋਂ ਭਾਰਤੀ ਕਿਸਾਨਾ ਦੇ ਸੰਘਰਸ਼ ਦਾ ਸਮਰਥਨ




ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ): ਬਰੈਂਪਟਨ ਦੇ ਸੈਂਡਲਵੁੱਡ ਸੀਨੀਅਰ ਕਲੱਬ ਵਲੋਂ ਭਾਰਤੀ ਕਿਸਾਨਾ ਦੇ ਅਪਣੀਆਂ ਮੰਗਾਂ ਮਨਵਾਉਣ ਲਈ ਦਿੱਲੀ ਵਿਖੇ ਚੱਲ ਰਹੇ ਸੰਘਰਸ਼ ਦਾ ਪੁਰਜ਼ੋਰ ਸਮਰਥਨ ਕੀਤਾ ਗਿਆ। ਕਲੱਬ ਦੇ ਪ੍ਰਧਾਨ ਸ: ਰਣਜੀਤ ਸਿੰਘ ਜੋਸਨ ਨੂੰ ਦੱਸਿਆ ਕਿ ਕਲੱਬ ਦੇ ਮੈਂਬਰ ਵੱਖ ਵੱਖ ਜਥੇਬੰਦੀਆਂ ਵਲੋਂ ਕੀਤੇ ਜਾ ਰਹੇ ਰੋਸ ਮੁਜ਼ਾਹਰਿਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਬੀਤ੍ਰੇ ਦਿਨੀ ਫਾਰਮਰਜ਼ ਸਪੋਰਟ ਕੋਔਰਡੀਨੇਸ਼ਨ ਕਮੇਟੀ ਦੇ ਸੱਦੇ ਤੇ ਵੱਡੇ ਕਾਰਪੋਰੇਟ ਘਰਾਣਿਆਂ, ਅਦਾਨੀ, ਅਭਾਨੀ, ਪਤੰਜਲੀ ਆਦਿ ਦੇ ਸਮਾਨ ਦੇ ਬਾਈਕਾਟ ਦੇ ਸੱਦੇ ਦਾ ਪ੍ਰਦਰਸ਼ਨ ਕਰਨ ਮੌਕੇ ਵੀ ਕਲੱਬ ਦੇ ਮੈਂਬਰ ਵੱਖ ਵੱਖ ਮੋੜਾਂ ਤੇ ਦੂਸਰੀਆਂ ਸੰਸਥਾਂਵਾਂ ਦੇ ਮੈਂਬਰਾਂ ਨਾਲ ਕੜਾਕੇ ਦੀ ਠੰਡ ਵਿਚ ਪਲੇਅਕਾਰਡ ਲਈ ਖੜ੍ਹੇ ਰਹੇ।

ਕਲੱਬ ਦੇ ਮੈਂਬਰਾਂ ਵਲੋਂ ਭਾਰਤ ਸਰਕਾਰ ਦੁਆਰਾ ਪਾਸ ਕੀਤੇ ਕਿਸਾਨ ਵਿਰੋਧੀ ਤਿੰਨੋ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦੀ ਕਿਸਾਨਾ ਦੀ ਮੰਗ ਪ੍ਰਤੀ ਅਪਣਾਏ ਜਾ ਰਹੇ ਸਰਕਾਰ ਦੇ ਹੱਠੀ ਰਵੱਈਏ ਦੀ ਨਿੰਦਾ ਕੀਤੀ ਗਈ। ਪ੍ਰਧਾਨ ਰਣਜੀਤ ਸਿੰਘ ਦਾ ਕਹਿਣਾ ਸੀ ਕਿ ਸਰਕਾਰ ਮੁਤਾਬਿਕ ਇਹ ਬਿਲ ਕਿਸਾਨਾ ਦੇ ਹਿੱਤ ਵਿਚ ਉਨ੍ਹਾਂ ਦੀ ਮਾਲੀ ਹਾਲਤ ਨੂੰ ਸੁਧਾਰਨ ਲਈ ਬਣਾਏ ਗਏ ਹਨ। ਕਿਸਾਨ ਅਪਣੀਆਂ ਕਿਨੀਆਂ ਹੀ ਮੀਟਿੰਗਾਂ ਵਿਚ ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਕਿਸਾਨੀ ਨੂੰ ਹੋਣ ਵਾਲੇ ਨੁਕਸਾਨ ਦੀ ਗੱਲ ਸਿੱਧ ਕਰ ਚੁੱਕੇ ਹਨ। ਜਦ ਜਿਨ੍ਹਾਂ ਦੀ ਭਲਾਈ ਲਈ ਬਣਾਏ ਦੱਸੇ ਜਾ ਰਹੇ ਹਨ, ਉਹ ਹੀ ਇਨ੍ਹਾਂ ਨੂੰ ਰੱਦ ਕਰਨ ਦੀ ਮੰਗ ਕਰਦੇ ਹਨ ਤਾਂ ਫਿਰ ਸਰਕਾਰ ਨੂੰ ਕਾਨੂੰਨ ਰੱਦ ਕਰਨ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਕਲੱਬ ਦੇ ਬਹੁਤ ਸਾਰੇ ਮੈਂਬਰ ਇਸ ਸੰਘਰਸ਼ ਵਿਚ ਅਪਣਾ ਬਣਦਾ ਯੋਗਦਾਨ ਪਾਉਣ ਲਈ ਇਨ੍ਹੀ ਦਿਨੀ ਭਾਰਤ ਵੀ ਜਾ ਰਹੇ ਹਨ।

ਰਣਜੀਤ ਸਿੰਘ ਤੋਂ ਇਲਾਵਾ ਕਲੱਬ ਦੀ ਕਾਰਜਕਰਨੀ ਵਿਚ ਮੀਤ ਪ੍ਰਧਾਨਸ: ਹਰਕੋਮਲ ਸਿੰਘ ਧਾਲੀਵਾਲ, ਜਨਰਲ ਸਕੱਤਰ ਅਵਿਨਾਸ਼ ਭਾਰਦਵਾਜ, ਜੋਇਟ ਸਕੱਤਰਸ: ਦਰਸ਼ਨ ਸਿੰਘ ਦਰਾੜ ਤੇ ਖਜ਼ਾਨਚੀ ਸ: ਮਹਿਮਾਂ ਸਿੰਘ ਧਾਲੀਵਾਲ ਸ਼ਾਮਿਲ ਹਨ। । ਕਲੱਬ ਬਾਰੇ ਹੋਰ ਜਾਣਕਾਰੀ ਲਈ ਪ੍ਰਧਾਨ ਰਣਜੀਤ ਸਿੰਘ ਜੋਸਨ (647 444 2005) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਓਨਟਾਰੀਓ ਨੇ ਐਮਰਜੰਸੀ ਚਾਈਲਡ ਕੇਅਰ ਦਾ ਕੀਤਾ ਪਸਾਰ

ਟੋਰਾਂਟੋ, 14 ਜਨਵਰੀ (ਪੋਸਟ ਬਿਊਰੋ) : ਆਉਣ ਵਾਲੇ ਦਿਨਾਂ ਵਿੱਚ ਓਨਟਾਰੀਓ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਦੂਰ ਦਰਾਜ ਤੋਂ ਹੀ ਸਕੂਲ ਅਟੈਂਡ ਕਰਨਾ ਹੋਵੇਗਾ ਤੇ ਇਸ ਦੌਰਾਨ ਆਰਸੀਐਮਪੀ ਆਫੀਸਰਜ਼, ਕਸਟੋਡੀਅਲ ਅਤੇ ਕਲੈਰੀਕਲ ਐਜੂਕੇਸ਼ਨ ਤੇ ਪੋਸਟਲ ਸਟਾਫ ਉਨ੍ਹਾਂ ਅਸੈਂਸ਼ੀਅਲ ਵਰਕਰਜ਼ ਦੀ ਸੂਚੀ ਵਿੱਚ ਸ਼ਾਮਲ ਹਨ ਜਿਨ੍ਹਾਂ ਨੂੰ ਫਰੀ ਚਾਈਲਡ ਕੇਅਰ ਹਾਸਲ ਹੋਵੇਗੀ। ਇਹ ਐਲਾਨ ਪ੍ਰੋਵਿੰਸ ਦੇ ਸਿੱਖਿਆ ਮੰਤਰੀ ਵੱਲੋਂ ਕੀਤਾ ਗਿਆ।

ਦੱਖਣੀ ਓਨਟਾਰੀਓ ਦੇ ਵਿਦਿਆਰਥੀਆਂ ਲਈ ਆਨਲਾਈਨ ਕਲਾਸਾਂ 25 ਜਨਵਰੀ ਤੱਕ ਵਧਾਏ ਜਾਣ ਤੋਂ ਕਈ ਦਿਨ ਬਾਅਦ ਸਟੀਫਨ ਲਿਚੇ ਨੇ ਵੀਕੈਂਡ ਉੱਤੇ ਇੱਕ ਨਿਊਜ਼ ਕਾਨਫਰੰਸ ਵਿੱਚ ਦੱਸਿਆ ਕਿ ਕੋਵਿਡ-19 ਦੇ ਮਾਮਲਿਆਂ ਵਿੱਚ ਹੋਏ ਵਾਧੇ ਦੇ ਮੱਦੇਨਜ਼ਰ ਅਸੈਂਸ਼ੀਅਲ ਵਰਕਰਜ਼ ਨੂੰ ਫੀਲਡ ਵਿੱਚ ਜਾ ਕੇ ਕੰਮ ਕਰਨਾ ਪੈਂਦਾ ਹੈ ਤੇ ਇਸ ਔਖੀ ਘੜੀ ਵਿੱਚ ਅਸੀਂ ਉਨ੍ਹਾਂ ਲਈ ਮੁਫਤ ਚਾਈਲਡਕੇਅਰ ਮੁਹੱਈਆ ਕਰਵਾਕੇ ਉਨ੍ਹਾਂ ਦਾ ਭਾਰ ਵੰਡਾਉਣਾ ਚਾਹੁੰਦੇ ਹਾਂ।

ਲਿਚੇ ਨੇ ਆਖਿਆ ਕਿ ਦੂਰ ਦਰਾਜ ਤੋਂ ਸਿੱਖਿਆ ਹਾਸਲ ਨਾ ਕਰਕੇ ਇਨ ਪਰਸਨ ਕਲਾਸਾਂ ਅਟੈਂਡ ਕਰਨ ਵਾਲੇ ਵਿਦਿਆਰਥੀਆਂ ਲਈ ਸਕੂਲ ਪਹੁੰਚਣ ਵਾਲੇ ਐਜੂਕੇਸ਼ਨ ਵਰਕਰਜ਼ ਲਈ ਚਾਈਲਡ ਕੇਅਰ ਹਾਸਲ ਹੋਵੇਗੀ। ਇਸ ਗਰੁੱਪ ਵਿੱਚ ਅਧਿਆਪਕ, ਐਡਮਨਿਸਟ੍ਰੇਟਰਜ਼ ਤੇ ਕਸਟੋਡੀਅਲ ਸਟਾਫ ਸ਼ਾਮਲ ਹੈ। ਆਰਸੀਐਮਪੀ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਅਤੇ ਕੈਨੇਡਾ ਪੋਸਟ ਦੇ ਮੁਲਾਜ਼ਮਾਂ ਨੂੰ ਵੀ ਚਾਈਲਡ ਕੇਅਰ ਲਈ ਇਸ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਹੋਰਨਾਂ ਅਸੈਂਸ਼ੀਅਲ ਵਰਕਰਜ਼ ਵਿੱਚ ਕੋਰਟ ਸਰਵਿਸਿਜ਼ ਸਟਾਫ, ਪਾਵਰ ਵਰਕਰਜ਼ ਤੇ ਬੇਘਰੇ ਲੋਕਾਂ ਨੂੰ ਸੇਵਾਵਾਂ ਮੁਹੱਈਆ ਕਰਵਾਉਣ ਵਾਲਿਆਂ ਦੇ ਨਾਲ ਨਾਲ ਹਿੰਸਾ ਦਾ ਸਾਹਮਣਾ ਕਰਨ ਵਾਲੀਆਂ ਮਹਿਲਾਂਵਾਂ ਨੂੰ ਸੇਵਾਵਾਂ ਦੇਣ ਵਾਲਿਆਂ ਨੂੰ ਵੀ ਇਸ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਵਿਕਟਮ ਸਰਵਿਸਿਜ਼, ਚਿਲਡਰਨ ਏਡ ਸੁਸਾਇਟੀਜ਼ ਅਤੇ ਡੈੱਫ ਤੇ ਡੈੱਫਬਲਾਈਂਡ ਸਰਵਿਸਿਜ਼ ਦੇਣ ਵਾਲੇ ਵਰਕਰਜ਼ ਨੂੰ ਵੀ ਇਸ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ।



ਇਸ ਸੂਚੀ ਵਿੱਚ ਹੇਠ ਲਿਖੇ ਅਸੈਸ਼ੀਅਲ ਵਰਕਰਜ਼ ਨੂੰ ਸ਼ਾਮਲ ਕੀਤਾ ਗਿਆ ਹੈ :

- ਚਿਲਡਰਨਜ਼ ਏਡ ਸੁਸਾਇਟੀ ਅਤੇ ਰੈਜ਼ੀਡੈਂਸ਼ੀਅਲ ਸਰਵਿਸਿਜ਼ ਵਿੱਚ ਫਰੰਟ ਲਾਈਨ ਸਟਾਫ
- ਡਿਵੈਲਪਮੈਂਟ ਸਰਵਿਸਿਜ਼, ਮਹਿਲਾਵਾਂ ਨਾਲ ਹੋਣ ਵਾਲੀ ਹਿੰਸਾ ਤੇ ਮਨੁੱਖੀ ਸਮਗਲਿੰਗ ਖਿਲਾਫ ਕੰਮ ਕਰਨ ਵਾਲੇ ਵਰਕਰਜ਼
- ਵਿਕਟਿਮ ਸਰਵਿਸਿਜ਼ ਵਿੱਚ ਕੰਮ ਕਰਨ ਵਾਲੇ ਵਿਅਕਤੀ
- ਡੈੱਫ ਤੇ ਡੈੱਫਬਲਾਈਂਡ ਲੋਕਾਂ ਲਈ ਸੇਵਾਵਾਂ ਦੇਣ ਵਾਲਿਆਂ ਨੂੰ
- ਹੋਮਲੈੱਸ ਸ਼ੈਲਟਰ ਤੇ ਹੋਮਲੈੱਸ ਲੋਕਾਂ ਨੂੰ ਸੇਵਾਵਾਂ ਮੁਹੱਈਆ ਕਰਵਾਉਣ ਵਾਲਿਆਂ ਨੂੰ
- ਫੂਡ ਤੇ ਬੈਵਰੇਜਿਜ਼ ਦੀ ਪ੍ਰੋਸੈਸਿੰਗ, ਮੈਨੁਫੈਕਚਰਿੰਗ ਜਾਂ ਵੰਡ ਲਈ ਕੰਮ ਕਰਨ ਵਾਲੇ ਫੂਡ ਸੇਫਟੀ ਇੰਸਪੈਕਟਰ ਤੇ ਵਿਅਕਤੀ
- ਪ੍ਰੋਵਿੰਸ਼ੀਅਲ ਕੋਰਟ ਸਰਵਿਸਿਜ਼ ਕਰਮਚਾਰੀ, ਇੰਡੀਜੀਨਸ ਕੋਰਟ ਵਰਕਰਜ਼
- ਰੇਡੀਏਸ਼ਨ ਪ੍ਰੋਟੈਕਸ਼ਨ ਸਰਵਿਸਿਜ਼ ਵਿੱਚ ਤਾਇਨਾਤ ਓਪੀਐਸ ਸਟਾਫ
- ਆਰਸੀਐਮਪੀ ਤੇ ਕੈਨੇਡਾ ਬਾਰਡਰ ਸਰਵਿਸਿਜ਼
- ਕੈਨੇਡਾ ਪੋਸਟ
- ਫਾਰਮਾ ਅਤੇ ਮੈਡੀਕਲ ਡਿਵਾਈਸ ਮੈਨੁਫੈਕਚਰਿੰਗ ਤੇ ਡਿਸਟ੍ਰੀਬਿਊਸ਼ਨ
- ਪਾਵਰ ਵਰਕਰਜ਼
- ਗੈਰ ਮਿਊਂਸੀਪਲ ਵਾਟਰ ਤੇ ਵੇਸਟਵਾਟਰ ਵਰਕਰਜ਼
- ਇਨ ਪਰਸਨ ਇੰਸਟ੍ਰਕਸ਼ਨ ਮੁਹੱਈਆ ਕਰਵਾਉਣ ਵਾਲਾ ਐਜੂਕੇਸ਼ਨ ਸਟਾਫ ਤੇ ਸਪੈਸ਼ਲ ਸਿੱਖਿਆ ਲੋੜਾਂ ਵਾਲੇ ਵਿਦਿਆਰਥੀਆਂ ਦੀ ਮਦਦ ਕਰਨ ਵਾਲੇ ਸਟਾਫ
- ਹੋਟਲ ਜਾਂ ਮੋਟਲ, ਜਿਨ੍ਹਾਂ ਨੂੰ ਆਈਸੋਲੇਸ਼ਨ ਸੈਂਟਰ, ਹੈਲਥ ਕੇਅਰ ਸੈਂਟਰ, ਵੈਕਸੀਨ ਕਲੀਨਿਕ ਜਾਂ ਹਾਊਸਿੰਗ ਅਸੈਂਸ਼ੀਅਲ ਵਰਕਰਜ਼ ਦੇ ਇੰਪਲੌਈ

# ਪੈਸੇ ਦੁੱਗਣੇ ਕਰਨ ਦੇ ਨਾਂਅ ਉਤੇ 10 ਲੱਖ ਰੁਪਏ ਦੀ ਠੱਗੀ ਮਾਰ ਲਈ

ਸਮਰਾਲਾ, 14 ਜਨਵਰੀ (ਪੋਸਟ ਬਿਊਰੋ)- ਪਿੰਡ ਸ਼ਾਮਗੜ੍ਹ ਦੀ ਵਿਧਵਾ ਔਰਤ ਨਾਲ ਤਿੰਨ ਸਾਲ ’ਚ ਪੈਸੇ ਦੁੱਗਣੇ ਕਰਨ ਦੇ ਨਾਂਅ ’ਤੇ 9 ਲੱਖ 57 ਹਜ਼ਾਰ ਰੁਪਏ ਦੀ ਠੱਗੀ ਮਾਰ ਲਈ ਗਈ ਹੈ। ਇਹ ਠੱਗੀ ਇੱਕ ਯੂਥ ਆਗੂ ਨੇ ਆਪਣੀ ਪਤਨੀ ਨਾਲ ਮਿਲ ਕੇ ਮਾਰੀ ਹੈ। ਦੋਸ਼ੀਆਂ ਖਿਲਾਫ ਕੇਸ ਦਰਜ ਕਰ ਕੇ ਪੁਲਸ ਭਾਲ ਕਰ ਰਹੀ ਹੈ।

ਸਮਰਾਲਾ ਪੁਲਸ ਵੱਲੋਂ ਦਰਜ ਕੇਸ ਮੁਤਾਬਕ ਸੰਦੀਪ ਕੌਰ ਪਤਨੀ ਮਰਹੂਮ ਰਛਪਾਲ ਸਿੰਘ ਪਿੰਡ ਸ਼ਾਮਗੜ੍ਹ ਨੇ ਐਸ ਐਸ ਪੀ ਖੰਨਾ ਨੂੰ ਲਿਖਤੀ ਸ਼ਿਕਾਇਤ ਦੇ ਕੇ ਦੋਸ਼ ਲਾਇਆ ਹੈ ਕਿ ਯੂਥ ਆਗੂ ਸਰਬਜੀਤ ਸਿੰਘ ਅਤੇ ਉਸ ਦੀ ਪਤਨੀ ਕਮਲਜੀਤ ਕੌਰ ਨੇ ਉਸ ਨੂੰ ਵਿਸ਼ਵਾਸ ਵਿੱਚ ਲੈ ਕੇ ਸਾਲ 2014 ਵਿੱਚ ਉਸ ਦਾ ਖਾਤਾ ਇੱਕ ਪ੍ਰਾਈਵੇਟ ਕੰਪਨੀ ਕਰਾਊਨ ਕਰੈਡਿਟ ਕੋਆਪਰੇਟਿਵ ਸੁਸਾਇਟੀ ਵਿੱਚ ਖੁੱਲ੍ਹਵਾ ਕੇ ਤਿੰਨ ਸਾਲ ਵਿੱਚ ਪੈਸਾ ਡਬਲ ਕਰਨ ਦਾ ਝਾਂਸਾ ਦਿੱਤਾ ਸੀ।ਸੰਦੀਪ ਕੌਰ ਨੇ ਦੱਸਿਆ ਕਿ ਉਸ ਨੇ ਆਪਣੀ ਰਕਮ, ਆਪਣੀ ਧੀ ਦੀ ਐਫ ਡੀ ਅਤੇ ਆਪਣੀ ਮਾਂ ਦੀ ਜਮ੍ਹਾਂ ਪੂੰਜੀ ਮਿਲਾ ਕੇ ਕੁੱਲ ਨੌਂ ਲੱਖ 57 ਹਜ਼ਾਰ ਰੁਪਏ ਦੇ ਦਿੱਤੇ। ਤਿੰਨ ਸਾਲ ਦੀ ਮਿਆਦ ਪੁੱਗਣ ’ਤੇ ਨਾ ਉਸ ਨੂੰ ਰਕਮ ਦੁੱਗਣੀ ਮਿਲੀ ਅਤੇ ਨਾ ਉਸ ਦੀ ਮੂਲ ਰਕਮ ਮਿਲੀ। ਇਸ ਦੌਰਾਨ ਸਰਬਜੀਤ ਸਿੰਘ ਤੇ ਕਮਲਜੀਤ ਨੇ ਉਸ ਨੂੰ ਬੋਗਸ ਚੈਕ ਵੀ ਦਿੱਤੇ ਸਨ। ਕੁਝ ਚੈਕ ਦੋਸ਼ੀ ਦੀ ਪਤਨੀ ਦੇ ਦਸਖਤ ਕਰਵਾ ਕੇ ਦਿੱਤੇ ਗਏ, ਪਰ ਸਾਰੇ ਚੈਕ ਜਾਅਲੀ ਸਨ। ਇਸ ’ਤੇ ਪੁਲਸ ਨੇ ਸਰਬਜੀਤ ਸਿੰਘ ਅਤੇ ਉਸ ਦੀ ਪਤਨੀ ’ਤੇ ਧੋਖਾਧੜੀ ਦੇ ਦੋਸ਼ ਅਧੀਨ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

**WAREHOUSE ORDER PICKER/PACKER / GENERAL HELP (PART TIME/FULL TIME)**
(For a Food distribution company in Scarborough)

**Job Description:**

- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, organize warehouse space, Pick, and load orders quickly and accurately and other duties as required.
- Arranging Cartons and Bags on the racks and inside the freezer.

**Requirements:**

- 1 position, Preferred Experience - 2-3 yrs. in food wholesale/distribution warehouse. Students/New Immigrants Welcome.
- Capable of lifting up to 50lbs
- Able to speak English
- Full time Shift- 11am to 7pm on weekdays. Part time also available.
- Hourly Rate - Order Picker - $17 to $19 , Packer/Helper-$16 to $18 depending upon experience.

Please send your resumes by email at siva@srimi.com or by fax at +1 647-351-7157 or
Call Ram at +1 647-831-9149 (Morning) or Siva at +1 416-666-8525 (Evening).

# ਸਾਬਕਾ ਕੌਮਾਂਤਰੀ ਵਿਦਿਆਰਥੀਆਂ ਲਈ ਕੈਨੇਡਾ ਸਰਕਾਰ ਵੱਲੋਂ ਓਪਨ ਵਰਕ ਪਰਮਿਟ ਦਾ ਐਲਾਨ

ਓਟਵਾ, 14 ਜਨਵਰੀ (ਪੋਸਟ ਬਿਊਰੋ) : ਚੁਣੌਤੀਆਂ ਭਰੇ ਸਮੇਂ ਵਿੱਚ ਸਾਬਕਾ ਕੌਮਾਂਤਰੀ ਵਿਦਿਆਰਥੀਆਂ ਦੀ ਮਦਦ ਲਈ ਕੈਨੇਡਾ ਸਰਕਾਰ ਵੱਲੋਂ ਓਪਨ ਵਰਕ ਪਰਮਿਟ ਦਾ ਐਲਾਨ ਕੀਤਾ ਗਿਆ ਹੈ।

ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਮੰਤਰੀ ਮਾਰਕੋ ਈ ਐਲ ਮੈਂਡਿਸੀਨੋ ਨੇ ਇਹ ਸਬੰਧ ਵਿੱਚ ਅੱਜ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਕੈਨੇਡਾ ਦੇ ਅਰਥਚਾਰੇ ਵਿੱਚ ਸਾਲਾਨਾ 21 ਬਿਲੀਅਨ ਡਾਲਰ ਦਾ ਯੋਗਦਾਨ ਪਾਇਆ ਜਾਂਦਾ ਹੈ।ਇਸ ਵਾਰੀ ਮਹਾਂਮਾਰੀ ਕਾਰਨ ਕੌਮਾਂਤਰੀ ਵਿਦਿਆਰਥੀਆਂ ਨੂੰ ਵੀ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਕਈ ਕੌਮਾਂਤਰੀ ਵਿਦਿਆਰਥੀ, ਜਿਨ੍ਹਾਂ ਕੋਲ ਪਸਟ ਗ੍ਰੈਜੁਏਸ਼ਨ ਵਰਕ ਪਰਮਿਟ (ਪੀਜੀਡਬਲਿਊਪੀ) ਹੈ, ਨੂੰ ਪਰਮਾਨੈਂਟ ਰੈਜ਼ੀਡੈਂਸ ਲਈ ਅਪਲਾਈ ਕਰਨ ਵਾਸਤੇ ਕੰਮ ਦਾ ਤਜਰਬਾ ਹਾਸਲ ਕਰਨ ਵਿੱਚ ਦਿੱਕਤ ਪੇਸ਼ ਆਈ।



ਮੈਂਡਿਸੀਨੋ ਵੱਲੋਂ ਕੀਤੇ ਗਏ ਐਲਾਨ ਅਨੁਸਾਰ ਮਹਾਂਮਾਰੀ ਕਾਰਨ ਕੈਨੇਡਾ ਵਿੱਚ ਪ੍ਰਭਾਵਿਤ ਹੋਏ ਵਿਦੇਸ਼ੀ ਨਾਗਰਿਕਾਂ, ਜਿਨ੍ਹਾਂ ਦਾ ਪੀਜੀਡਬਲਿਊਪੀ ਐਕਸਪਾਇਰ ਹੋ ਚੁੱਕਿਆ ਹੈ ਜਾਂ ਐਕਸਪਾਇਰ ਹੋਣ ਵਾਲਾ ਹੈ, ਉਨ੍ਹਾਂ ਨੂੰ ਇੱਕ ਹੋਰ ਓਪਨ ਵਰਕ ਪਰਮਿਟ ਲਈ ਅਪਲਾਈ ਕਰਨ ਦਾ ਮੌਕਾ ਦਿੱਤਾ ਜਾ ਰਿਹਾ ਹੈ। ਇਹ 18 ਮਹੀਨਿਆਂ ਲਈ ਵੈਲਿਡ ਰਹੇਗਾ ਤੇ ਇਸ ਨਾਲ ਸਾਬਕਾ ਕੌਮਾਂਤਰੀ ਵਿਦਿਆਰਥੀਆਂ ਨੂੰ ਕੈਨੇਡਾ ਰਹਿਣ ਦਾ ਮੌਕਾ ਮਿਲੇਗਾ, ਉਹ ਵੀ ਇੱਥੇ ਰੋਜ਼ਗਾਰ ਦੀ ਭਾਲ ਕਰ ਸਕਣਗੇ ਤੇ ਇਸ ਦੇਸ ਵਿੱਚ ਆਪਣਾ ਭਵਿੱਖ ਸੰਵਾਰ ਸਕਣਗੇ।

ਸਰਕਾਰ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਨੂੰ ਸਥਾਈ ਤੌਰ ਉੱਤੇ ਕੈਨੇਡਾ ਵਿੱਚ ਸੈਟਲ ਹੋਣ ਲਈ ਕਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਰਕਾਰ ਦਾ ਕਹਿਣਾ ਹੈ ਕਿ ਕੌਮਾਂਤਰੀ ਵਿਦਿਆਰਥੀਆਂ ਕਾਰਨ ਰੋਜਗਾਰ ਦੇ ਨਵੇਂ ਮੌਕੇ ਪੈਦਾ ਹੁੰਦੇ ਹਨ ਤੇ ਸਾਡੇ ਕਾਰੋਬਾਰ ਵੱਧਦੇ ਫੁੱਲਦੇ ਹਨ।

**ਨੈਨੀ ਦੀ ਲੋੜ**
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
**CLASSIFIEDS**
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202













jobs! jobs! jobs! jobs! jobs!

DUNDAS·JAFINE

**HELP WANTED**
**ਕਾਮਿਆਂ ਦੀ ਲੋੜ**
**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



# ਕੈਨੇਡਾ ਨੂੰ ਫਾਈਜ਼ਰ ਵੈਕਸੀਨ ਦੀਆਂ 20 ਮਿਲੀਅਨ ਹੋਰ ਡੋਜ਼ਾਂ ਹਾਸਲ ਹੋਣਗੀਆਂ

## ਗੈਰ ਜ਼ਰੂਰੀ ਆਵਾਜਾਈ ਲਈ 21 ਫਰਵਰੀ ਤੱਕ ਬਾਰਡਰ ਰਹੇਗਾ ਬੰਦ

ਓਟਵਾ, 14 ਜਨਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਨੇ ਕੋਵਿਡ-19 ਵੈਕਸੀਨ ਦੀਆਂ ਵਾਧੂ 20 ਮਿਲੀਅਨ ਡੋਜ਼ਾਂ ਹਾਸਲ ਕਰਨ ਲਈ ਫਾਈਜ਼ਰ ਨਾਲ ਡੀਲ ਸਿਰੇ ਚੜ੍ਹਾਈ ਹੈ।

ਅੱਜ ਸਵੇਰੇ ਓਟਵਾ ਵਿੱਚ ਆਪਣੇ ਘਰ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਇਸ ਤੋਂ ਭਾਵ ਹੈ ਕਿ ਇਸ ਸਾਲ ਕੈਨੇਡਾ ਨੂੰ ਫਾਈਜ਼ਰ ਤੇ ਮੌਡਰਨਾ ਦੀਆਂ 80 ਮਿਲੀਅਨ ਡੋਜ਼ਾਂ ਹਾਸਲ ਹੋਣਗੀਆਂ। ਟਰੂਡੋ ਨੇ ਦੱਸਿਆ ਕਿ ਇਹ ਵੈਕਸੀਨਜ਼ ਅਪਰੈਲ ਜਾਂ ਮਈ ਤੱਕ ਸਾਡੇ ਕੋਲ ਪਹੁੰਚ ਜਾਣਗੀਆਂ। ਉਨ੍ਹਾਂ ਅੱਗੇ ਆਖਿਆ ਕਿ ਫੈਡਰਲ ਸਰਕਾਰ ਨੇ ਪ੍ਰੋਵਿੰਸਾਂ ਤੋਂ ਇਹ ਪੁੱਛਿਆ ਹੈ ਕਿ ਉਨ੍ਹਾਂ ਨੂੰ ਫਰਵਰੀ ਦੇ ਅੰਤ ਤੱਕ ਹਰ ਹਫਤੇ ਕਿੰਨੀਆਂ ਡੋਜ਼ਾਂ ਚਾਹੀਦੀਆਂ ਹੋਣਗੀਆਂ। ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਕਿ ਵੰਡ ਲਈ ਬਿਹਤਰ ਯੋਜਨਾ ਉੱਤੇ ਕੰਮ ਕੀਤਾ ਜਾ ਸਕੇ।

ਇੱਕ ਕਿਆਫੇ ਮੁਤਾਬਕ ਜੂਨ ਦੇ ਅੰਤ ਤੱਕ ਅੱਧੇ ਤੋਂ ਵੱਧ ਦੇਸ਼ ਵਾਸੀਆਂ ਦਾ ਟੀਕਾਕਰਣ ਹੋ ਜਾਣ ਦੀ ਸੰਭਾਵਨਾ ਹੈ। ਟਰੂਡੋ ਨੇ ਇਹ ਵੀ ਆਖਿਆ ਕਿ 21 ਫਰਵਰੀ ਤੱਕ ਗੈਰ ਜ਼ਰੂਰੀ ਆਵਾਜਾਈ ਲਈ ਅਮਰੀਕਾ ਨਾਲ ਲੱਗਦਾ ਬਾਰਡਰ ਬੰਦ ਰਹੇਗਾ। ਪਿਛਲੇ ਹਫਤੇ ਮੇਜਰ ਜਨਰਲ ਡੈਨੀ ਫੋਰਟਿਨ ਨੇ ਆਖਿਆ ਸੀ ਕਿ ਕੈਨੇਡਾ ਨੂੰ ਮਾਰਚ ਦੇ ਅੰਤ ਤੱਕ ਫਾਈਜ਼ਰ ਤੇ ਮੌਡਰਨਾ ਵੈਕਸੀਨਜ਼ ਦੀਆਂ ਛੇ ਮਿਲੀਅਨ ਹੋਰ ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ।



ਫੋਰਟਿਨ ਵੱਲੋਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਸੀ ਕਿ ਮੌਡਰਨਾ ਦੀ ਵੈਕਸੀਨ ਹਰੇਕ ਤੀਜੇ ਹਫਤੇ ਪਹੁੰਚੇਗੀ ਜਦਕਿ ਫਾਈਜ਼ਰ ਦੀ ਵੈਕਸੀਨ ਦੀ ਖੇਪ ਹਰ ਹਫਤੇ ਪਹੁੰਚਣੀ ਜਾਰੀ ਰਹੇਗੀ।

# ਮਾਰਚ ਦੇ ਅੰਤ ਤੱਕ ਕੈਨੇਡਾ ਵਿਚਲੇ ਆਪਣੇ 300 ਸਟੋਰ ਬੰਦ ਕਰੇਗਾ ਸਟਾਰਬੱਕਸ




ਟੋਰਾਂਟੋ, 14 ਜਨਵਰੀ (ਪੋਸਟ ਬਿਊਰੋ) : ਸਟਾਰਬੱਕਸ ਦਾ ਕਹਿਣਾ ਹੈ ਕਿ ਉਹ ਕੈਨੇਡਾ ਭਰ ਵਿੱਚ ਆਪਣੇ 300 ਸਟੋਰ ਬੰਦ ਕਰਨ ਜਾ ਰਿਹਾ ਹੈ। ਇਹ ਕੰਮ ਮਾਰਚ ਦੇ ਅੰਤ ਤੱਕ ਮੁਕੰਮਲ ਕਰ ਲਿਆ ਜਾਵੇਗਾ।

ਸਿਆਟਲ ਸਥਿਤ ਕੌਫੀਹਾਊਸ ਤੇ ਰੋਸਟਰੀ ਚੇਨ ਨੇ ਆਪਣੀ ਪੰਜ ਸਾਲਾ ਰਣਨੀਤੀ ਦਾ ਪਿਛਲੇ ਸਾਲ ਐਲਾਨ ਕੀਤਾ ਸੀ। ਕੰਪਨੀ ਵੱਲੋਂ ਕੋਵਿਡ-19 ਮਹਾਂਮਾਰੀ ਕਾਰਨ ਕੰਜ਼ਿਊਮਰਜ਼ ਦੀਆਂ ਆਦਤਾਂ ਵਿੱਚ ਹੋਣ ਵਾਲੀਆਂ ਤਬਦੀਲੀਆਂ ਦੇ ਮੱਦੇਨਜ਼ਰ ਇਹ ਫੈਸਲਾ ਕੀਤਾ ਗਿਆ ਸੀ। ਮੰਗਲਵਾਰ ਨੂੰ ਇੱਕ ਬਿਆਨ ਵਿੱਚ ਕੰਪਨੀ ਨੇ ਆਖਿਆ ਕਿ ਉਸ ਦੀਆਂ ਕੁੱਝ ਲੋਕੇਸ਼ਨਾਂ ਪਿਛਲੇ ਸਾਲ ਦੇ ਅੰਤ ਵਿੱਚ ਬੰਦ ਹੋ ਗਈਆਂ ਸਨ ਤੇ ਯੋਜਨਾ ਮੁਤਾਬਕ ਬਾਕੀ ਦੇ ਸਟੋਰ ਦੂਜੀ ਤਿਮਾਹੀ ਦੇ ਅੰਤ ਤੱਕ ਬੰਦ ਹੋ ਜਾਣਗੇ।

ਇਨ੍ਹਾਂ ਸਟੋਰਜ਼ ਦੀ ਮੁੜ ਉਸਾਰੀ ਦੌਰਾਨ ਨਵੀਂਆਂ ਡਰਾਈਵ ਥਰੂ ਲੋਕੇਸ਼ਨਜ਼ ਤਿਆਰ ਕੀਤੀਆਂ ਜਾਣਗੀਆਂ, ਡਲਿਵਰੀ ਦਾ ਪਸਾਰ ਕੀਤਾ ਜਾਵੇਗਾ ਤੇ ਪਿੱਕ ਅੱਪ ਓਨਲੀ ਕਾਫੀ ਸ਼ਾਪਜ਼ ਤਿਆਰ ਕੀਤੀਆਂ ਜਾਣਗੀਆਂ। ਕੰਪਨੀ ਨੇ ਪਿੱਕ ਅੱਪ ਓਨਲੀ ਲੋਕੇਸ਼ਨਾਂ ਤਿਆਰ ਕਰਨ ਦਾ ਤਜਰਬਾ ਮਹਾਂਮਾਰੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਕੀਤਾ ਸੀ। ਇਸ ਨਵੇਂ ਫੌਰਮੈਟ ਉੱਤੇ ਆਧਾਰਿਤ ਪਹਿਲਾ ਕੈਨੇਡੀਅਨ ਸਟਾਰ ਬੱਕਸ ਸਟੋਰ ਟੋਰਾਂਟੋ ਦੇ ਫਾਇਨਾਂਸ਼ੀਅਲ ਡਿਸਟ੍ਰਿਕਟ ਵਿੱਚ ਪਿਛਲੇ ਸਾਲ ਜਨਵਰੀ ਵਿੱਚ ਲਾਂਚ ਕੀਤਾ ਗਿਆ ਸੀ।

ਇਸ ਤੋਂ ਪਹਿਲਾਂ ਕੰਪਨੀ ਨੇ ਆਖਿਆ ਸੀ ਕਿ ਉਹ ਅਗਲੇ ਦੋ ਸਾਲਾਂ ਦੇ ਅਰਸੇ ਵਿੱਚ ਕੈਨੇਡਾ ਵਿਚਲੀਆਂ ਆਪਣੀਆਂ 200 ਲੋਕੇਸ਼ਨਾਂ ਬੰਦ ਕਰੇਗੀ।

# ਫੈਡਰਲ ਸਰਕਾਰ ਵੱਲੋਂ ਮੌਡਰਨਾ ਤੋਂ 16 ਮਿਲੀਅਨ ਹੋਰ ਡੋਜ਼ਾਂ ਨਾ ਖਰੀਦਣ ਦਾ ਫੈਸਲਾ

ਓਟਵਾ, 14 ਜਨਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਨੇ ਮੌਡਰਨਾ ਤੋਂ 16 ਮਿਲੀਅਨ ਵਾਧੂ ਡੋਜ਼ਾਂ ਨਾ ਖਰੀਦਣ ਦਾ ਫੈਸਲਾ ਕੀਤਾ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਵੈਕਸੀਨ ਦੀ ਇਹ ਖੇਪ ਸ਼ਾਇਦ 2021 ਦੇ ਅੰਤ ਤੱਕ ਵੀ ਹਾਸਲ ਨਾ ਹੋਵੇ।

ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਦੇ ਆਫਿਸ ਵੱਲੋਂ ਆਖਿਆ ਗਿਆ ਹੈ ਕਿ ਵਾਧੂ ਡੋਜ਼ਾਂ ਨੂੰ ਸ਼ਾਮਲ ਕੀਤੇ ਜਾਣ ਨਾਲੋਂ ਉਨ੍ਹਾਂ ਵੱਲੋਂ ਇਸ ਗੱਲ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਕਿ ਮੌਡਰਨਾ ਆਪਣੀ ਮੌਜੂਦਾ ਡਲਿਵਰੀ ਸਮੇਂ ਸਿਰ ਕੈਨੇਡਾ ਨੂੰ ਕਰ ਦੇਵੇ। ਆਨੰਦ ਦੇ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਫੈਡਰਲ ਸਰਕਾਰ ਸਤੰਬਰ 2021 ਦੇ ਅੰਤ ਤੱਕ ਹਰੇਕ ਕੈਨੇਡੀਅਨ ਦਾ ਟੀਕਾਕਰਣ ਕਰਨ ਦਾ ਮੰਤਵ ਰੱਖਦੀ ਹੈ ਤੇ ਇਸ ਤਰ੍ਹਾਂ ਇਸ ਵੈਕਸੀਨ ਦੀ ਖੇਪ ਹਾਸਲ ਕਰਨ ਵਿੱਚ ਹੋ ਰਹੀ ਦੇਰ ਨਾਲ ਅਜਿਹਾ ਸੰਭਵ ਨਹੀਂ ਹੈ। ਮੰਤਰੀ ਦੇ ਆਫਿਸ ਅਨੁਸਾਰ 16 ਮਿਲੀਅਨ ਡੋਜ਼ਾਂ ਨਾ ਖਰੀਦਣ ਦਾ ਇਹ ਫੈਸਲਾ ਵੈਕਸੀਨ ਟਾਸਕ ਫੋਰਸ ਦੀ ਸਲਾਹ ਨਾਲ ਲਿਆ ਗਿਆ ਹੈ। ਜੇ ਲੋੜ ਪੈਂਦੀ ਹੈ ਤਾਂ ਕੈਨੇਡਾ ਅਜੇ ਵੀ ਮੌਡਰਨਾ ਨਾਲ ਵਾਧੂ ਡੋਜ਼ਾਂ ਹਾਸਲ ਕਰਨ ਲਈ ਮੁੜ ਗੱਲਬਾਤ ਕਰ ਸਕਦਾ ਹੈ। ਫਾਈਜ਼ਰ-ਬਾਇਓਐਨਟੈਕ ਤੋਂ ਇਲਾਵਾ ਹੈਲਥ ਕੈਨੇਡਾ ਵੱਲੋਂ ਮੌਡਰਨਾ ਦੀ ਕੋਵਿਡ-19 ਵੈਕਸੀਨ ਨੂੰ ਮਨਜ਼ੂਰੀ ਦਿੱਤੀ ਗਈ ਸੀ।

ਫੈਡਰਲ ਸਰਕਾਰ ਨੇ ਫਾਈਜ਼ਰ ਨਾਲ ਘੱਟ ਤੋਂ ਘੱਟ 20 ਮਿਲੀਅਨ ਡੋਜ਼ਾਂ ਦਾ ਮੁੱਢਲਾ ਕਾਂਟਰੈਕਟ ਕੀਤਾ ਸੀ ਤੇ ਕੁੱਲ 76 ਮਿਲੀਅਨ ਡੋਜ਼ਾਂ ਤੱਕ ਦੀ ਡੀਲ ਹੋਈ ਸੀ। ਮੌਡਰਨਾਂ ਨਾਲ ਕੈਨੇਡਾ ਵੱਲੋਂ 40 ਮਿਲੀਅਨ ਡੋਜ਼ਾਂ ਦੀ ਡੀਲ ਕੀਤੀ ਗਈ ਸੀ। ਇਸ ਦੇ ਨਾਲ ਹੀ ਕੈਨੇਡਾ 16 ਮਿਲੀਅਨ ਡੋਜ਼ਾਂ ਹੋਰ ਹਾਸਲ ਕਰ ਸਕਦਾ ਸੀ ਪਰ ਸਰਕਾਰ ਵੱਲੋਂ ਅਜਿਹਾ ਨਾ ਕਰਨ ਦਾ ਫੈਸਲਾ ਕੀਤਾ ਗਿਆ ਹੈ।

# ਡਾਕਟਰਾਂ ਨੇ ਫੋਰਡ ਸਰਕਾਰ ਨੂੰ ਐਮਰਜੈਂਸੀ ਪੇਡ ਸਿੱਕ ਲੀਵ ਪਲੈਨ ਲਾਗੂ ਕਰਨ ਦੀ ਕੀਤੀ ਸਿਫਾਰਿਸ਼

ਟੋਰਾਂਟੋ, 14 ਜਨਵਰੀ (ਪੋਸਟ ਬਿਊਰੋ): ਟੋਰਾਂਟੋ ਦੇ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਜਾਰੀ ਕੀਤੀ ਗਈ ਨਵੀਂ ਰਿਪੋਰਟ ਵਿੱਚ ਇਹ ਸਿਫਾਰਿਸ਼ ਕੀਤੀ ਗਈ ਹੈ ਕਿ ਪ੍ਰੋਵਿੰਸ ਮਹਾਂਮਾਰੀ ਦੌਰਾਨ 10 ਰੋਜ਼ਾ ਐਮਰਜੰਸੀ ਪੇਡ ਸਿੱਕ ਲੀਵ ਦਾ ਨਿਯਮ ਲਾਗੂ ਕਰੇ।

ਸਤੰਬਰ ਵਿੱਚ ਓਟਵਾ ਵੱਲੋਂ ਕੈਨੇਡਾ ਰਿਕਵਰੀ ਸਿੱਕਨੈੱਸ ਬੈਨੇਫਿਟ ਲਾਂਚ ਕੀਤਾ ਗਿਆ ਸੀ, ਜਿਸ ਤਹਿਤ ਦੋ ਹਫਤਿਆਂ ਤੱਕ 500 ਡਾਲਰ ਪ੍ਰਤੀ ਹਫਤਾ ਦੇਣ ਦੀ ਗੱਲ ਆਖੀ ਗਈ ਸੀ। ਪਰ ਰਿਪੋਰਟਾਂ ਵਿੱਚ ਪਾਇਆ ਗਿਆ ਕਿ ਇਸ ਬੈਨੇਫਿਟ ਦੀ ਵਰਤੋਂ ਕਰਨ ਦੇ ਚਾਹਵਾਨ ਵਰਕਰ ਨੂੰ ਇਸ ਤਹਿਤ ਲੋੜੀਂਦੀ ਜੌਬ ਸਕਿਊਰਿਟੀ ਮੁਹੱਈਆ ਨਹੀਂ ਕਰਵਾਈ ਜਾਂਦੀ। ਇੱਕ ਰਿਪੋਰਟ ਵਿੱਚ ਡਾ॰ ਐਲੀਨ ਡੀ ਵਿੱਲਾ ਨੇ ਆਖਿਆ ਕਿ ਵਰਕਰਜ਼, ਉਨ੍ਹਾਂ ਦੇ ਕੰਮ ਵਾਲੀਆਂ ਥਾਂਵਾਂ ਤੇ ਸਮੁੱਚੀ ਕਮਿਊਨਿਟੀ ਦੀ ਹਿਫਾਜ਼ਤ ਲਈ ਪੇਡ ਸਿੱਕ ਲੀਵ ਵਾਲਾ ਪ੍ਰਬੰਧ ਜ਼ਰੂਰੀ ਹੈ।



ਸਿਟੀ ਦਾ ਕਹਿਣਾ ਹੈ ਕਿ ਸਿਰਫ 42 ਫੀ ਸਦੀ ਕੰਮਕਾਜੀ ਕੈਨੇਡੀਅਨਜ਼ ਦੀ ਹੀ ਪਹੁੰਚ ਇਸ ਪੇਡ ਸਿੱਕ ਲੀਵ ਤੱਕ ਹੈ। ਲੋਅ ਵੇਜ ਤੇ ਫਰੰਟ ਲਾਈਨ ਵਰਕਰਜ਼ ਦਰਮਿਆਨ ਇਹ ਅੰਕੜਾ 10 ਫੀ ਸਦੀ ਤੋਂ ਵੀ ਘੱਟ ਹੈ। ਸਿਟੀ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਬਿਨਾਂ ਪੇਡ ਸਿੱਕ ਲੀਵ, ਖਾਸਤੌਰ ਉੱਤੇ ਲੋਅ ਵੇਜ, ਅਸੈਂਸ਼ੀਅਲ ਫਰੰਟਲਾਈਨ ਵਰਕਰਜ਼ ਨੂੰ ਬਿਮਾਰ ਹੁੰਦੇ ਸਮੇਂ ਵੀ ਕੰਮ ਕਰਨ ਦੇ ਬਾਵਜੂਦ ਵਿੱਤੀ ਦਬਾਅ ਝੱਲਣਾ ਪੈਂਦਾ ਹੈ। ਕੰਮ ਵਾਲੀ ਥਾਂ ਤੋਂ ਹੋਣ ਵਾਲੇ ਸੰਕ੍ਰਮਣ ਕਾਰਨ ਗੰਭੀਰ ਪਬਲਿਕ ਹੈਲਥ ਰਿਸਕ ਦੀ ਗੱਲ ਮੰਨਦਿਆਂ ਟੋਰਾਂਟੋ ਬੋਰਡ ਆਫ ਹੈਲਥ ਨੇ ਮਈ 2020 ਵਿੱਚ ਪ੍ਰੋਵਿੰਸ ਨੂੰ ਇਹ ਪ੍ਰੋਗਰਾਮ ਲਾਗੂ ਕਰਨ ਦੀ ਅਪੀਲ ਕੀਤੀ ਸੀ ਤਾਂ ਕਿ ਵਰਕਰਜ਼ ਨੂੰ ਪੇਡ ਸਿੱਕ ਲੀਵ ਹਾਸਲ ਹੋ ਸਕੇ। ਅਗਲੇ ਹਫਤੇ ਹੋਣ ਵਾਲੀ ਮੀਟਿੰਗ ਵਿੱਚ ਬੋਰਡ ਆਫ ਹੈਲਥ ਵੱਲੋਂ ਇਨ੍ਹਾਂ ਸਿਫਾਰਿਸ਼ਾਂ ਉੱਤੇ ਗੌਰ ਕਰਨ ਦੀ ਗੱਲ ਆਖੀ ਗਈ ਹੈ।

# 40 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਸੇਲ ਟੈਕਸ ਇੰਸਪੈਕਟਰ ਕਾਬੂ

ਫਰੀਦਕੋਟ, 14 ਜਨਵਰੀ (ਪੋਸਟ ਬਿਊਰੋ)- ਵਿਜੀਲੈਂਸ ਟੀਮ ਨੇ ਫਾਜ਼ਿਲਕਾ ਦੇ ਸੇਲ ਟੈਕਸ ਇੰਸਪੈਕਟਰ ਨੂੰ 40 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜ ਲਿਆ, ਪਰ ਦੂਸਰਾ ਦੋਸ਼ੀ ਈ ਟੀ ਓ ਫਰਾਰ ਹੋ ਗਿਆ ਹੈ।

ਐਸ ਐਸ ਪੀ ਵਿਜੀਲੈਂਸ ਪਰਮਜੀਤ ਸਿੰਘ ਵਿਰਕ ਨੇ ਦੱਸਿਆ ਕਿ ਦੀਪਕ ਗੋਇਲ ਨੇ ਵਿਜੀਲੈਂਸ ਡੀ ਐਸ ਪੀ ਮੋਗਾ ਕੇਵਲ ਕ੍ਰਿਸ਼ਨ ਨੂੰ ਸ਼ਿਕਾਇਤ ਕੀਤੀ ਸੀ ਕਿ ਉਸਦੇ ਪਿਤਾ ਅਸ਼ੋਕ ਕੁਮਾਰ ਦੀ ਫਰੀਦ ਇੰਟਰਪ੍ਰਾਈਜੇਜ਼ ਨਾਮ ਤੋਂ ਖਿਡੌਣੇ ਬਣਾਉਣ ਦੀ ਫੈਕਟਰੀ ਫਰੀਦਕੋਟ ਵਿੱਚ ਹੈ। ਬੀਤੀ 6 ਜਨਵਰੀ ਨੂੰ ਲੁਧਿਆਣੇ ਤੋਂ 45 ਕਵਿੰਟਲ ਪਲਾਸਿਟਕ-ਦਾਣਾ ਕੈਂਟਰ ਵਿੱਚ ਫਰੀਦਕੋਟ ਲਿਆਂਉਦੇ ਸਮੇਂ ਮੋਬਾਈਲ ਵਿੰਗ ਫਾਜਿਲਕਾ ਦੇ ਈ ਟੀ ਓ ਰਾਜੀਵ ਪੁਰੀ ਨੇ ਬਿੱਲ ਨਾ ਹੋਣ ਕਾਰਨ ਚਾਲਾਨ ਕੱਟ ਕੇ ਕੈਂਟਰ ਨੂੰ ਥਾਣਾ ਬਾਘਾਪੁਰਾਣਾ ਵਿੱਚ ਬੰਦ ਕਰਵਾ ਦਿੱਤਾ ਸੀ।ਚਾਲਾਨ ਉਤੇ ਲਿਖੇ ਈ ਟੀ ਓ ਦੇ ਨੰਬਰ ਉਤੇ ਫੋਨ ਕੀਤਾ ਤਾਂ ਬਿੱਲ ਦਿਖਾਉਣ ਲਈ 8 ਜਨਵਰੀ ਨੂੰ ਅਬੋਹਰ ਸੱਦਿਆ ਸੀ, ਪਰ ਉਥੇ ਜਾਣ ’ਤੇ ਉਸ ਨੂੰ ਗਿੱਦੜਬਾਹਾ ਦੇ ਇੱਕ ਢਾਬੇ ’ਤੇ ਵਿਕਾਸ ਕੁਮਾਰ ਇੰਸਪੈਕਟਰ ਕੋਲ ਭੇਜਿਆ ਗਿਆ, ਜਿੱਥੇ ਉਸਤੋਂ 4.5 ਲੱਖ ਰੁਪਏ ਦੇ ਮਾਲ ਉਤੇ 118 ਪ੍ਰਤੀਸ਼ਤ ਪੈਨਲਟੀ ਤੋਂ ਬਚਣ ਲਈ 80 ਹਜ਼ਾਰ ਰੁਪਏ ਰਿਸ਼ਵਤ ਮੰਗੀ ਗਈ ਤਾਂ 40 ਹਜ਼ਾਰ ਰੁਪਏ ਵਿੱਚ ਸੌਦਾ ਹੋ ਗਿਆ। ਇਸ ਦੇ ਬਾਅਦ ਟ੍ਰੈਪ ਲਾ ਕੇ ਵਿਕਾਸ ਕੁਮਾਰ ਨੂੰ 40 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਫੜਿ ਲਿਆ ਗਿਆ ਹੈ। ਐਸ ਐਸ ਪੀ ਨੇ ਦਸਿਆ ਕਿ ਵਿਕਾਸ ਕੁਮਾਰ ’ਤੇ ਥਾਣਾ ਵਿਜੀਲੈਂਸ ਫਿਰੋਜ਼ਪੁਰ ਵਿੱਚ ਕੇਸ ਦਰਜ ਕਰਨ ਪਿੱਛੋਂ ਈ ਟੀ ਓ ਰਾਜੀਵ ਪੁਰੀ ਦੀ ਗ੍ਰਿਫਤਾਰੀ ਦੀ ਕਾਰਵਾਈ ਤੇਜ਼ ਕਰ ਦਿੱਤੀ ਗਈ ਹੈ।

# ਦੁਨੀਆਂ ਦੀ ਸਭ ਤੋਂ ਵੱਡੀ ਤੀਸਰੇ ਸਥਾਨ ’ਤੇ ਭਾਰਤੀ ਸੈਨਾ



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ



ਭਾਰਤ ਦਾ ਸਭ ਤੋਂ ਲੰਬਾ ਸੈਨਿਕ ਇਤਿਹਾਸ ਹੈ, ਕਈ ਹਜ਼ਾਰ ਸਾਲ ਪਹਿਲਾਂ ਦਾ ਇਤਿਹਾਸ। ਤੀਰਅੰਦਾਜ਼ੀ ਬਾਰੇ ਕਲਾਸੀਕਲ ਤੇ ਆਮ ਤੌਰ ਤੇ ਮਾਰਸ਼ਲ ਆਰਟਸ ਨੂੰ ਧਨੁਰਵੇਦ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇੰਡੀਅਨ ਆਰਮੀ ਦੀ ਸ਼ੁਰੂਆਤ 1857 ਦੇ ਇੰਡੀਅਨ ਬਗਾਵਤ ਤੋਂ ਬਾਅਦ ਦੇ ਸਾਲਾਂ ਵਿੱਚ ਹੋਈ ਸੀ , ਜਦੋਂ 1858 ਵਿੱਚ ਤਾਜ ਨੇ ਬ੍ਰਿਟਿਸ਼ ਭਾਰਤ ਦਾ ਸਿੱਧਾ ਰਾਜ ਈਸਟ ਇੰਡੀਆ ਕੰਪਨੀ ਤੋਂ ਆਪਣੇ ਹੱਥ ਵਿੱਚ ਲੈ ਲਿਆ ਸੀ । 1858 ਤੋਂ ਪਹਿਲਾਂ, ਭਾਰਤੀ ਸੈਨਾ ਦੇ ਪੂਰਵਜ ਇਕਾਈਆਂ, ਕੰਪਨੀ ਦੁਆਰਾ ਨਿਯੰਤਰਿਤ ਇਕਾਈਆਂ ਸਨ, ਜਿਨ੍ਹਾਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਫੀਸ ਦਿੱਤੀ ਜਾਂਦੀ ਸੀ। ਉਨ੍ਹਾਂ ਨੇ ਬ੍ਰਿਟਿਸ਼ ਆਰਮੀ ਦੀਆਂ ਇਕਾਈਆਂ ਵੀ ਚਲਾਈਆਂ, ਉਨ੍ਹਾਂ ਨੂੰ ਲੰਡਨ ਵਿਚ ਬ੍ਰਿਟਿਸ਼ ਸਰਕਾਰ ਦੁਆਰਾ ਫੰਡ ਵੀ ਦਿੱਤੇ ਗਏ। ਸਭ ਤੋਂ ਪਹਿਲਾਂ ਬੰਗਾਲ ਦੇ ਮੁਸਲਮਾਨ ਮੁੱਖ ਤੌਰ ਤੇ ਈਸਟ ਇੰਡੀਆ ਕੰਪਨੀ ਦੀਆਂ ਫੌਜਾਂ ਵਿਚ ਭਰਤੀ ਕੀਤੇ ਗਏ ਸਨ, ਜਿਸ ਵਿਚ ਬੰਗਾਲ , ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਮੁਸਲਮਾਨ ਅਤੇ ਅਵਧ ਦੇ ਪੇਂਡੂ ਮੈਦਾਨ ਤੋਂ ਉੱਚ ਜਾਤੀ ਦੇ ਹਿੰਦੂ ਸ਼ਾਮਲ ਸਨ। ਇਹਨਾਂ ਵਿੱਚੋਂ ਬਹੁਤ ਸਾਰੀਆਂ ਫੌਜੀ ਪਾਰਟੀਆਂ ਨੇ ਭਾਰਤੀ ਬਗਾਵਤ ਵਿੱਚ ਹਿੱਸਾ ਲਿਆ, ਜਿਸਦਾ ਉਦੇਸ਼ ਮੁਗਲ ਸਮਰਾਟ ਬਹਾਦੁਰ ਸ਼ਾਹ ਜ਼ਫ਼ਰ ਨੂੰ ਉਸਦੇ ਗੱਦੀ ਤੇ ਮੁੜ ਸਥਾਪਤ ਕਰਨਾ ਸੀ। ਇਹ ਅੰਸ਼ਿਕ ਤੌਰ ਤੇ ਬ੍ਰਿਟਿਸ਼ ਅਧਿਕਾਰੀਆਂ ਦੇ ਸੰਵੇਦਨਸ਼ੀਲ ਵਿਵਹਾਰ ਕਾਰਨ ਹੋਇਆ ਸੀ।ਬਗਾਵਤ ਤੋਂ ਬਾਅਦ, ਸਿਪਾਹੀਆਂ ਦੀ ਭਰਤੀ ਵਿਚ ਤਬਦੀਲੀ ਆਈ , ਖ਼ਾਸਕਰ ਰਾਜਪੂਤਾਂ, ਸਿੱਖ, ਗੋਰਖਿਆਂ, ਪਸ਼ਤੂਨ, ਗੜਵਾਲੀਆਂ , ਅਹੀਰਾਂ, ਮੋਹਿਆਲ, ਡੋਗਰਾਂ, ਜਾਟਾਂ ਅਤੇ ਬਲੋਚੀਆਂ ਤੋਂ। ਅੰਗਰੇਜ਼ਾਂ ਦੁਆਰਾ ਇਨ੍ਹਾਂ ਜਾਤੀਆਂ ਨੂੰ "ਲੜਾਕੂ ਜਾਤੀਆਂ" ਕਿਹਾ ਜਾਂਦਾ ਸੀ। "ਇੰਡੀਅਨ ਆਰਮੀ" ਦੇ ਅਰਥ ਸਮੇਂ ਦੇ ਨਾਲ ਬਦਲ ਗਏ: 1858ਤੋਂ 1894 ਤੱਕ ਬੰਗਾਲ ਆਰਮੀ, ਮਦਰਾਸ ਆਰਮੀ ਅਤੇ ਬੰਬੇ ਆਰਮੀ।ਕਿਹਾ ਜਾਂਦਾ ਸੀ । 1895 ਤੋਂ 1902ਤੱਕ "ਭਾਰਤ ਸਰਕਾਰ ਦੀ ਫੌਜ" ਕਿਹਾ ਜਾਂਦਾ ਸੀ, ਜਿਸ ਵਿੱਚ ਬ੍ਰਿਟਿਸ਼ ਅਤੇ ਭਾਰਤੀ (ਸਿਪਾਹੀ) ਇਕਾਈਆਂ ਨੂੰ ਸ਼ਾਮਲ ਕੀਤਾ ਹੋਇਆ ਸੀ ।

• 1903 ਤੋਂ 1947 ਤੱਕ ਭਾਰਤ ਵਿਚ ਬ੍ਰਿਟਿਸ਼ ਆਰਮੀ ਜੋ ਬ੍ਰਿਟਿਸ਼ ਫੌਜੀ ਇਕਾਈਆਂ ਤੋਂ ਬਣੀ ਹੋਈ ਸੀ, ਜਿਸ ਲਈ ਬ੍ਰਿਟਿਸ਼ ਫੌਜੀਆਂ ਨੂੰ ਭਾਰਤ ਵਿਚ ਡਿਊਟੀ ਦੇ ਦੌਰੇ ਲਈ ਨਿਯੁਕਤ ਕੀਤਾ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਜਾਂ ਤਾਂ ਸੰਯੁਕਤ ਰਾਸ਼ਟਰ ਜਾਂ ਹੋਰ ਸਾਮਰ-ਾਜ ਵਾਪਸ ਭੇਜ ਦਿੱਤਾ ਗਿਆ ਸੀ।ਭਾਰਤ ਦੀ ਫੌਜ ਜਿਸ ਵਿਚ ਭਾਰਤੀ ਫੌਜ ਅਤੇ ਬ੍ਰਿਟਿਸ਼ ਫੌਜ ਦੋਵੇਂ ਸ਼ਾਮਲ ਸਨ।। 15 ਅਗਸਤ 1947 ਨੂੰ ਆਜ਼ਾਦੀ ਮਿਲਣ ਤੇ ਕੇ।ਐਮ। ਕਰੀਅੱਪਾ ਅਤੇ ਕੇ।ਐੱਸ। ਰਾਜਿੰਦਰ ਸਿੰਘ ਜੀ ਨੂੰ ਬ੍ਰਿਗੇਡੀਅਰ ਤੋਂ ਮੇਜਰ-ਜਨਰਲ ਦੇ ਅਹੁਦੇ ਲਈ ਤਰੱਕੀ ਦਿੱਤੀ ਗਈ; ਉਸ ਸਮੇਂ 12 ਹੋਰ ਭਾਰਤੀ ਅਧਿਕਾਰੀਆਂ ਨੇ ਬ੍ਰਿਗੇਡੀਅਰ ਦਾ ਅਹੁਦਾ ਸੰਭਾਲਿਆ ਸੀ। 1947 ਦੇ ਅੰਤ ਤੱਕ, ਕੁਲ 13 ਭਾਰਤੀ ਮੇਜਰ-ਜਰਨੈਲ ਅਤੇ 30 ਭਾਰਤੀ ਬ੍ਰਿਗੇਡੀਅਰ ਸਨ, ਤਿੰਨੋਂ ਫੌਜ ਦੀਆਂ ਕਮਾਂਡਾਂ ਦੀ ਅਗਵਾਈ ਅਕਤੂਬਰ 1948 ਤੱਕ ਭਾਰਤੀ ਅਧਿਕਾਰੀਆਂ ਦੁਆਰਾ ਕੀਤੀ ਗਈ ਸੀ, ਜਿਸ ਸਮੇਂ ਕੇਵਲ 260 ਬ੍ਰਿਟਿਸ਼ ਅਧਿਕਾਰੀ ਸਲਾਹਕਾਰ ਵਜੋਂ ਨਵੀਂ ਭਾਰਤੀ ਫੌਜ ਵਿੱਚ ਰਹੇ। ਜਾਂ ਕੁਝ ਤਕਨੀਕੀ ਯੋਗਤਾਵਾਂ ਦੀ ਜਰੂਰੀ ਪੋਸਟਾਂ ਵਿਚ।21॥ ਅਪ੍ਰੈਲ 1948 ਤੋਂ, ਵਾਈਸਰਾਇ ਦੇ ਸਾਬਕਾ ਕਮਿਸ਼ਨਡ ਅਫਸਰਾਂ (ਵੀ।ਸੀ।ਓ।) ਨੂੰ ਮੁੜ ਜੂਨੀਅਰ ਕਮਿਸ਼ਨਡ ਅਫਸਰ (ਜੇ।ਸੀ।ਓ।) ਨਾਮਜ਼ਦ ਕੀਤਾ ਗਿਆ, ਕਿੰਗਜ਼ ਕਮਿਸ਼ਨਡਡ ਭਾਰਤੀ ਅਧਿਕਾਰੀਆਂ (ਕੇ।ਸੀ।ਆਈ।ਓ।) ਅਤੇ ਭਾਰਤੀ ਕਮਿਸ਼ਨਡ ਅਫਸਰਾਂ (ਆਈ।ਸੀ।ਓ।) ਵਿਚਲੇ ਅੰਤਰ ਨੂੰ ਖ਼ਤਮ ਕਰ ਦਿੱਤਾ ਗਿਆ ਅਤੇ ਭਾਰਤੀ ਹੋਰ ਅਹੁਦਿਆਂ ਨੂੰ ਦੁਬਾਰਾ ਬਣਾਇਆ ਗਿਆ -

ਇਸ ਸਮੇਂ ਦੌਰਾਨ, ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਕਈ ਮਹੱਤਵਪੂਰਨ ਫੌਜੀ ਕਾਰਵਾਈਆਂ ਵਿੱਚ ਸ਼ਾਮਲ ਸਨ, ਖ਼ਾਸਕਰ 1947 ਦੀ ਹਿੰਦ-ਪਾਕਿ ਜੰਗ ਅਤੇ ਆਪ੍ਰੇਸ਼ਨ ਪੋਲੋ, ਸਤੰਬਰ 1948 ਵਿੱਚ ਇੱਕ ਫੌਜੀ ਕਾਰਵਾਈ ਦਾ ਕੋਡ ਨਾਮ ਸੀ, ਜਿਥੇ ਭਾਰਤੀ ਹਥਿਆਰਬੰਦ ਸੈਨਾਵਾਂ ਨੇ ਰਾਜ ਉੱਤੇ ਹਮਲਾ ਕੀਤਾ ਸੀ। ਹੈਦਰਾਬਾਦ ਅਤੇ ਇਸ ਦੇ ਨਿਜ਼ਾਮ ਦਾ ਤਖਤਾ ਪਲਟਿਆ, ਜਿਸ ਨੂੰ ਰਾਜ ਨੇ ਭਾਰਤੀ ਸੰਘ ਵਿੱਚ ਸ਼ਾਮਲ ਕਰ ਲਿਆ। 15 ਜਨਵਰੀ 1949 ਨੂੰ, ਜਨਰਲ ਕੇ ਐਮ ਕਰੀਅੱਪਾ ਨੂੰ ਭਾਰਤੀ ਸੈਨਾ ਦਾ ਪਹਿਲਾ ਕਮਾਂਡਰ-ਇਨ-ਚੀਫ਼ ਨਿਯੁਕਤ ਕੀਤਾ ਗਿਆ ਸੀ। ਜਿਸ ਕਰਕੇ ਹੁਣ ਹਰ ਸਾਲ 15 ਜਨਵਰੀ ਨੂੰ ਸੈਨਾ ਦਿਵਸ ਦੇ ਤੌਰ ਮਨਾਇਆ ਜਾਂਦਾ ਹੈ ।



# ਫੈਲਣ ਤੋਂ ਰੋਕੋ।
# ਕੋਵਿਡ-19
# ਜਾਨਲੇਵਾ ਹੋ ਸਕਦੀ ਹੈ।
# ਘਰ ਵਿੱਚ ਰਹੋ।
# ਜੀਵਨ ਬਚਾਓ।



ontario.ca/coronavirus'ਤੇ ਜਾਓ
ਓਂਟਾਰੀਓ ਸਰਕਾਰ ਦੁਆਰਾ ਜਾਰੀ

Ontario